# ਸੁਰ ਸਿਮਰਨ ਸੰਗੀਤ

## ਭਾਗ ਦੂਜਾ



ਸੰਤ ਸਰਵਣ ਸਿੰਘ 'ਗੰਧਰਵ'

# ਸੁਰ ਸਿਮਰਨ ਸੰਗੀਤ

[ਭਾਗ ਦੂਜਾ]

ਸੰਤ ਸਰਵਣ ਸਿੰਘ 'ਗੰਧਰਵ'

ਸਿੰਘ ਬ੍ਰਦਰਜ਼
ਅੰਮ੍ਰਿਤਸਰ

SUR SIMRAN SANGEET—PART II

by

SANT SARWAN SINGH 'GANDHARV'

© ਸਭ ਹੱਕ ਰਾਖਵੇਂ ਹਨ।

ISBN 81-7205-358-4 (Vol. II)
ISBN 81-7205-364-9 (Set)

*ਸਿੰਘ ਬ੍ਰਦਰਜ਼ ਵੱਲੋਂ*
ਪਹਿਲੀ ਵਾਰ ਜਨਵਰੀ 2006

**ਮੁੱਲ : 140-00 ਰੁਪਏ**

*ਪ੍ਰਕਾਸ਼ਕ :*
ਸਿੰਘ ਬ੍ਰਦਰਜ਼

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

*E-mail :* singhbro@vsnl.com
*Website :* www.singhbrothers.com

*ਛਾਪਕ :*
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

## *ਸਮਰਪਣ*

**ਬ੍ਰਹਮ ਗਿਆਨੀ ਸੰਤ ਬਾਬਾ ਦਲੀਪ ਸਿੰਘ ਜੀ**

ਅਤੇ

**ਬ੍ਰਹਮ ਗਿਆਨੀ ਸੰਤ ਬਾਬਾ ਜਵਾਲਾ ਸਿੰਘ ਜੀ 'ਹਰਖੋਵਾਲ'**

ਵਾਲਿਆਂ ਦੇ ਚਰਨਾਂ ਵਿਚ

ਜਿਨ੍ਹਾਂ ਨੇ ਦਾਸ ਨੂੰ

*ਸੁਰ ਸਿਮਰਨ ਸੰਗੀਤ*

ਲਿਖਣ ਦੇ ਕਾਬਲ ਬਣਾਇਆ!

# ਤਤਕਰਾ


ਦੋ ਸ਼ਬਦ —ਸ: ਬਿਅੰਤ ਸਿੰਘ ਸਰਹੱਦੀ 11

*Introduction* —J.S. Bright 15

- ਕ੍ਰਿਸ਼ਨਾ ਅਵਤਾਰ ਜਾਂ ਮੀਰੀ-ਪੀਰੀ 23
- ਧਰਮ ਕਿਸ ਨੂੰ ਕਹਿੰਦੇ ਹਨ 43
- ਰਾਗ ਦੇ ਨਿਯਮਾਂ 'ਤੇ ਵਿਚਾਰ 57
  - —ਵਾਦੀ 57
  - —ਸੰਵਾਦੀ, ਅਨੁਵਾਦੀ, ਵਿਵਾਦੀ 58
  - —ਅਲਪਤੱਵ ਅਤੇ ਬਹੁਤੱਵ 59
  - —ਜਨਕ ਰਾਗ 63
  - —ਜਨਯ ਰਾਗ 64
  - —ਰਾਗਾਂ ਦੇ ਗਾਉਣ ਦਾ ਸਮਾਂ 64
  - —ਪੂਰਵਾਂਗ ਤੇ ਉਤਰਾਂਗ 64
  - —ਪੂਰਵ ਰਾਗ ਤੇ ਉਤਰ ਰਾਗ 64
  - —ਅਪਵਾਦ 65
  - —ਸੰਧੀ ਪ੍ਰਕਾਸ਼ ਰਾਗ, ਰੇ, ਧ ਸ਼ੁਧ ਸੁਰਾਂ ਵਾਲੇ ਰਾਗ 66
  - —ਗੁ ਅਤੇ ਨੀ ਕੋਮਲ ਸੁਰਾਂ ਵਾਲੇ ਰਾਗ 67
- ਅੱਧਵ-ਦਰਸ਼ਕ ਸੁਰ 68
  - —ਪਰਮੇਲ-ਪਰਵੇਸ਼ਕ ਰਾਗ 69
  - —ਪਕੜ, ਵਰਜਿਤ ਸੁਰ, ਵਕਰ ਸੁਰ 70
- ਆਸ਼ਰਿਅ ਰਾਗ 71
- 10 ਥਾਟਾਂ ਦੇ ਨਾਮ ਅਤੇ ਸੁਰ ਅਤੇ ਉਹਨਾਂ ਤੋਂ ਉਤਪੰਨ ਹੋਏ 10 ਰਾਗਾਂ ਦੇ ਨਾਮ ਅਤੇ ਸੁਰ 72
- ਸਥਾਈ ਤੇ ਅੰਤਰਾ ਕਿਸਨੂੰ ਕਹਿੰਦੇ ਹਨ 73
  - —ਆਲਾਪ—ਸਥਾਈ, ਅੰਤਰਾ, ਸੰਚਾਰੀ ਤੇ ਅਭੋਗ 73
  - —ਮੰਦਰ ਤੇ ਤਾਰ 74
- ਜਾਤੀਆਂ ਤੇ ਉਪ-ਜਾਤੀਆਂ 76

- ਗ੍ਰਹਿ, ਨਿਆਸ, ਅਪਨਿਆਸ, ਸੰਨਿਆਸ ਤੇ ਵਿਨਿਆਸ 78
  ਅੰਸ਼ 80
- ਮਾਤਰੇ ਬਾਰੇ ਵਿਚਾਰ 88
  —ਤਾਲ ਕਿਵੇਂ ਬਣਦੇ ਹਨ ? 89
  —ਲੈਅ ਕੀ ਹੈ ? 89
- ਲੈਅਕਾਰੀਆਂ 92
  —ਠਾਹ ਲੈਅ 93
  —ਦੁਗੁਣ 94
  —ਤਿਗੁਣ 95
  —ਚੌਗੁਣ 96
  —ਛੇ-ਗੁਣ 97
  —ਅੱਠ ਗੁਣ 98
  —ਆੜੀ ਲੈਅ 99
  —ਢਾਈ ਗੁਣ 100
  —ਕੁਆੜ ਲੈਅ 102
  —ਪੌਣ ਗੁਣ 104
  —ਕੁਆੜ ਲੈਅ ਤੇ ਮਤਭੇਦ 105
  —ਸਵਾ ਗੁਣ ਦੀ ਉਲਟੀ 106
  —ਪੌਣ ਗੁਣ ਦੀ ਉਲਟੀ 107
  —ਆੜ ਦੀ ਉਲਟੀ 108
  —ਬਿਆੜ ਲੈਅ 109
  —ਪੌਣੇ ਦੋ ਗੁਣ ਦੀ ਉਲਟੀ 110
- ਆਸਾ ਦੇ ਮੁੱਢ ਦੀ ਖੋਜ 111
- ਰਾਗ ਆਸਾ 116
- ਸਾਧਾਰਣ ਆਸਾ ਦੀ ਵਾਰ ਦੀ ਸੁਰ ਲਿਪੀ 120
- ਸਲੋਕ ਬਾਰੇ ਵਿਚਾਰ 132
- ਰਾਗ ਆਸਾ ਵਿਚ 12 ਛੱਕੇ ਤੇ ਸਲੋਕ 136
- ਰਾਗ ਭੈਰਵ ਵਿਚ 4 ਛੱਕੇ ਤੇ ਸਲੋਕ 172
- ਰਾਗ ਸਿੰਧੜਾ ਵਿਚ 4 ਛੱਕੇ ਤੇ ਸਲੋਕ 188
- ਰਾਗ ਭੈਰਵੀ ਵਿਚ 4 ਛੱਕੇ ਤੇ ਸਲੋਕ 199
- ਪਉੜੀ॥ ਵਡੀ ਹੂ ਵਡਾ ਅਪਾਰੁ ਤੇਰਾ ਮਰਤਬਾ 213
- ਅਨੰਦੁ ਸਾਹਿਬ ਦੀਆਂ ਪੰਜ ਪਉੜੀਆਂ ਸੁਰ ਲਿਪੀ ਸਹਿਤ 214
- ਸਲੋਕੁ॥ ਪਵਣੁ ਗੁਰੂ ਪਾਣੀ ਪਿਤਾ 218

• ਸ਼ਬਦ : 219
—ਜਉ ਸੁਪ੍ਰਸੰਨ ਹੋਇਓ ਪ੍ਰਭੁ ਮੇਰਾ 219
—ਦੁਇ ਦੁਇ ਲੋਚਨ ਪੇਖਾ 220
—ਓਹਾ ਪ੍ਰੇਮ ਪਿਰੀ 221
—ਗੁਰਹਿ ਦਿਖਾਇਓ ਲੋਇਨਾ 221
—ਦੁਧ ਬਿਨੁ ਧੇਨੁ ਪੰਖ ਬਿਨੁ ਪੰਖੀ 222
—ਹਰਿ ਹਰਿ ਬੂੰਦ ਭਏ ਹਰਿ ਸੁਆਮੀ 223
—ਉਕਤਿ ਸਿਆਨਪ ਕਿਛੂ ਨ ਜਾਨਾ 224
—ਦੂਖ ਘਨੋ ਜਬ ਹੋਤੇ ਦੂਰਿ 225
—ਆਪਿ ਕਰੇ ਸਚੁ ਅਲਖ ਅਪਾਰੁ 226
—ਜਿਸ ਕਾ ਸਭੁ ਕਿਛੁ ਤਿਸ ਕਾ ਹੋਇ 226
—ਮਨੁ ਮੋਤੀ ਜੇ ਗਹਣਾ ਹੋਵੈ 227
—ਫਰੀਦਾ ਜਿਨ੍ਹੀ ਕੰਮੀ ਨਾਹਿ 227
—ਸਤਿਗੁਰ ਬਚਨ ਤੁਮ੍ਹਾਰੇ 228
—ਕਬੀਰ ਸੂਤਾ ਕਿਆ ਕਰਹਿ 228
—ਨਉ ਨਿਧਿ ਤੇਰੈ ਸਗਲ ਨਿਧਾਨ 229
—ਹਰਿ ਸੇਵਾ ਮਹਿ ਪਰਮ ਨਿਧਾਨੁ 229
—ਸੰਤਾ ਕੀ ਹੋਇ ਦਾਸਰੀ 230
—ਮੋਤੀ ਤ ਮੰਦਰ ਊਸਰਹਿ 232
—ਗੋਬਿੰਦੁ ਗੁਣੀ ਨਿਧਾਨੁ ਗੁਰਮੁਖਿ ਜਾਣੀਐ 233
—ਕੋਇ ਨ ਕਿਸ ਹੀ ਸੰਗਿ ਕਾਹੇ ਗਰਬੀਐ 234
—ਬਿਰਥਾ ਕਹਉ ਕਉਨ ਸਿਉ ਮਨ ਕੀ 235
—ਰੇ ਮਨ ਓਟ ਲੇਹੁ ਹਰਿ ਨਾਮਾ 235
—ਭਈ ਪਰਾਪਤਿ ਮਾਨੁਖ ਦੇਹੁਰੀਆ 236
—ਸਤਿਗੁਰ ਵਿਚਿ ਵਡੀ ਵਡਿਆਈ 237
—ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ 238
—ਤੁਝ ਬਿਨੁ ਕਵਨੁ ਹਮਾਰਾ 239
—ਤੂ ਚਉ ਸਜਣ ਮੈਡਿਆ 240
—ਕੋਟਿ ਕੋਟੀ ਮੇਰੀ ਆਰਜਾ 241
—ਪਾਤੀ ਤੋਰੈ ਮਾਲਿਨੀ 243

—ਅੰਤਰਿ ਮੈਲੁ ਜੇ ਤੀਰਥ ਨਾਵੈ 245
—ਦਾਤਾ ਓਹੁ ਨ ਮੰਗੀਐ 246
—ਆਨੀਲੇ ਕੁੰਭ ਭਰਾਈਲੇ ਊਦਕ 247
—ਗੰਗਾ ਕੈ ਸੰਗਿ ਸਲਿਤਾ ਬਿਗਰੀ 248
—ਮਾਈ ਚਰਨ ਗੁਰ ਮੀਠੇ 249
—ਸੰਤਨ ਪਹਿ ਆਪਿ ਉਧਾਰਨ ਆਇਓ 250
—ਹਰਿ ਮਨਿ ਤਨਿ ਵਸਿਆ ਸੋਈ 251
- ਰਾਗਾਂ ਦਾ ਸਰਲ ਪ੍ਰੀਚੈ 252
- ਸਵੈ-ਵਿਚਾਰ 253
- ਫੁਟਕਲ ਨੋਟ 254

# ਦੋ ਸ਼ਬਦ

ਸੰਤ ਸਰਵਣ ਸਿੰਘ 'ਗੰਧਰਵ' ਪੰਥ ਦੇ ਬੜੇ ਪ੍ਰਸਿੱਧ ਤੇ ਸਤਿਕਾਰਯੋਗ ਮਹਾਂਪੁਰਸ਼ ਅਤੇ ਸੰਗੀਤ ਆਚਾਰੀਆ ਹਨ, ਜਿਹਨਾਂ ਦੇ ਕੀਰਤਨ ਨਾਲ ਲੱਖਾਂ ਆਤਮਾਵਾਂ ਅਗੰਮੀ ਅਨੰਦ ਪ੍ਰਾਪਤ ਕਰ ਚੁੱਕੀਆਂ ਹਨ। ਸ: ਸੇਵਕ ਸਿੰਘ ਵੱਲੋਂ ਉਨ੍ਹਾਂ ਦੀ ਵਿਦੇਸ਼ ਯਾਤਰਾ ਦਾ ਜੋ ਸਫ਼ਰਨਾਮਾ ਲਿਖਿਆ ਗਿਆ ਹੈ, ਉਹ ਵੀ ਅਤੇ *ਸੁਰ ਸਿਮਰਨ ਸੰਗੀਤ* ਦਾ ਪਹਿਲਾ ਤੇ ਦੂਸਰਾ ਭਾਗ ਇਹ ਦੋਨੋਂ ਪੁਸਤਕਾਂ ਦਾਸ ਨੇ ਪੜ੍ਹੀਆਂ ਹਨ। ਮਹਾਂਪੁਰਸ਼ਾਂ ਨੇ ਸੰਤ ਬਾਬਾ ਦਲੀਪ ਸਿੰਘ ਜੀ ਦੀ ਕਿਰਪਾ ਨਾਲ ਸੰਗੀਤ ਦੀ ਜੋ ਦਾਤ ਪ੍ਰਾਪਤ ਕੀਤੀ ਹੈ, ਨਾ ਕੇਵਲ ਉਸ ਨੂੰ ਸੰਸਾਰ-ਵਾਸੀਆਂ ਵਿਚ ਵੰਡ ਰਹੇ ਹਨ, ਸਗੋਂ ਆਪ ਪੂਰੀ ਤਰ੍ਹਾਂ ਨਾਲ ਉਸ ਵਿਚ ਇਕ-ਮਿਕ ਹੋਏ ਹਨ। ਸਤਿਗੁਰੂ ਨਾਨਕ ਦੇਵ ਜੀ ਨੇ ਕੀਰਤਨ ਦੁਆਰਾ ਹੀ ਸੰਸਾਰ-ਵਾਸੀਆਂ ਨੂੰ ਸੱਚ ਦਾ ਮਾਰਗ ਦੱਸਿਆ ਅਥਵਾ ਸੱਚ ਦਾ ਉਪਦੇਸ਼ ਦਿੱਤਾ। ਬਾਣੀ ਨੇ ਕੀਰਤਨ ਨੂੰ ਨਿਰਮੋਲਕ ਹੀਰਾ ਕਿਹਾ ਹੈ। ਇਕ ਵਿਦਵਾਨ ਨੇ ਕਿਹਾ ਹੈ ਕਿ ਕੀਰਤਨ ਦਾ ਭਾਵ ਹੈ ਕਿ ਵਾਹਿਗੁਰੂ ਦੀ ਕਿਰਤਿ ਕਰਨੀ। ਦੂਸਰਾ ਭਾਵ ਹੈ ਕੀਰ-ਤਨ ਕਿ ਜਦ ਇਲਾਹੀ ਬਾਣੀ ਦਾ ਕੀਰਤਨ ਹੋ ਰਿਹਾ ਹੋਵੇ ਤਾਂ ਉਹ ਤਨਾਂ ਨੂੰ ਵਿੰਨ੍ਹਦਾ ਤੁਰੀ ਜਾਂਦਾ ਹੈ ਕਿਸੇ ਵਿਰਾਗ ਵਿਚ "ਹਰਿ ਪ੍ਰੇਮ ਬਾਣੀ ਮਨ ਮਾਰਿਆ ਅਣਿਆਲੇ ਅਣੀਆ..." ਤੀਸਰਾ ਭਾਵ ਹੈ ਕਿ ਕੀ-ਰਤਨ? ਭਾਵ ਕੀਰਤਨ ਦੀ ਪਹੁੰਚ ਨੂੰ ਸੰਸਾਰ ਦਾ ਕੋਈ ਵੀ ਰਤਨ ਨਹੀਂ ਪਹੁੰਚ ਸਕਦਾ। ਚੌਥਾ ਭਾਵ ਹੈ ਕਿ ਕੀਰਤ-ਨ, ਸੰਸਾਰ ਵਿਚ ਇਸ ਕਿਰਤ ਵਰਗੀ ਹੋਰ ਕੋਈ ਕਿਰਤ ਨਹੀਂ। ਬਾਬੇ ਨਾਨਕ ਨੇ ਜਗਤ ਜਲੰਦੇ ਨੂੰ ਕੀਰਤਨ ਸੁਣਾ ਕੇ ਠੰਡ ਵਰਤਾਈ ਸੀ। ਬਾਬੇ ਦੇ ਕੀਰਤਨ ਨੇ ਜ਼ਹਿਰੀ ਸੱਪਾਂ, ਸੱਜਣ ਵਰਗੇ ਠੱਗਾਂ ਨੂੰ, ਕੌਡੇ ਰਾਕਸ਼ਾਂ ਨੂੰ ਕੀਲ ਲਿਆ ਤੇ ਉਨ੍ਹਾਂ ਦਾ ਜੀਵਨ ਮਾਰਗ ਹੀ ਬਦਲ ਦਿੱਤਾ। ਕ੍ਰਿਸ਼ਨ ਮਹਾਰਾਜ ਦੀ ਬਾਂਸੁਰੀ ਵਿਚ ਵੀ ਅਜੀਬ ਤੇ ਮਨਾਂ ਨੂੰ ਮੋਹਣ ਵਾਲੀ ਤਾਕਤ ਸੀ। ਅੱਜ ਦੇ ਵਿਗਿਆਨੀ ਸੰਗੀਤ ਦੀ ਤਾਕਤ ਤੋਂ ਪ੍ਰਭਾਵਤ ਹਨ। ਅਮਰੀਕਾ ਦੇ ਵੱਡੇ-ਵੱਡੇ ਡੇਅਰੀ ਫ਼ਾਰਮਾਂ ਵਿਚ ਪਾਲੀਆਂ ਜਾਂਦੀਆਂ ਮੱਝਾਂ ਤੇ ਗਾਂਈਆਂ ਨੂੰ ਚੰਗੀ ਖ਼ੁਰਾਕ ਦੇ ਨਾਲ ਨਾਲ ਰੋਜ਼ਾਨਾ ਸੰਗੀਤ ਵੀ ਸੁਣਾਇਆ ਜਾਂਦਾ ਹੈ। ਪ੍ਰਬੰਧਕਾਂ ਦਾ ਕਹਿਣਾ ਹੈ ਕਿ ਸੰਗੀਤ ਸੁਣ ਕੇ ਉਹ ਵਧੇਰੇ ਸਮਾਂ ਦੁੱਧ ਦੇਂਦੀਆਂ ਹਨ। ਮਨੁੱਖ ਜਿਸ ਸਮੇਂ ਬਹੁਤ ਬੇਚੈਨ ਤੇ ਉਦਾਸ ਹੁੰਦਾ ਹੈ ਤਾਂ ਉਹ ਕੋਈ ਸੰਗੀਤ ਸੁਣਨਾ ਚਾਹੁੰਦਾ ਹੈ। ਮਾਹਿਰਾਂ ਅਨੁਸਾਰ ਬੱਚਾ ਮਾਂ ਦੇ ਗਰਭ ਵਿਚ ਇਕ ਮਿੰਟ ਵਿਚ 72 ਵਾਰ ਮਾਂ ਦੇ ਦਿਲ ਦੀ ਹਰਕਤ ਨੂੰ ਟਿੱਕ-ਟਿੱਕ ਦੇ ਰੂਪ ਵਿਚ ਸੁਣਦਾ ਰਹਿੰਦਾ ਹੈ। ਇਸ ਤਰ੍ਹਾਂ ਉਸ ਦਾ ਸੁਰ-ਤਾਲ ਨਾਲ ਜਨਮ ਤੋਂ ਹੀ ਲਗਾਉ ਪੈਦਾ ਹੋ ਜਾਂਦਾ ਹੈ। ਜਦ ਬਚਪਨ ਵਿਚ ਮਾਂ ਉਹਨੂੰ ਛਾਤੀ ਨਾਲ ਲਾ ਕੇ ਘੁਟਦੀ ਹੈ ਤਾਂ ਛਾਤੀ ਦੀ ਧੜਕਣ ਦੀ ਸੁਰਤਾਲ ਸੁਣ ਕੇ ਇਕਦਮ ਟਿਕਾਉ ਵਿਚ ਆ ਜਾਂਦਾ ਹੈ। ਮਾਂ ਦੀ ਲੋਰੀ ਵੀ ਕਿਸੇ ਸੁਰ ਵਿਚ ਹੁੰਦੀ ਹੈ।

ਸੰਤ ਸਰਵਣ ਸਿੰਘ ਜੀ ਸੰਗੀਤ ਦੇ ਇਕ ਮਹਾਨ ਕਲਾਕਾਰ ਹਨ। ਕੌਮਾਂਤਰੀ

ਪ੍ਰਸਿੱਧੀ ਦੇ ਸਤਾਰ ਵਾਦਕ ਪੰਡਤ ਰਵੀ ਸ਼ੰਕਰ ਜੀ ਦੀ ਸੰਗਤ ਆਪ ਨੂੰ ਪ੍ਰਾਪਤ ਹੈ। ਜਿਥੇ ਆਮ ਸੰਗਤਾਂ ਨੂੰ ਕੀਰਤਨ ਸੁਣਾ ਕੇ ਨਿਹਾਲ ਕਰਦੇ ਹਨ, ਉਥੇ ਭੂਮੇਲੀ ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਪਣੇ ਡੇਰਿਆਂ ਵਿਚ ਲੋੜਵੰਦ ਬਿਹੰਗਮਾਂ ਤੇ ਨਿਆਸਰੇ ਬੱਚਿਆਂ ਨੂੰ ਕੀਰਤਨ ਸਿਖਾਉਂਦੇ ਹਨ। ਇਨ੍ਹਾਂ ਤੋਂ ਸਿੱਖਿਆ ਪ੍ਰਾਪਤ ਕਰ ਕੇ ਅਨੇਕ ਕੀਰਤਨੀਏ ਇਸ ਸਮੇਂ ਰਾਗੀ ਜਥਿਆਂ ਦੇ ਰੂਪ ਵਿਚ ਪੰਥ ਦੀ ਸੇਵਾ ਕਰ ਰਹੇ ਹਨ। ਮੈਨੂੰ ਭੂਮੇਲੀ ਦੇ ਡੇਰੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਹੈ। ਡੇਰੇ ਵਿਚ ਇਕ ਸੰਗੀਤ-ਰੂਮ ਵੱਖਰਾ ਹੀ ਬਣਿਆ ਹੋਇਆ ਹੈ, ਜਿਸ ਵਿਚ ਅਨੇਕ ਪ੍ਰਕਾਰ ਦੇ ਵੱਡੇ-ਵੱਡੇ ਸਾਇਜ਼ ਦੇ ਸਾਜ਼ ਹਨ। ਕਈ ਬਿਜਲੀ ਨਾਲ ਚੱਲਣ ਵਾਲੇ ਹਨ। ਸੰਤਾਂ ਨੇ ਆਪਣੇ ਕਮਰੇ ਵਿਚ ਜੋ ਘੰਟੀ ਲਗਾਈ ਹੈ, ਉਹ ਵੀ ਸੰਗੀਤਕ ਹੈ। ਬਟਨ ਦਬਾਉ ਤਾਂ ਉਹ ਸੰਗੀਤ ਦੀ ਟਿਊਨ ਵਿਚ ਸੰਦੇਸ਼ਾ ਦਿੰਦੀ ਹੈ ਕਿ ਬਾਹਰ ਕੋਈ ਪ੍ਰੇਮੀ ਆਇਆ ਹੈ। ਦੋਹਾਂ ਕਮਰਿਆਂ ਵਿਚ ਕਲਾਕ ਹਨ ਜੋ ਜਰਮਨੀ ਹਨ। ਉਹ ਵੀ ਸੰਗੀਤਕ ਹਨ। ਦੋਨੋਂ ਵੱਖ-ਵੱਖ ਤਰ੍ਹਾਂ ਦੇ ਹਨ। ਹਰ 15 ਮਿੰਟ ਬਾਅਦ ਉਨ੍ਹਾਂ ਵਿਚ ਸੰਗੀਤ ਦੀ ਮਧੁਰ ਧੁਨ ਆਪ-ਮੁਹਾਰੇ ਗੂੰਜਦੀ ਹੈ। ਇਉਂ ਬਾਬਾ ਜੀ ਦੀ ਆਤਮਾ ਸੰਗੀਤ ਨਾਲ ਓਤ-ਪਰੋਤ ਹੋਈ ਪਈ ਹੈ।

ਇਸਲਾਮ ਵਿਚ ਸੰਗੀਤ ਕੁਫ਼ਰ ਹੈ। ਪਰ ਮੁਸਲਮਾਨਾਂ ਨੇ ਸੰਗੀਤ ਨੂੰ ਸਿਰਾਂ 'ਤੇ ਚੁੱਕਿਆ ਹੋਇਆ ਹੈ। ਮੁਸਲਮਾਨਾਂ ਵਿਚ ਚੰਗੇ ਤੋਂ ਚੰਗੇ ਸੰਗੀਤਕਾਰ ਤੁਹਾਨੂੰ ਮਿਲਣਗੇ। ਹਿੰਦੂ ਭਰਾਵਾਂ ਦਾ ਖੁੱਲ੍ਹਾ ਕੰਮ ਹੈ। ਪਰ ਉਨ੍ਹਾਂ ਸੰਗੀਤ ਨੂੰ ਛਾਤੀ ਨਾਲ ਲਾਇਆ ਹੋਇਆ ਹੈ। ਸਿੱਖੀ ਵਿਚ ਸੰਗੀਤ ਉੱਤਮ ਹੈ। ਸਾਡੇ ਸਤਿਗੁਰਾਂ ਨੇ ਸਾਰੀ ਬਾਣੀ ਰਾਗਾਂ ਵਿਚ ਉਚਾਰੀ ਹੋਈ ਹੈ। ਪਰ ਅਸੀਂ ਸਿਰਾਂ 'ਤੇ ਚੁੱਕਣ ਦੀ ਥਾਂ ਪੈਰਾਂ ਵਿਚ ਰੋਲ ਰਹੇ ਹਾਂ। ਫ਼ਿਲਮ ਵਿਚ ਇਕ ਗਾਣਾ ਫ਼ਿਲਮਾਉਣ ਤੇ ਗਵਾਉਣ ਲਈ ਫ਼ਿਲਮਾਂ ਵਾਲਿਆਂ ਦਾ 30-30 ਹਜ਼ਾਰ ਰੁਪਿਆ ਖ਼ਰਚ ਆ ਜਾਂਦਾ ਹੈ। ਗਾਣਾ ਕੇਵਲ ਤਿੰਨ ਜਾਂ ਚਾਰ ਮਿੰਟ ਦਾ ਹੁੰਦਾ ਹੈ। ਪਰ ਅਸੀਂ ਰਾਗੀ ਪਾਸੋਂ ਇਕ ਘੰਟਾ ਕੀਰਤਨ ਕਰਵਾ ਕੇ 51/- ਰੁਪਏ ਦੇ ਕੇ ਸਮਝਦੇ ਹਾਂ ਕਿ ਇਹ ਰਾਗੀ ਸਾਡੇ 'ਤੇ ਬੋਝ ਬਣੇ ਹੋਏ ਹਨ। ਐਸੀ ਅਵਸਥਾ ਵਿਚ ਸੰਤਾਂ ਦਾ ਕੀਰਤਨ ਪ੍ਰਚਾਰ ਤੇ ਸਿਖਲਾਈ ਲਈ ਉੱਦਮ ਕਰਨਾ ਨਾ ਕੇਵਲ ਸ਼ਲਾਘਾਯੋਗ ਹੈ ਕਿ ਸਗੋਂ ਭਾਰੀ ਕੁਰਬਾਨੀ ਹੈ। ਆਪ ਜੀ ਨੇ ਸੰਗੀਤ ਬਾਰੇ ਬੜੀ ਖੋਜ ਭਰਪੂਰ ਪੁਸਤਕ *ਸੁਰ ਸਿਮਰਨ ਸੰਗੀਤ* ਸੱਤ ਭਾਗਾਂ ਵਿਚ ਛਪਵਾਈ ਹੈ, ਜੋ ਪੰਜਾਬੀ ਸਾਹਿਤ ਅਤੇ ਸਿੱਖ ਸੰਗੀਤਕਾਰਾਂ ਲਈ ਅਮੁੱਲੀ ਦੇਣ ਹੈ।

ਸੰਗੀਤ ਦੀ ਮਹਾਨ ਸੇਵਾ ਤੋਂ ਇਲਾਵਾ ਸੰਤ ਜੀ ਦਾ ਡੇਰਾ ਸਿੱਖੀ ਪਰਚਾਰ ਦਾ ਇਕ ਚੰਗਾ ਕੇਂਦਰ ਹੈ। ਗੁਰਦੁਆਰਾ ਸਾਹਿਬ ਦੀ ਨਵੀਂ ਆਲੀਸ਼ਾਨ ਬਿਲਡਿੰਗ ਅਤੇ ਬੜਾ ਸੁੰਦਰ ਹਾਲ ਸੰਤ ਸਰਵਣ ਸਿੰਘ ਜੀ ਨੇ ਉੱਦਮ ਕਰ ਕੇ ਉਸਾਰਿਆ ਹੈ, ਜਿਸ ਦੇ ਬਾਹਰ ਲੱਗੇ ਨੀਂਹ ਪੱਥਰ 'ਤੇ ਹੇਠ ਲਿਖੇ ਅੰਕਿਤ ਅੱਖਰ ਦਾਸ ਨੇ ਪੜ੍ਹੇ:

ਸ੍ਰੀਮਾਨ 108 ਬ੍ਰਹਮ ਗਿਆਨੀ ਸੰਤ ਬਾਬਾ ਦਲੀਪ ਸਿੰਘ ਜੀ ਮਹਾਰਾਜ ਨੇ ਸੰਮਤ 1988 ਬਿਕ੍ਰਮੀ ਨੂੰ ਤਿਆਰ ਕਰਵਾਈ ਸੀ। ਇਹ ਇਮਾਰਤ ਪੁਰਾਣੀ ਹੋ ਜਾਣ ਕਾਰਨ ਮੁੜ ਨਵੀਂ ਬਿਲਡਿੰਗ ਉਸਾਰੀ ਦੀ ਸੇਵਾ ਗੁਰੂ ਮਹਾਰਾਜ ਜੀ ਦੀ ਅਪਾਰ ਕਿਰਪਾ ਦੁਆਰਾ ਸਰਬੱਤ ਸਾਧ ਸੰਗਤ ਤੇ ਹਰਖੋਵਾਲ ਡੇਰੇ ਦੀ ਸੰਗਤ ਨੇ ਦਾਸ ਸੰਤ ਸਰਵਣ ਸਿੰਘ ਗੰਧਰਵ ਡਬਲ ਐੱਮ.ਏ. ਨੂੰ ਸੌਂਪੀ। ਗੁਰੂ ਮਹਾਰਾਜ ਜੀ ਦੀ ਅਦੁੱਤੀ ਬਖ਼ਸ਼ਿਸ਼ ਦੁਆਰਾ ਸੰਤ ਸਰਵਣ ਸਿੰਘ ਜੀ ਨੇ ਸੰਤ ਮਹਾਰਾਜ ਦਲੀਪ ਸਿੰਘ ਜੀ ਦੀ ਯਾਦ ਵਿਚ ਦੁਬਾਰਾ ਨਵੀਂ ਬਿਲਡਿੰਗ ਸੰਪੂਰਨ ਕਰਵਾਈ। ਇਸ ਨਵੀਂ ਇਮਾਰਤ ਦਾ ਨੀਂਹ-ਪੱਥਰ ਸਤਿਕਾਰਯੋਗ ਪੰਜਾਂ

ਪਿਆਰਿਆਂ ਨੇ ਆਪਣੇ ਕਰ-ਕੰਵਲਾਂ ਦੁਆਰਾ 12-5-1976 ਨੂੰ ਰੱਖਿਆ। ਇਹ ਉਹੀ ਅਸਥਾਨ ਹੈ ਜਿਥੇ ਸੰਤ ਬਾਬਾ ਦਲੀਪ ਸਿੰਘ ਜੀ ਨੇ ਵੱਡੀ ਘਾਲਣਾ ਘਾਲੀ ਅਤੇ ਮਹਾਨ ਤਪੱਸਿਆ ਕੀਤੀ। ਉਨ੍ਹਾਂ ਮਹਾਂਪੁਰਸ਼ਾਂ ਨੇ ਆਪਣਾ ਸਾਰਾ ਹੀ ਜੀਵਨ ਨਾਮ ਸਿਮਰਨ ਵਿਚ ਬਤੀਤ ਕੀਤਾ। ਏਸੇ ਪਵਿੱਤਰ ਅਸਥਾਨ 'ਤੇ ਬ੍ਰਹਮ ਗਿਆਨੀ ਸੰਤ ਬਾਬਾ ਜੁਆਲਾ ਸਿੰਘ ਜੀ ਮਹਾਰਾਜ ਜੋਤੀ ਜੋਤਿ ਸਮਾਏ।

ਇਸ ਅਸਥਾਨ 'ਤੇ ਹਰ ਸਮੇਂ ਗੁਰੂ ਕਾ ਲੰਗਰ ਚੱਲਦਾ ਰਹਿੰਦਾ ਹੈ ਅਤੇ ਸਰੀਰਕ ਰੋਗੀਆਂ ਨੂੰ ਆਯੁਰਵੈਦਿਕ ਹਿਕਮਤ ਦੁਆਰਾ ਦਵਾਈਆਂ ਦੇ ਕੇ ਅਰੋਗਤਾ ਬਖ਼ਸ਼ੀ ਜਾਂਦੀ ਹੈ। ਸੰਤ ਜੀ ਦੇ ਉੱਦਮਾਂ ਨਾਲ ਡੁਮੇਲੀ ਵਿਖੇ ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਕਾਲਜ ਵੀ ਸਥਾਪਤ ਹੋ ਚੁੱਕਾ ਹੈ, ਜਿਸ ਦੇ ਕਿ ਆਪ ਲਾਈਫ਼ ਪ੍ਰਧਾਨ ਹਨ।

ਸੰਤ ਜੀ ਦੇ ਇਨ੍ਹਾਂ ਉੱਦਮਾਂ ਦੀ ਮੈਂ ਬੜੀ ਸ਼ਲਾਘਾ ਕਰਦਾ ਹਾਂ। ਵਾਹਿਗੁਰੂ ਇਨ੍ਹਾਂ ਨੂੰ ਹੋਰ ਬਲ ਬਖ਼ਸ਼ੇ, ਇਹ ਮੇਰੀ ਅਰਦਾਸ ਹੈ।

**ਬਿਅੰਤ ਸਿੰਘ ਸਰਹੱਦੀ**
*ਚੀਫ਼ ਐਡੀਟਰ, ਰੋਜ਼ਾਨਾ ਅਕਾਲੀ ਟਾਈਮਜ਼*
*ਸਰਪ੍ਰਸਤ (ਵੀਕਲੀ ਸਿਮਰਨ), ਜਲੰਧਰ*

# INTRODUCTION

**Namo chander chandre.**
**Namo bhau bhane.**
**Namo geet geete.**
**Namo tan tane.**
**Namo nrit nrite.** *(Guru Gobind Singh Ji)*

Hail, O light centred in the Moon !
Hail, O Splendour centred in the Sun !
Hail, O Melody of Music !
Hail, O Sound of the tune !
Hail, O Rhythm of the dance !

God geometrizes, said Plato, God musicizes, says Sant Sarwan Singh 'Gandhrav'.

There is melody and music in the Universe. There is rhyme and rhythm everywhere. The planets are perpetually in an ecstasy of song and dance. Harmony is the golden key to creation. The birds sing. The flowers dance. The very earth on which we live and have our being spins around rhythmically. All life is a tune. Out of music comes the world. Into music returns the world.

"All the sounds of the earth are like music," said Oscar Hammerstein II in *Oklahema.* The bees hum. The hornets drone. There is buzz of humanity in cities. The birds and beetles produce music. The bees and butterflies make melody.

"The musicians are makers of the world," Ludwig Van Beethoven, the great musician, wrote in a letter to Ferdinand Ries, "Beethoven can write music, thank God, but he can do nothing else on earth." One who can write music need do nothing else. Music is the noblest creation. Sant Sarwan Singh is one of the greatest creators of music, which is highly sublime and spiritual. This is the Word (*Naam*) out of which the Universe was created. As the Bible says, "First there was the Word. The Word was with God. The Word was God". This is what the Sikh scriptures call *Naam.* Sant Sarwan Singh has the greatest treasure of *Naam* in him.

Once in the hoary ages in the Dragon Gorge in Honan in China stood a kiri tree, a veritable king of the forest. It reared its head to talk to the stars. Its roots struck deep into the earth, mingling their bronzed coils with those of the silver dragon that slept beneath. And it came to pass that a mighty wizard made of this tree a wondrous harp, whose stubborn spirit should be tamed only by the greatest of musicians.

For long the instruments were treasured by the Emperor of China, but vain were the efforts of those who in turn tried to draw melody from its strings. In response to their utmost strivings there came from the harp only harsh notes of disdain, ill-according with the songs they fain would have sung. The harp refused to recognize a master.

At last came Peiwoh, the prince of harpists. With tender hand he caressed the harp as one might seek to soothe an unruly horse, and softly touched the chords. He sang of nature and the seasons, of high mountains and flowing waters, and all the memories of the tree awoke. Once more the sweet breath of spring played amidst its branches. The young cataracts as they danced down the ravine laughed to the budding flowers. Anon was heard the dreamy voices of summer with its myriad insects, the gentle pattering of rain, the call of the cuckoo. Hark ! a tiger roars—the valley answers again. It is autumn. In the desert night, sharp like a sword gleams the moon upon the frosted grass. Now winter reigns, and through the snow-filled air swirl flakes of snow, and rattling hailstones beat upon the boughs with fierce delight.

The Peiwoh changed the key and sang of love. The forest swayed like an ardent swain deep lost in thought. On high, like a haughty maiden, swept a cloud bright and fair; but passing, trailed long shadows on the ground, black like despair.

Again the mode was changed. Peiwoh sang of war, of clashing steel and tramping steeds. And in the harp arose the tempest of the Dragon Gorge. The dragon rode the lightning. The thundering avalanche crashed through the hills. In ecstasy the Celestial Monarch asked Peiwoh wherein lay the secret of his victory.

"Sire", replied he, "others failed because they sang but of themselves. I left the harp to choose its themes, and know not truly whether the harp was Peiwoh or Peiwoh were the harp."

This is a story from *Okakura,* the Japanese *Book of Tea.* Such is the enchanting spiritual melody of His Holiness Sant Sarwan Singh. He is deeply immersed in the spiritual music of scriptures. He mixes with God, as devotee with his Guru, as water with milk.

His book *Sur Simran Sangeet* is a peerless pearl. It is a treasure

of spiritual melody and music. He has not merely written this book but lived it practically every moment of his life. Arising at three O'clock in the morning, he absorbs himself in the nectar of Gurbani for the better part of day and night.

As Vakya Padiya said, "In this Universe there is no form of knowledge which is not perceived through sounds; knowledge is pierced through by sound; all the Universe is but the result of sound." As the Shatakas of Bhartrihari said, "The man who cannot appreciate music and literature is exactly like the lower animals, even though he may not possess horns and a tail; though he eat not grass yet he lives a life precisely like that of that kind."

In the chapter *Krishen Autar or Miri Piri,* Sant Sarwan Singh discusses the melody and music of the sacred Sikh scripture "Asa di Var" and other hymns. He quotes :

**Jan laga har eko naiya,**
**Tis ki ass na birthi jai.**

(The hopes of the person who concentrates on one God never go waste.)

**Hukam boojh,**
**Param pad pai.**

(One gets high status according to Divine Will.)

Or

(He who obeys the laws of God, alone gets high status.)

**Is te upar nahin vichar,**
**Ja ke man basia Nirankar.**

(One who is free from all thoughts, God resides in his heart.)

**Eh lok sukhia, par lok suhele.**

(Those who chant the *Naam* are happy in this world and comfortable in the next world.)

Sant Sarwan Singh has catalogued different tunes and songs which are suitable for singing during different hours of the day and night. For example "Adhavdarshak" Sur draws a line between midnight and midday Ragas. "Raga Bhairvi" (illusion) are best for the early morning. "Rag Cofi" suits second part of the night.

The book has also a chapter on "What is Dharma ?" Dharma was there before the Universe was born, Dharma will be there after the universe will die. Dharma was there before Brahma. Maya is the creation of Brahma.

**Appi ne ap sajio,**
**Appi ne rachio nao.**

God is the creator of the whole Universe and He is also the creator of His *Naam*. This is exactly what the Bible says, "First there was the Word. The Word was with God. The Word was God", How was the Universe created ?

**Pita ka janam keh jane poot.**
**Sagal paroie apne soot.**

(How can a son know about the birth of his father ? The creation is a threaded string.)

That means we cannot know the origin of the world except through the study of the Law of Causation, because one cause leads to effect and every effect becomes cause for another effect, and thus the Universe is an endless chain of events like a garland which is a circle and thus does not end anywhere.

**Sadhu bole sahej subhae,**
**Sadh ka bolia birtha na jai.**

(A holy man speaks softly and whatever he says never goes wrong.)

Such is the power of Sant Sarwan Singh's melody and music. He reminds us of what the ancient Chinese philosopher, Li Chi, said about music :

> All music has its rise in the heart of man. The stirrings of the heart are caused by external things. When the heart is moved, it finds expression through the voice. Sound calls to sound variety of results. A variety of sounds artfully combined are called musical notes. When these notes are produced in a manner pleasing to the ear...we call it music.
>
> The rites serve to direct the people's will; music to harmonize their voices, government to unify their conduct; punishment to prevent them from creating disturbances.
>
> Music reflects the harmony which exists between Heaven and Earth...its purpose is the fulfilling of the five social relationships, viz, prince and minister; father and son; husband and wife; elder and younger brother; friend and friend.
>
> In music the sages found pleasure, and saw that it could be used to make the hearts of people good. Because of the deep influence which it exerts on man, and the change which it produces in manners and customs, the ancient kings made it one of the subjects of instruction.

Music is joy itself...It is the very flowering of virtue.

Sant Sarwan Singh's musical pieces are over-weighted on the conceptual side : the subtle appeal of the Cosmic Wonder, the Ecstasy of Divine Love, the Transmutation of Suffering, the Joy of Soul in God" as Bhai Gurdas said :

"The Guru saved the Kali Yuga,
Uttering the syllable of the True Name,
Came Guru Nanak to save the Kali Yuga."

According to Sant Sarwan Singh, while Sat Yuga was 1,728,000 years, Kali Yuga is 432,000 years : The world is now passing through the Kali Yuga which is said to have started with the Battle of Kurukshetra in the war of Mahabharata, which was seven thousand years ago.

The quotations of musical hymns in the book are from 'the Adi Guru Granth Sahib', the sacred scripture of the Sikhs. It contains sacred compositions in the form of short pieces of musical poetry. As Mr. Gurbachan Singh Talib says in his *Selections from the Holy Granth :* "The contents of the Granth are in accordance with the ragas or classical Indian musical measures, headed by the principal among these, Sri Raga...their themes are the spiritual vision of the Infinite, moral insight and expression of devotion to the Creator. The musical arrangement of the Granth is in accordance with the tradition of poetic compilations in medieval India. The compilations included in the Granth are for the most part hymns of devotion. There are a few disquisitional texts and short poems of ethical exhortation and inspiration. Guru Nanak was accompanied by a Muslim ministrel, Mardana. He sang on his rebeck the hymns of Divine devotion, blazing forth all over the country the Guru's words as a living proof of amity among faiths. He commended the Universal spiritual processes of which the steps are constant prayer, meditation, and devotion. It is significant that Guru Nanak commended various forms of prayer prescribed by different creeds as of equal value in seeking Divine grace, provided the prayer issued from a sincere heart and was accompanied by a pure life."

Devotion is supreme. It overcomes all trials, troubles, toils, turmoils and tribulations. This state of poise, in which "the wandering mind is stilled" and "doubts are cast asunder" is true liberation. One who attains this is called *Jivan-mukta,* that is, "one released while still alive". This is the highest state attainable by man.

Guru Nanak lays down the duty of prayer and devotion as well

as the pursuit of enlightenment and liberation. Action is informed by life of the soul and soul of the life. In the words of Bhagavad Gita it is called *jnan-agni-dagdha-karma* (action purified in the flames of enlightenment). As the "inverted lotus-bowl of the mind is turned Godwards," to be receptive of spiritual melody, all the individual values undergo a transformation.

All the ten Sikh Gurus have indicated in their compositions their name as "Nanak". This is because all the Sikh Gurus are one in spirit. According to Professor Gurbachan Singh Talib, "In the Granth Sahib, they are indicated separately by a formula which would be rendered as 'The Bride of God'." Thus, Guru Nanak would be indicated as 'The First Bride', Guru Amardas as 'The Third Bride', Guru Arjun as the 'Fifth Bride', and Guru Teg Bahadur as 'The Ninth Bride'.

Gurus have laid great stress on the music and melody of creation which accompanies dance and drama of the Universe through which God manifests Himself in various sounds, colours and forms :

I. **Bazigar jaise bazi paee.**

(As the juggler enacts his show...)

II. **Ap akhara painda kar,**
**Vohai ap chajaha.**

(The Lord created the universal circus, And himself performed his play.)

III. **Jeta sabda-surati dhun,**
**Teti jeta roop kaiya teri.**

(All sounds, all meditation, absorption in divinity Emanate from Thee.)

IV. **Varna roop vartaih sabh tere.**

(All hues, forms, are Thy manifestation.)

V. **Awwal Allah noor upaiya,**
**Kudrat ke sabh Bande.**
**Ek noor te sub jug upjeya,**
**Kaun bhale kaun mande.**

(In the beginning God created Light,
All are creations of Nature;
The whole universe is born of one light.
So who is good ? and who is bad ?)

VI. **Jhim-jhim varasi amritdhara !**

(Pat ! Pat ! Pat ! Pat ! Showers are raining elixir.)

Sant Sarwan Singh in this book has put an ocean of melody in a nutshell. Nobody can feel in his presence that he is bereft of eyesight.

In fact, he sees farther than we, who are gifted with eyes. Rightly said Jesus Christ, "Those who have eyes to see may see and those who have ears to hear may hear." Verily millions of us have eyes but we do not see and millions of us have ears but we do not hear the melody of cosmos, the musical voice of universal silence.

When the outer eye is open, the inner eye is closed. When the inner eye is open, the outer eye is closed. Sant Sarwan Singh sees the Universe lit large with his inner vision. This Vedic hymn is applicable to him :

**Yajjagrato doormudaiti daeevam,**
**Tadu suptasya tathai-va-iti dooram gamam,**
**Jyoti-shaam, jyoti rekam,**
**Tan-me-manah Shiv sankalpmastoo.**

(O God ! give me power to see in the distance when I am awake.
Give me the same power when I am asleep; open my inner eye.
Even when I go far away, give me light, your own light.
Fill my mind with noble sentiments.)

**Jagat Singh Bright–Rose Grover Aurora**
Poet-Occultist-Palmist-Prophet-Yogi (P.O.P.P.Y)
Reforms Organization Spiritual & Economic (R.O.S.E.)
V-278, Rajouri Garden, New Delhi-110027 October 2, 1979

# ਸੁਰ ਤੇ ਤਾਲ ਬਾਰੇ ਜਾਣਕਾਰੀ

ਇਸ ਪੁਸਤਕ ਵਿਚ ਸੁਰ ਤੇ ਤਾਲ ਲਈ ਜੋ ਚਿੰਨ੍ਹ ਵਰਤੇ ਗਏ ਹਨ, ਉਹ ਇਸ ਪ੍ਰਕਾਰ ਹਨ :

| *ਕ੍ਰਮ* | *ਸੁਰ* | *ਸੁਰਾਂ ਦੇ ਚਿੰਨ੍ਹ* | *ਉਦਾਹਰਣ* |
|---|---|---|---|
| 1. | ਸ਼ੁਧ ਸੁਰ | ਕੋਈ ਚਿੰਨ੍ਹ ਨਹੀਂ | ਸਾ ਰੇ ਗ ਮ ਧ |
| 2. | ਕੋਮਲ ਸੁਰ | ਸੁਰ ਦੇ ਹੇਠਾਂ ਲਕੀਰ | ਰੇ ਗੁ ਧੁ ਨੀ |
| 3. | ਤੀਬਰ ਸੁਰ | ਸੁਰ ਦੇ ਉਪਰ ਖੜੀ ਲਕੀਰ<br>'ਸਪਤਕ ਦੇ ਚਿੰਨ੍ਹ' | ਮ' |
| 4. | ਮੰਦਰ ਸਪਤਕ | ਸੁਰ ਦੇ ਹੇਠਾਂ ਬਿੰਦੂ | ਨ਼ੀ ਧ਼ ਪ਼ ਮ਼ ਗ |
| 5. | ਮੱਧ ਸਪਤਕ | ਕੋਈ ਚਿੰਨ੍ਹ ਨਹੀਂ | ਸਾ ਰੇ ਗ ਮ ਪ |
| 6. | ਤਾਰ ਸਪਤਕ | ਸੁਰ ਦੇ ਉਪਰ ਬਿੰਦੂ<br>ਤਾਲ ਚਿੰਨ੍ਹ | ਸਾਂ ਰੇਂ ਗਂ ਮਂ ਪਂ |
| 7. | ਇਕ ਮਾਤਰਾ | ਕੋਈ ਚਿੰਨ੍ਹ ਨਹੀਂ | ਰੇ ਗ ਮ ਧ ਨੀ |
| 8. | ਅੱਧੀ ਮਾਤਰਾ | ਦੋ ਸੁਰਾਂ ਦੇ ਹੇਠਾਂ ਅੱਧਾ ਚੰਨ | ਸਾਰੇ ਗਮ ਪਧ |
| 9. | ਚੌਥਾਈ ਮਾਤਰਾ | ਚਾਰ ਸੁਰ ਬਰੈਕਟਾਂ ਵਿਚ | ਸਾਰੇਗਮ ਪਧਨੀਸਾਂ |
| 10. | ਦੋ ਮਾਤਰਾ | ਸੁਰ ਦੇ ਅੱਗੇ ਲਕੀਰ | ਸਾ— ਰੇ— ਗ— ਮ |
| 11. | ਸ਼ਬਦ ਉਚਾਰਣ | ਅੱਖਰ ਦੇ ਅੱਗੇ ਅਵਗ੍ਰਹ | ਰਾ ऽ ਮ, ਸ਼ਾ ऽ ਮ |
| 12. | ਸਮ | ਮਾਤਰੇ ਦੇ ਥੱਲੇ ਜ਼ਰਬ | 1 2 3 4   1 2 3 4<br>x   x |
| 13. | ਤਾਲੀ | ਮਾਤਰੇ ਦੇ ਥੱਲੇ ਨੰਬਰ | 5 6 7 8   13 14 15 16<br>2   3 |
| 14. | ਖ਼ਾਲੀ | ਮਾਤਰੇ ਦੇ ਥੱਲੇ ਸਿਫ਼ਰ | 9 10 11 12<br>0 |
| 15. | ਲਿਪੀ | ਤਾਲ ਦੇ ਵਿਭਾਗ ਅਨੁਸਾਰ | ਸ਼ਬਦ, ਗੀਤ ਜਾਂ ਗੱਤ ਨੂੰ ਸੁਰ ਅਤੇ ਤਾਲ ਸਹਿਤ ਲਿਖਣਾ |
| 16. | ਮੀਂਡ | ਸੁਰ ਦੇ ਉਪਰ ਅੱਧਾ ਚੰਨ | ਪਗਿ ਧਮਿ |
| 17. | ਕਣ | ਸੁਰ ਦੇ ਉਪਰ ਖੱਬੇ ਪਾਸੇ ਸੁਰ | ਨੀਧ ਧਪ |
| 18. | ਖਟਕਾ | ਸੁਰ ਬਰੈਕਟਾਂ ਵਿਚ | (ਪ)=ਪਧਮਪ |

# ਕ੍ਰਿਸ਼ਨਾ ਅਵਤਾਰ ਜਾਂ ਮੀਰੀ-ਪੀਰੀ

## (1)

ਜਨੁ ਲਾਗਾ ਹਰਿ ਏਕੈ ਨਾਇ॥ ਤਿਸ ਕੀ ਆਸ ਨ ਬਿਰਥੀ ਜਾਇ॥
ਸੇਵਕ ਕਉ ਸੇਵਾ ਬਨਿ ਆਈ॥ ਹੁਕਮੁ ਬੂਝਿ ਪਰਮ ਪਦੁ ਪਾਈ॥
ਇਸ ਤੇ ਊਪਰਿ ਨਹੀ ਬੀਚਾਰੁ॥ ਜਾ ਕੈ ਮਨਿ ਬਸਿਆ ਨਿਰੰਕਾਰੁ॥
ਬੰਧਨ ਤੋਰਿ ਭਏ ਨਿਰਵੈਰ॥ ਅਨਦਿਨੁ ਪੂਜਹਿ ਗੁਰ ਕੇ ਪੈਰ॥
ਇਹ ਲੋਕ ਸੁਖੀਏ ਪਰਲੋਕ ਸੁਹੇਲੇ॥ ਨਾਨਕ ਹਰਿ ਪ੍ਰਭਿ ਆਪਹਿ ਮੇਲੇ॥੪॥

*(ਗੋਉੜੀ ਸੁਖਮਨੀ ਮ: ੫, ਪੰਨਾ 292)*

ਅੰਮ੍ਰਿਤ ਵੇਲੇ ਸਵੇਰੇ ਤਿੰਨ ਵਜੇ ਦਾਸ ਨੇ ਇਸ਼ਨਾਨ ਕੀਤਾ, ਪੰਜਾਂ ਬਾਣੀਆਂ ਦੇ ਨਿਤਨੇਮ ਕਰਨ ਉਪਰੰਤ ਆਸਾ ਜੀ ਦੀ ਵਾਰ ਦੇ ਚਾਰ ਸਲੋਕਾਂ ਦੇ ਹਰ ਰੋਜ਼ ਕੀਰਤਨ ਕਰਨ ਦੇ ਨਿਯਮ ਅਨੁਸਾਰ ਤੇਰ੍ਹਵਾਂ ਸਲੋਕ ਆਰੰਭ ਕੀਤਾ ਗਿਆ। ਇਸ ਸਲੋਕ ਵਿਚ ਚੌਹਾਂ ਜੁਗਾਂ ਦੇ ਧਰਮ ਦੇ ਜੋ ਲੱਛਣ ਗੁਰੂ ਸਾਹਿਬ ਨੇ ਵਰਣਨ ਕੀਤੇ ਹਨ, ਉਹਨਾਂ ਨੂੰ ਗਾਇਨ ਕੀਤਾ ਗਿਆ, ਜੋ ਕਿ ਇਸ ਪ੍ਰਕਾਰ ਹਨ:

ਸਲੋਕੁ ਮਹਲਾ ੧॥
ਨਾਨਕ ਮੇਰੁ ਸਰੀਰ ਕਾ, ਇਕੁ ਰਥੁ ਇਕੁ ਰਥਵਾਹੁ॥
ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ॥
ਸਤਜੁਗਿ ਰਥੁ ਸੰਤੋਖ ਕਾ, ਧਰਮੁ ਅਗੈ ਰਥਵਾਹੁ॥
ਤ੍ਰੇਤੈ ਰਥੁ ਜਤੈ ਕਾ, ਜੋਰੁ ਅਗੈ ਰਥਵਾਹੁ॥
ਦੁਆਪੁਰਿ ਰਥੁ ਤਪੈ ਕਾ, ਸਤੁ ਅਗੈ ਰਥਵਾਹੁ॥
ਕਲਜੁਗਿ ਰਥੁ ਅਗਨਿ ਕਾ, ਕੂੜੁ ਅਗੈ ਰਥਵਾਹੁ॥ *(ਪੰਨਾ 470)*

ਸ੍ਰੀ ਗੁਰੂ ਨਾਨਕ ਦੇਵ ਜੀ ਇਸ ਸਲੋਕ ਵਿਚ ਫ਼ੁਰਮਾਉਂਦੇ ਹਨ ਕਿ ਪਰਬਤਾਂ ਵਿੱਚੋਂ ਮੇਰ ਭਾਵ ਸੁਮੇਰ ਪਰਬਤ ਸ਼ਿਰੋਮਣੀ ਹੈ। ਮਾਲਾ ਦੇ 108 ਮਣਕਿਆਂ ਵਿੱਚੋਂ ਸਿਰਤਾਜ ਮਣਕਾ 'ਮੇਰੂ' ਹੈ। ਇਸੇ ਤਰ੍ਹਾਂ ਪ੍ਰਭੂ ਦੀਆਂ ਬੇਅੰਤ ਜੂਨਾਂ ਵਿੱਚੋਂ ਮਨੁੱਖੀ ਸਰੀਰ ਸ਼ਿਰੋਮਣੀ ਹੈ। ਉਪਨਿਸ਼ਦ ਵਿਚ ਮਨੁੱਖਾ ਸਰੀਰ ਨੂੰ ਰੱਥ ਨਾਲ ਉਪਮਾ ਦਿੱਤੀ ਗਈ ਹੈ, ਭਾਵ ਸਰੀਰ ਰੱਥ ਅਤੇ ਆਤਮਾ ਰਥਵਾਨ ਹੈ। ਚਾਰ ਜੁਗਾਂ ਦਾ ਜ਼ਿਕਰ ਹੈ। ਸਤਿਜੁਗ ਦੀ ਉਮਰ 17 ਲੱਖ 28 ਹਜ਼ਾਰ, ਤ੍ਰੇਤਾ ਦੀ ਉਮਰ 12 ਲੱਖ 96 ਹਜ਼ਾਰ, ਦੁਆਪਰ ਦੀ ਉਮਰ 8 ਲੱਖ 64 ਹਜ਼ਾਰ ਅਤੇ ਕਲਜੁਗ ਦੀ ਉਮਰ 4 ਲੱਖ 32 ਹਜ਼ਾਰ ਦੱਸੀ ਜਾਂਦੀ ਹੈ। ਇਹ ਸਾਰੇ ਰਲਾ ਕੇ ਇਕ 'ਮਹਾਂਜੁਗ' ਬਣਦਾ ਹੈ। ਹਰ ਇਕ ਜੁਗ ਦੀ ਉਮਰ ਘਟਦੀ ਗਈ ਹੈ, ਕਿਉਂਕਿ ਇਹਨਾਂ ਜੁਗਾਂ ਦੇ ਜੀਵਾਂ ਦਾ ਸਰੀਰਕ ਬਲ ਅਤੇ ਆਚਰਨ ਕਮਜ਼ੋਰ ਹੁੰਦਾ ਜਾ ਰਿਹਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਸਮਝਾਂਦੇ ਹਨ ਕਿ ਜਿਥੇ ਸੱਚ ਹੈ, ਉਥੇ ਸਤਿਜੁਗ ਹੈ। ਜਿਥੇ ਕੂੜ ਪਰਧਾਨ ਹੈ, ਉੱਥੇ ਕਲਜੁਗ ਦਾ ਰਾਜ ਹੈ। ਇਸ ਪ੍ਰਕਾਰ ਇਸ

ਸਲੋਕ ਵਿਚ ਚੌਹਾਂ ਜੁਗਾਂ ਦਾ ਧਰਮ ਦੱਸਿਆ ਗਿਆ ਹੈ। ਇਸ ਸਲੋਕ ਤੋਂ ਉਪਰੰਤ ਚੌਹਾਂ ਬੇਦਾਂ ਦੇ ਧਰਮਾਂ ਦਾ ਵਰਣਨ ਹੋਇਆ ਹੈ। ਪਰ ਨਾਲ ਹੀ ਇਸ ਵਿਚ ਇਹ ਪੰਗਤੀ ਆਉਂਦੀ ਹੈ ਕਿ :

**"...ਕਾਨ੍ ਕ੍ਰਿਸਨੁ ਜਾਦਮੁ ਭਇਆ॥"**

ਕਾਨ੍ਹ ਜੀ ਦਾ ਦੂਸਰਾ ਨਾਮ ਕ੍ਰਿਸ਼ਨ ਭਗਵਾਨ ਹੈ। ਕ੍ਰਿਸ਼ਨ ਭਗਵਾਨ ਜੀ ਨੂੰ ਹੀ ਗਿਰਧਾਰੀ, ਮੁਰਲੀ ਮਨੋਹਰ, ਮੁਰਾਰੀ, ਕਨ੍ਹਈਆ, ਬੰਸਰੀ ਵਾਲੇ, ਸ਼ਾਮ ਸੁੰਦਰ ਅਤੇ ਕਾਲੀ ਕੰਬਲੀ ਵਾਲੇ ਆਦਿ ਕਈਆਂ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ।

ਇਹ ਗੱਲ ਬਿਲਕੁਲ ਸੱਚ ਹੈ ਕਿ ਪਰਮੇਸ਼ੁਰ ਦਾ ਇਕ ਨਾਮ ਨਹੀਂ, ਸਗੋਂ ਬੇਅੰਤ ਨਾਮ ਹਨ। ਪਰਮੇਸ਼ੁਰ ਦੇ ਜੋ ਭਗਤ ਹਨ; ਜਾਂ ਉਸਦੇ ਭੇਜੇ ਹੋਏ ਅਵਤਾਰ ਹਨ; ਉਹਨਾਂ ਦੇ ਭੀ ਕਈ ਨਾਮ ਹੋ ਸਕਦੇ ਹਨ। ਪਰ ਅਸਲ ਗੱਲ ਤਾਂ ਇਹ ਹੈ ਕਿ ਜਿਹੋ ਜਿਹੀ ਕਿਸੇ ਦੀ ਭਾਵਨਾ ਹੁੰਦੀ ਹੈ, ਵਾਹਿਗੁਰੂ ਅਕਾਲ ਪੁਰਖ ਉਸ ਨੂੰ ਓਹੋ ਜਿਹੇ ਰੂਪ ਵਿਚ ਹੀ ਦਰਸ਼ਨ ਦਿੰਦੇ ਹਨ ਅਤੇ ਸ਼ਰਧਾਲੂ, ਸੇਵਕ, ਭਗਤ, ਸੰਤ ਮਹਾਂ ਪੁਰਖ, ਜਿਹੋ ਜਿਹੀ ਆਰਾਧਨਾ ਕਰਦੇ ਹਨ ਜਾਂ ਜਿਸ ਤਰ੍ਹਾਂ ਦੀ ਉਹਨਾਂ ਦੀ ਸ਼ਰਧਾ ਜਾਂ ਭਾਵਨਾ ਹੁੰਦੀ ਹੈ, ਓਹੋ ਜਿਹੇ ਰੂਪ ਵਿਚ ਹੀ ਉਸ ਨੂੰ ਦਿਖਦੇ ਹਨ ਅਤੇ ਉਸੇ ਤਰ੍ਹਾਂ ਦਾ ਹੀ ਉਹ ਨਾਮ ਭੀ ਰੱਖ ਲੈਂਦੇ ਹਨ।

ਹੁਣ ਅਸਾਂ ਇਹ ਵਿਚਾਰ ਕਰਨਾ ਹੈ, ਅਵਤਾਰ ਕੌਣ ਹੁੰਦੇ ਹਨ ਅਤੇ ਉਹਨਾਂ ਵਿਚ ਕਿਹੜੀਆਂ ਚੰਗਿਆਈਆਂ, ਉੱਚਤਾਈਆਂ ਹੁੰਦੀਆਂ ਹਨ ? ਕੀ ਕਰਨ ਆਉਂਦੇ ਹਨ ਅਤੇ ਕੀ ਕੁਝ ਕਰਦੇ ਹਨ ? ਕਿਵੇਂ ਆਮ (ਲੋਕਾਂ) ਜੀਵਾਂ ਨਾਲੋਂ ਆਪਣੇ ਆਪ ਨੂੰ ਵੱਖਰਾ ਦਿਖਾਉਂਦੇ ਹਨ। ਸਭ ਤੋਂ ਪਹਿਲਾਂ ਜੇਕਰ ਸ੍ਰੀ ਕ੍ਰਿਸ਼ਨ ਭਗਵਾਨ ਜੀ ਦੇ ਜਨਮ ਸਮੇਂ ਨੂੰ ਹੀ ਦੇਖਿਆ ਜਾਵੇ ਤਾਂ ਗਿਆਨੀਆਂ ਨੂੰ ਕਾਫ਼ੀ ਗਿਆਨ ਮਿਲ ਜਾਂਦਾ ਹੈ।

ਇਤਿਹਾਸ ਗਵਾਹ ਹੈ ਕਿ ਉਸਦੇ ਸਕੇ ਮਾਮੇ ਕੰਸ ਨੇ ਇਹ ਪ੍ਰਣ ਕੀਤਾ ਹੋਇਆ ਸੀ ਕਿ ਉਹ ਆਪਣੀ ਭੈਣ ਦੇਵਕੀ ਦੀ ਕੁੱਖ ਤੋਂ ਜੋ ਕੋਈ ਵੀ ਬੱਚਾ ਜਨਮ ਲਵੇਗਾ ਉਸਨੂੰ ਜਨਮ ਸਮੇਂ ਹੀ ਖ਼ਤਮ ਕਰ ਦੇਵੇਗਾ ਅਤੇ ਜੀਉਂਦਾ ਨਹੀਂ ਰਹਿਣ ਦੇਵੇਗਾ।

ਕੰਸ ਉਸ ਵੇਲੇ ਮੁਲਕ ਦਾ ਬਾਦਸ਼ਾਹ ਸੀ ਪਰ ਉਹ ਪਰਜਾ ਲਈ ਬਹੁਤ ਜ਼ਾਲਮ ਅਤੇ ਅੱਤਿਆਚਾਰੀ ਸੀ। ਕੋਈ ਭੀ ਅਮੀਰ ਜਾਂ ਮਾਇਆਧਾਰੀ ਆਦਮੀ ਹੋਵੇ; ਉਸ ਵਿਚ ਦੋ ਚਾਰ ਦੋਸ਼ ਤਾਂ ਸੁਤੇ-ਸਿੱਧ ਆ ਹੀ ਜਾਇਆ ਕਰਦੇ ਹਨ; ਕਿਉਂਕਿ ਉਸਨੂੰ ਧਨ-ਦੌਲਤ ਦਾ ਅਤੇ ਆਪਣੇ ਬਾਹੂ-ਬਲ ਦਾ ਹੰਕਾਰ ਹੁੰਦਾ ਹੈ ਅਤੇ ਹੰਕਾਰੀ ਪੁਰਸ਼ ਦਾ ਅੜੀਅਲ ਹੋਣਾ ਤਾਂ ਜ਼ਰੂਰੀ ਹੈ। ਉਹ ਨਸ਼ਈ, ਵਿਸ਼ਈ, ਮਨ-ਮਰਜ਼ੀ, ਮਨ-ਆਈ, ਪਰ-ਇਸਤ੍ਰੀ-ਗਾਮੀ ਅਤੇ ਜ਼ੋਰ ਜ਼ੁਲਮ ਕਰਨ ਲਈ ਹਮੇਸ਼ਾ ਲੱਗਾ ਰਹਿੰਦਾ ਹੈ। ਸੋ ਇਸੀ ਤਰ੍ਹਾਂ ਕੰਸ ਅੜੀਅਲ ਅਤੇ ਜ਼ਾਲਮ ਰਾਜਾ ਸੀ। ਜਿਸ ਕਾਰਣ ਬਜਾਏ ਦੇਵਤਾ ਕਹਿਣ ਤੋਂ ਲੋਕ ਉਸਨੂੰ ਰਾਖਸ਼ ਅਤੇ ਦੈਂਤ ਆਖਣ ਲੱਗ ਪਏ ਸਨ। ਕਹਿਣ ਭੀ ਕਿਉਂ ਨਾ ? ਕਿਉਂਕਿ ਉਸ ਵਿਚ ਰਾਖਸ਼ਸ਼ੀ ਬਿਰਤੀ ਅਤੇ ਹੋਰ ਕਈ ਘਟੀਆ ਦਰਜੇ ਦੇ ਔਗੁਣ ਸਨ। ਕੰਸ ਦੇ ਇਹਨਾਂ ਅੱਤਿਆਚਾਰਾਂ ਨੂੰ ਦੇਖਦੇ ਹੋਏ ਕਿਸੀ ਮਹਾਂ-ਪੁਰਸ਼ ਨੇ ਇਹ ਕਹਿ ਦਿੱਤਾ ਸੀ ਕਿ ਐਸੇ ਦੁਰਾਚਾਰੀ ਤੇ ਮਹਾਂ ਪਾਪੀ, ਅਪਰਾਧੀ ਨੂੰ ਮਾਰਨ ਵਾਲਾ ਅਵਤਾਰ ਛੇਤੀ ਹੀ ਪ੍ਰਗਟ ਹੋਣ ਵਾਲਾ ਹੈ ਅਤੇ ਹੋਵੇਗਾ ਭੀ ਇਸਦੀ ਭੈਣ ਸ੍ਰੀ ਦੇਵਕੀ ਜੀ ਦੀ ਕੁੱਖ ਤੋਂ :

**ਸਾਧ ਕਰਮ ਜੋ ਪੁਰਖ ਕਮਾਵੈ॥ ਨਾਮ ਦੇਵਤਾ ਜਗਤ ਕਹਾਵੈ॥**
**ਕੁਕ੍ਰਿਤ ਕਰਮ ਜੇ ਜਗ ਮੈ ਕਰਹੀਂ॥ ਨਾਮ ਅਸੁਰ ਤਿਨ ਕੋ ਸਭ ਧਰਹੀਂ॥੧੫॥੨॥**

*(ਬਚਿਤ੍ਰ ਨਾਟਕ)*

ਪੁਰਾਤਨ ਗ੍ਰੰਥਾਂ ਦੇ ਮਤ ਅਨੁਸਾਰ ਕੰਸ ਨੂੰ ਇਹ ਗਿਆਨ ਆਕਾਸ਼ ਬਾਣੀ ਤੋਂ ਉਸ ਸਮੇਂ ਹੋਇਆ, ਜਦ ਕਿ ਉਹ ਆਪਣੀ ਭੈਣ ਦੇਵਕੀ ਤੇ ਭਣਵਈਏ ਵਾਸੁਦੇਵ ਨੂੰ ਉਨ੍ਹਾਂ ਦੇ ਘਰ ਛੱਡਣ ਜਾ ਰਿਹਾ ਸੀ। ਕੰਸ ਉਸ ਵੇਲੇ ਰੱਥ ਚਲਾ ਰਿਹਾ ਸੀ। ਆਕਾਸ਼ ਬਾਣੀ ਸੁਣਦੇ ਹੀ ਕੰਸ ਨੇ ਭੈਣ ਨੂੰ ਕਤਲ ਕਰਨਾ ਚਾਹਿਆ ਪਰ ਉਸਦੇ ਭਣਵਈਏ ਨੇ ਮਿੰਨਤ-ਜ਼ਮਾਨਤ ਕੀਤੀ ਕਿ ਅਸੀਂ ਤੇਰੀ ਹਰ ਸ਼ਰਤ ਮੰਨਾਂਗੇ। ਕੰਸ ਨੇ ਕਿਹਾ ਕਿ ਮੈਂ ਇੱਕੋ ਸ਼ਰਤ 'ਤੇ ਜ਼ਿੰਦਾ ਛੱਡ ਸਕਦਾ ਹਾਂ ਕਿ ਤੁਹਾਨੂੰ ਬਾਕੀ ਦੀ ਉਮਰ ਮੇਰੀ ਕੈਦ ਵਿਚ ਰਹਿਣਾ ਪਵੇਗਾ ਅਤੇ ਜਿਹੜਾ ਵੀ ਬੱਚਾ ਪੈਦਾ ਹੋਏਗਾ, ਉਸ ਨੂੰ ਤੁਰੰਤ ਮਾਰ ਦਿੱਤਾ ਜਾਏਗਾ।

ਪੁਰਾਣੇ ਸਮੇਂ ਵਿਚ ਭਾਵੇਂ ਕੋਈ ਦੇਵਤਾ ਹੋਵੇ ਜਾਂ ਰਾਖਸ਼-ਦੈਂਤ ਹੋਵੇ, ਉਹ ਸੰਤਾਂ, ਸਾਧੂਆਂ, ਰਿਸ਼ੀਆਂ ਮੁਨੀਆਂ ਦਾ ਸਤਿਕਾਰ ਕਰਿਆ ਕਰਦੇ ਸਨ ਅਤੇ ਉਹਨਾਂ ਦੇ ਬਚਨਾਂ ਦਾ ਭੈ ਤਾਂ ਹਮੇਸ਼ਾ ਹੀ ਉਹਨਾਂ ਦੇ ਮਨ ਵਿਚ ਬਣਿਆ ਰਹਿੰਦਾ ਸੀ ਅਤੇ ਉਹਨਾਂ ਦੇ ਸਰਾਪ ਕੋਲੋਂ ਹਮੇਸ਼ਾ ਤ੍ਰਾਹ ਤ੍ਰਾਹ ਕੰਬਦੇ ਰਹਿੰਦੇ ਸਨ। ਕਾਰਣ ਇਹ ਸੀ ਕਿ ਪਿਛਲੇ ਸਾਧੂ ਭੀ ਉੱਚ ਕੋਟੀ ਦੇ ਹੀ ਹੁੰਦੇ ਸਨ। ਨਾਮ ਜਪਣਾ, ਵੰਡ ਕੇ ਛਕਣਾ, ਨਿਰਿੱਛਤ ਹੋਣਾ, ਜਤੀ ਹੋਣਾ, ਦਇਆ ਕਰਨੀ, ਦਇਆਵਾਨ ਹੋਣਾ ਅਤੇ ਹਮੇਸ਼ਾ ਹੀ ਪਰਮੇਸ਼ੁਰ ਦੇ ਨਾਮ ਤੋਂ ਬਿਨਾਂ ਕੋਈ ਬਚਨ ਨਾ ਕਹਿਣਾ, ਇਹ ਸਾਧੂ ਦਾ ਪਰਮ ਧਰਮ ਹੁੰਦਾ ਸੀ। ਸੋ ਐਸੇ ਸਾਧੂ ਜਦ ਭੀ ਕੋਈ ਬਚਨ ਕਰਦੇ ਸਨ ਤਾਂ ਉਹ ਟਲਦੇ ਨਹੀਂ ਸਨ ਅਤੇ ਅਵੱਸ਼ ਹੀ ਪੂਰੇ ਹੋ ਜਾਂਦੇ ਸਨ:

ਸਾਧੂ ਬੋਲੇ ਸਹਿਜ ਸੁਭਾਇ।
ਸਾਧ ਕਾ ਬੋਲਿਆ ਬਿਰਥਾ ਨ ਜਾਇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪੰਚਮ ਪਾਤਸ਼ਾਹ ਭੀ ਰਾਗ ਸਾਰਗ ਵਿਚ ਲਿਖਦੇ ਹਨ:

**ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ॥**
**ਬਚਨੁ ਗੁਰੂ ਜੋ ਪੂਰੈ ਕਹਿਓ, ਮੈ ਛੀਕਿ ਗਾਂਠਰੀ ਬਾਧਾ॥੧॥ਰਹਾਉ॥**
**ਨਿਸਿ ਬਾਸੁਰ ਨਖਿਅਤ੍ਰ ਬਿਨਾਸੀ, ਰਵਿ ਸਸੀਅਰ ਬੇਨਾਧਾ॥**
**ਗਿਰਿ ਬਸੁਧਾ ਜਲ ਪਵਨ ਜਾਇਗੋ, ਇਕਿ ਸਾਧ ਬਚਨ ਅਟਲਾਧਾ॥੧॥**
**ਅੰਡ ਬਿਨਾਸੀ, ਜੇਰ ਬਿਨਾਸੀ, ਉਤਭੁਜ ਸੇਤ ਬਿਨਾਧਾ॥**
**ਚਾਰਿ ਬਿਨਾਸੀ, ਖਟਹਿ ਬਿਨਾਸੀ, ਇਕਿ ਸਾਧ ਬਚਨ ਨਿਹਚਲਾਧਾ॥੨॥**
**ਰਾਜ ਬਿਨਾਸੀ, ਤਾਮ ਬਿਨਾਸੀ, ਸਾਤਕੁ ਭੀ ਬੇਨਾਧਾ॥**
**ਦ੍ਰਿਸਟਿਮਾਨ ਹੈ ਸਗਲ ਬਿਨਾਸੀ, ਇਕਿ ਸਾਧ ਬਚਨ ਆਗਾਧਾ॥੩॥**
**ਆਪੇ ਆਪਿ ਆਪ ਹੀ ਆਪੇ, ਸਭੁ ਆਪਨ ਖੇਲੁ ਦਿਖਾਧਾ॥**
**ਪਾਇਓ ਨ ਜਾਈ ਕਹੀ ਭਾਂਤਿ ਰੇ, ਪ੍ਰਭੁ ਨਾਨਕ ਗੁਰ ਮਿਲਿ ਲਾਧਾ॥੪॥**

*(ਸਾਰਗ ਮਹਲਾ ੫, ਪੰਨਾ 1204)*

## (2)

ਇਥੇ ਅਸੀਂ ਤੁਹਾਨੂੰ ਇਕ ਪੁਰਾਣੀ ਸਾਖੀ ਦੱਸ ਦਿੰਦੇ ਹਾਂ ਜੋ ਕਿ ਰੋਜ਼ ਸਾਡੇ ਦੇਖਣ ਅਤੇ ਸੁਣਨ ਵਿਚ ਆਉਂਦੀ ਹੈ ਅਤੇ ਹਮੇਸ਼ਾ ਆਉਂਦੀ ਰਹੇਗੀ।

ਜਿਸ ਅਸਥਾਨ ਉੱਤੇ ਦਾਸ ਸੇਵਾ ਅਤੇ ਝਾੜੂ ਬਰਦਾਰੀ ਕਰਦਾ ਹੈ, ਇਹ ਅਸਥਾਨ

ਸੰਤ ਮਹਾਰਾਜ 108 ਬ੍ਰਹਮ ਗਿਆਨੀ ਬਾਬਾ ਦਲੀਪ ਸਿੰਘ ਜੀ ਦਾ ਹੈ। ਬਾਬਾ ਜੀ ਨੇ ਇਸ ਅਸਥਾਨ ਉੱਤੇ ਭੋਰਾ ਪੁੱਟ ਕੇ 12 ਸਾਲ ਘੋਰ ਕਠਿਨ ਤਪੱਸਿਆ ਕੀਤੀ ਅਤੇ ਗੁਪਤ ਰਹੇ। ਉਹਨਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਵਾਰੀ ਸਾਖਿਆਤ ਦਰਸ਼ਨ ਹੋਏ। ਉਹਨਾਂ ਨੇ ਹੀ ਦਾਸ ਉੱਤੇ ਕ੍ਰਿਪਾ ਕੀਤੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਬਖ਼ਸ਼ੇ ਹੋਏ ਖ਼ਜ਼ਾਨੇ ਵਿੱਚੋਂ ਰਹਿਮਤ ਭਰੀ ਨਜ਼ਰ ਕੀਤੀ। ਇਹ ਪਿੰਡ ਡੁਮੇਲੀ ਬੜਾ ਪੁਰਾਣਾ ਨਗਰ ਹੈ। ਇਥੇ ਛੇਵੇਂ ਪਾਤਸ਼ਾਹ ਮੀਰੀ ਪੀਰੀ ਦੇ ਮਾਲਿਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਭੀ ਆਏ, ਜਦ ਕਿ ਉਹ ਕਰਤਾਰਪੁਰ ਤੋਂ ਕੀਰਤਪੁਰ ਸਾਹਿਬ ਜਾ ਰਹੇ ਸਨ।

ਡੁਮੇਲੀ ਦੇ ਲੋਕਾਂ ਨੇ ਪੁਜ ਕੇ ਸੇਵਾ ਕੀਤੀ ਅਤੇ ਕਈਆਂ ਨੇ ਇਥੋਂ ਗੁਰੂ ਸਾਹਿਬ ਜੀ ਨੂੰ ਜਾਣ ਹੀ ਨਹੀਂ ਦਿੱਤਾ। ਐਸਾ ਪ੍ਰੇਮ ਕੀਤਾ ਕਿ ਗੁਰੂ ਸਾਹਿਬ ਇਥੇ ਕਈ ਹਫ਼ਤੇ ਠਹਿਰੇ। ਪ੍ਰੇਮ ਦੇ ਬਾਰੇ ਤਾਂ ਭਗਤ ਰਵਿਦਾਸ ਜੀ ਭੀ ਇਉਂ ਲਿਖਦੇ ਹਨ:

**ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ॥** *(ਆਸਾ ਰਵਿਦਾਸ, ਪੰਨਾ 487)*

ਹੋ ਸਕਦਾ ਹੈ ਕਿ ਇਹਨਾਂ ਲੋਕਾਂ ਨੇ ਭਗਤ ਰਵਿਦਾਸ ਜੀ ਦੇ ਸ਼ਬਦਾਂ ਤੋਂ ਹੀ ਸਿੱਖਿਆ ਲਈ ਹੋਵੇ, ਕਿਉਂਕਿ ਸੱਚੇ ਪਾਤਸ਼ਾਹ ਆਏ ਤਾਂ ਇਕ ਦਿਨ ਲਈ ਹੀ ਸਨ, ਪਰ ਇਥੋਂ ਦੀਆਂ ਸੰਗਤਾਂ ਦਾ ਪ੍ਰੇਮ ਦੇਖ ਕੇ ਸਤਿਗੁਰੂ ਜੀ ਨੂੰ ਕਈ ਹਫ਼ਤੇ ਇਥੇ ਠਹਿਰਨਾ ਪਿਆ।

ਆਖ਼ਿਰਕਾਰ ਸਤਿਗੁਰੂ ਜੀ ਨੇ ਆਖਿਆ ਕਿ ਭਾਈ ਮੰਗੋ, ਕੀ ਮੰਗਦੇ ਹੋ। ਅਸੀਂ ਤੁਹਾਡੇ 'ਤੇ ਬੜੇ ਪ੍ਰਸੰਨ ਹਾਂ। ਸੋ ਉਸ ਵੇਲੇ ਇਕ ਬ੍ਰਿਧ ਬਾਬੇ ਨੇ ਜੋ ਕਿ ਲਗਭਗ 70-80 ਸਾਲ ਦਾ ਸੀ, ਬੜੀ ਨਿਮਰਤਾ ਨਾਲ ਹੱਥ ਜੋੜ ਕੇ ਅਰਜ਼ ਕੀਤੀ ਕਿ ਮਹਾਰਾਜ! ਆਪ ਸਾਡੇ 'ਤੇ ਦਇਆ ਕਰੋ ਅਤੇ ਸਾਨੂੰ ਜ਼ਹਿਰੀਲੇ ਨਾਗਾਂ ਦੇ ਤਿੱਖੇ ਡੰਗਾਂ ਤੋਂ ਬਚਾਓ ਅਤੇ ਫ਼ਕੀਰ ਦੇ ਲੱਗੇ ਹੋਏ ਸਰਾਪ ਤੋਂ ਭੀ ਬਚਾਓ। ਕਿਉਂਕਿ ਜਦ ਤੋਂ ਇਸ ਪਿੰਡ ਨੂੰ ਫ਼ਕੀਰ ਦਾ ਸਰਾਪ ਹੋਇਆ ਹੈ, ਉਸ ਦਿਨ ਤੋਂ ਹੀ ਹਰ ਸਾਲ ਇਹ ਪਿੰਡ ਸੜ ਕੇ ਸੁਆਹ ਹੋ ਜਾਂਦਾ ਹੈ। ਤਦ ਗੁਰੂ ਸਾਹਿਬ ਨੇ ਬਚਨ ਕੀਤਾ ਕਿ ਫ਼ਕੀਰ ਤਾਂ ਹਮੇਸ਼ਾ ਵਰ ਦਿੰਦੇ ਹਨ, ਪਰ ਤੁਸਾਂ ਨੇ ਸਰਾਪ ਕਿਵੇਂ ਲੈ ਲਿਆ? ਜਲਦੀ ਹੀ ਇਕ ਨੌਜਵਾਨ ਸਿੱਖ ਉੱਠਿਆ ਅਤੇ ਕਹਿਣ ਲੱਗਾ ਕਿ ਸਾਡੇ ਨਗਰ ਵਿਚ ਇਕ ਬੜੇ ਪਹੁੰਚੇ ਹੋਏ ਫ਼ਕੀਰ ਰਹਿੰਦੇ ਸਨ ਅਤੇ ਪ੍ਰਸ਼ਾਦਾ ਮੰਗ ਕੇ ਹੀ ਛਕਿਆ ਕਰਦੇ ਸਨ। ਉਹਨਾਂ ਦਾ ਪ੍ਰਸ਼ਾਦਾ ਛਕਣ ਦਾ ਤਰੀਕਾ ਇਹ ਸੀ ਕਿ ਉਹਨਾਂ ਨੇ ਗਲੀਓਂ ਗਲੀ ਤੁਰੇ ਜਾਣਾ ਅਤੇ ਸਤਿਨਾਮ ਦਾ ਹੋਕਾ ਦੇਈ ਜਾਣਾ, ਪਿੱਛੋਂ ਜੇ ਕੋਈ ਆਵਾਜ਼ ਮਾਰ ਕੇ ਪ੍ਰਸ਼ਾਦਾ ਦੇ ਦੇਵੇ ਤਾਂ ਹੱਥ 'ਤੇ ਰੱਖ ਕੇ ਉਥੇ ਹੀ ਛਕ ਲੈਣਾ, ਪਰ ਕਿਸੇ ਦੇ ਘਰ ਅੰਦਰ ਨਹੀਂ ਜਾਣਾ। ਜੇਕਰ ਪ੍ਰਸ਼ਾਦੇ ਦੀ ਹੋਰ ਭੁੱਖ ਹੁੰਦੀ ਤਾਂ ਅਗਲੀ ਗਲੀ ਵਿਚ ਜਾ ਕੇ ਸਤਿਨਾਮ ਦਾ ਆਵਾਜ਼ਾ ਦੇ ਦੇਂਦੇ ਅਤੇ ਜੇ ਹੋਰ ਰੁਚੀ ਨਾ ਹੁੰਦੀ ਤਾਂ ਉਥੋਂ ਹੀ ਵਾਪਸ ਹੋ ਜਾਂਦੇ ਅਤੇ ਆਪਣੀ ਕੁਟੀਆ ਵਿਚ ਪਹੁੰਚ ਕੇ ਭਗਤੀ ਵਿਚ ਲੀਨ ਹੋ ਜਾਂਦੇ।

ਇਕ ਦਿਨ ਉਹ ਫ਼ਕੀਰ ਤੜਕੇ ਦੋ ਵਜੇ ਉੱਠਿਆ, ਸਿਆਲ ਦੀਆਂ ਰਾਤਾਂ ਸਨ। ਕੱਕਰ ਪਿਆ ਹੋਇਆ ਸੀ ਅਤੇ ਕਮਾਦ ਪੀੜ ਹੁੰਦੇ ਸਨ। ਇਕ ਚੱਲ ਰਹੇ ਵੇਲਣੇ 'ਤੇ ਜਾ ਕੇ ਕਿਸਾਨ ਤੋਂ ਰਸ ਦਾ ਇਕ ਬਾਟਾ ਪੀਣ ਲਈ ਮੰਗਿਆ। ਫ਼ਕੀਰ ਦੀ ਆਵਾਜ਼ ਸੁਣ ਕੇ ਕਿਸਾਨ ਕੜਕੜਾ ਕੇ ਬੋਲਿਆ ਕਿ ਤੈਨੂੰ ਤੜਕੇ ਹੀ ਅੱਗ ਲੱਗੀ ਹੋਈ ਆ; ਅਜੇ ਤਾਂ ਮੈਂ ਚਾਰ ਗੰਨੇ ਭੀ ਨਹੀਂ ਪੀੜੇ ਤੇ ਹੁਣੇ ਹੀ ਤੂੰ ਆ ਗਿਆ ਏਂ, ਰਸ ਮੰਗਣ! ਪਰੇ ਹੋ ਕੇ ਬੈਠ, ਦਿੰਦਾ ਹਾਂ ਬਾਟਾ ਤੈਨੂੰ ਰਸ ਦਾ! ਫ਼ਕੀਰ ਰੱਬ ਦਾ ਪਿਆਰਾ ਸੀ। ਸਦਾ

ਸੱਚ ਬੋਲਦਾ ਸੀ ਅਤੇ ਸੱਚਾ ਇਰਾਦਾ ਰੱਖਦਾ ਸੀ। ਉਸਨੇ ਇਹ ਕੌੜਾ ਬੋਲ ਸੁਣਦਿਆਂ ਹੀ ਆਪਣਾ ਰਾਹ ਫੜਿਆ ਅਤੇ ਜਾਂਦਾ ਜਾਂਦਾ ਬੋਲ ਬੋਲ ਗਿਆ ਕਿ ਭਾਈ, ਮੈਨੂੰ ਕਾਹਨੂੰ ਅੱਗ ਲੱਗੇ, ਜੇਕਰ ਤੁਹਾਡੇ ਅੰਦਰੋਂ ਅੱਗ ਨਿਕਲਦੀ ਹੈ ਤਾਂ ਰੱਬ ਤੁਹਾਨੂੰ ਹੀ ਅੱਗ ਲਾਵੇ ਅਤੇ ਇਸ ਅੱਗ ਨਾਲ ਤੁਹਾਨੂੰ ਜਾਲੇ, ਮੈਨੂੰ ਕਾਹਨੂੰ ਸਾੜੇ। ਮੈਂ ਤਾਂ ਨਾਮ ਜਪਦਾ ਹਾਂ। ਸੋ ਫ਼ਕੀਰ ਦੇ ਅੱਖਾਂ ਤੋਂ ਓਹਲੇ ਹੁੰਦਿਆਂ ਹੀ ਕਿਸਾਨ ਦੀਆਂ ਅੱਖਾਂ 'ਚੋਂ ਅੱਗ ਨਿਕਲਣ ਲੱਗੀ, ਸਰੀਰ ਤਪਣ ਲੱਗਾ, ਅਤੇ ਉਸਦਾ ਆਪਣਾ ਝੌਂਪੜਾ ਮਿੰਟਾਂ ਸਕਿੰਟਾਂ ਵਿਚ ਕੁਦਰਤੀ ਅੱਗ ਦੀਆਂ ਲਾਟਾਂ ਦਾ ਸ਼ਿਕਾਰ ਹੋ ਗਿਆ ਅਤੇ ਨਾਲ ਹੀ ਪਿੰਡ ਡੁਮੇਲੀ ਵੀ ਸਾਰੇ ਦਾ ਸਾਰਾ ਸੜ ਕੇ ਸੁਆਹ ਹੋ ਗਿਆ ਅਤੇ ਦੇਖਦਿਆਂ ਦੇਖਦਿਆਂ ਹੀ ਮਿੱਟੀ ਦੀ ਢੇਰੀ ਬਣ ਗਿਆ।

ਸੋ ਸੱਚੇ ਸਤਿਗੁਰੂ ਜੀ ਉਸ ਦਿਨ ਤੋਂ ਹਰ ਸਾਲ ਸਾਡੇ ਸਾਰੇ ਨਗਰ ਨੂੰ ਆਪਣੇ ਆਪ ਅੱਗ ਲੱਗ ਜਾਂਦੀ ਹੈ ਅਤੇ ਸਾਰਾ ਪਿੰਡ ਸੜ ਕੇ ਸੁਆਹ ਹੋ ਜਾਂਦਾ ਹੈ। ਸਾਨੂੰ ਨਵੇਂ ਕੁੱਲੇ ਬਣਾ ਕੇ ਰਹਿਣਾ ਪੈਂਦਾ ਹੈ। ਸੋ ਹੁਣ ਆਪ ਕ੍ਰਿਪਾ ਕਰੋ ਕਿ ਪਿੰਡ ਜਲਣੋਂ ਹੱਟ ਜਾਵੇ ਅਤੇ ਸੱਪਾਂ ਦੇ ਤਿੱਖਿਆਂ ਡੰਗਾਂ ਤੋਂ ਬਚ ਜਾਈਏ।

ਤਾਂ ਸੱਚੇ ਸਤਿਗੁਰੂ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, "ਗਈ ਬਹੋੜੁ ਬੰਦੀ ਛੋੜੁ" ਨੇ ਆਪਣੇ ਮੁਖਾਰਬਿੰਦ ਤੋਂ ਫ਼ੁਰਮਾਇਆ "ਕਿ ਅਗਰ ਤੁਹਾਡੇ ਪਿੰਡ ਦੇ ਕਿਸੇ ਬੰਦੇ ਨੂੰ ਨਾਗ ਡੱਸ ਜਾਵੇ ਤਾਂ ਉਹ ਮਰੇਗਾ ਨਹੀਂ ਅਤੇ ਨਾ ਹੀ ਨਾਗ ਦਾ ਚਲਾਇਆ ਹੋਇਆ ਡੰਗ ਚਲੇਗਾ। ਜੇਕਰ ਡੱਸੇ ਹੋਏ ਨਾਗ ਵਾਲਾ ਕੋਈ ਆਦਮੀ ਬਾਹਰੋਂ ਵੀ ਪਿੰਡ ਡੁਮੇਲੀ ਦੀ ਜੂਹ ਵਿਚ ਆ ਜਾਵੇ ਤਾਂ ਉਸਦੇ ਸਰੀਰ ਉੱਤੇ ਸੱਪ ਦੀ ਜ਼ਹਿਰ ਕੋਈ ਅਸਰ ਨਹੀਂ ਕਰੇਗੀ ਅਤੇ ਮੌਤ ਤੋਂ ਭੀ ਉਹ ਬੱਚ ਜਾਵੇਗਾ। ਪਰ :

ਸਾਧੂ ਬੋਲੇ ਸਹਿਜ ਸੁਭਾਇ।
ਸਾਧ ਕਾ ਬੋਲਿਆ ਬਿਰਥਾ ਨਾ ਜਾਇ।

ਸੋ ਪ੍ਰੇਮੀਓ, ਨੇਮੀਓ ਅਤੇ ਸੇਵਾ ਕਰਨ ਵਾਲੇ ਸਿੱਖੋ, ਸਾਧੂਆਂ ਅਤੇ ਫ਼ਕੀਰਾਂ ਦੇ ਬੋਲ, ਬੋਲੇ ਹੋਏ ਟੱਲਦੇ ਨਹੀਂ ਹਨ ਅਤੇ ਨਾ ਹੀ ਉਹਨਾਂ ਨੂੰ ਕੋਈ ਟਾਲ ਸਕਦਾ ਹੈ। ਪਰ ਤੁਸਾਂ ਨੇ ਸਾਡੀ ਸੇਵਾ ਕੀਤੀ ਹੈ ਅਤੇ ਸਾਨੂੰ ਖ਼ੁਸ਼ ਕੀਤਾ ਹੈ, ਸੋ ਸਾਧੂ ਦਾ ਬੋਲਿਆ ਤਾਂ ਅਟੱਲ ਰਹੇਗਾ ਅਤੇ ਫ਼ਕੀਰ ਦੇ ਬਚਨਾਂ ਅਨੁਸਾਰ ਉਸ ਦਿਨ ਅੱਗ ਭੀ ਜ਼ਰੂਰ ਲੱਗਿਆ ਕਰੇਗੀ, ਪਰ ਜਿਥੇ ਲੱਗੇਗੀ ਉਥੇ ਹੀ ਬੁਝ ਜਾਵੇਗੀ ਅਤੇ ਤੁਹਾਡੇ ਪਿੰਡ ਦਾ ਕੋਈ ਨੁਕਸਾਨ ਨਹੀਂ ਹੋਵੇਗਾ। ਸੋ ਇਸ ਤਰ੍ਹਾਂ ਉਸ ਦਿਨ ਤੋਂ ਇਸ ਪਿੰਡ ਨੂੰ ਹਰ ਸਾਲ ਅੱਗ ਤਾਂ ਜ਼ਰੂਰ ਲੱਗ ਜਾਂਦੀ ਹੈ, ਪਰ ਨੁਕਸਾਨ ਕਦੀ ਕੋਈ ਨਹੀਂ ਹੁੰਦਾ। ਜਿਥੇ ਅੱਗ ਲੱਗਦੀ ਹੈ, ਉਥੇ ਹੀ ਬੁਝ ਜਾਂਦੀ। ਸੋ ਇਹੋ ਜਿਹੀ ਸ਼ਕਤੀ ਸਾਧੂ, ਫ਼ਕੀਰਾਂ, ਸੰਤਾਂ, ਮਹਾਂਪੁਰਖਾਂ ਦੇ ਬਚਨਾਂ ਵਿਚ ਹੁੰਦੀ ਹੈ।

ਸੋ 108 ਬ੍ਰਹਮ ਗਿਆਨੀ ਸ੍ਰੀ ਮਾਨ ਸੰਤ ਬਾਬਾ ਦਲੀਪ ਸਿੰਘ ਜੀ ਦੇ ਜਿਨ੍ਹਾਂ ਨੇ ਦਰਸ਼ਨ ਕੀਤੇ ਹਨ, ਉਹਨਾਂ ਨੂੰ ਪਤਾ ਹੈ ਕਿ ਉਹਨਾਂ ਦੇ ਬਚਨਾਂ ਵਿਚ ਕਿਤਨੀ ਸ਼ਕਤੀ ਸੀ। ਜੇ ਉਹ ਸੁਤੇ-ਸਿੱਧ ਹੀ ਕਿਸੇ ਨੂੰ ਬਚਨ ਕਹਿ ਦਿੰਦੇ ਸਨ, ਤਾਂ ਉਹ ਪੂਰਾ ਹੋ ਜਾਂਦਾ ਸੀ ਪਰ ਉਹ "ਨਾ ਕੋ ਬੈਰੀ ਨਹੀ ਬਿਗਾਨਾ" ਵਾਲੀ ਬਿਰਤੀ ਰੱਖਦੇ ਸਨ। ਕ੍ਰੋਧ ਤਾਂ ਉਹਨਾਂ ਨੂੰ ਕਦੀ ਆਉਂਦਾ ਹੀ ਨਹੀਂ ਸੀ ਅਤੇ ਨਾ ਹੀ ਉਹਨਾਂ ਨੂੰ ਕਿਸੇ ਕ੍ਰੋਧ ਵਿਚ ਆਇਆਂ ਦੇਖਿਆ ਹੀ ਸੀ। ਉਹ ਸ਼ਾਂਤ ਸਰੂਪ, ਸਤਿ ਚਿਤ ਅਨੰਦ ਰੂਪ ਵਿਚ ਮਗਨ ਰਹਿੰਦੇ ਸਨ। ਉਹਨਾਂ ਦੇ ਕੀਤੇ ਹੋਏ ਬਚਨ, ਬੋਲੇ ਹੋਏ ਸ਼ਬਦ ਪਾਠਕਾਂ ਨੂੰ ਫੇਰ ਅੱਗੇ ਦੱਸੇ ਜਾਣਗੇ।

ਆਓ! ਅਸੀਂ ਹੁਣ ਉਥੇ ਹੀ ਆਈਏ। ਕਿਉਂਕਿ ਅਸਾਂ ਨੇ ਹੁਣ ਉਹੀ ਵਿਚਾਰ ਕਰਨੀ ਹੈ ਜਿਹੜੀ ਕਿ ਪਿੱਛੇ ਛੱਡ ਆਏ ਹਾਂ। ਜ਼ਾਲਮ ਕੰਸ ਰਾਤ ਦਿਨ ਸੋਚ ਰਿਹਾ ਸੀ, ਕਿਉਂਕਿ ਉਸ ਨੂੰ ਆਪਣੀ ਮੌਤ ਦਾ ਫ਼ਿਕਰ ਸੀ। ਹੋਵੇ ਵੀ ਕਿਉਂ ਨਾ, ਉਹ ਵਕਤ ਦਾ ਬਾਦਸ਼ਾਹ ਸੀ, ਅਤੇ ਬਾਦਸ਼ਾਹ ਕਦੋਂ ਮਰਨਾ ਚਾਹੁੰਦਾ ਸੀ। ਮਰਨਾ ਤਾਂ ਗ਼ਰੀਬ ਵੀ ਨਹੀਂ ਚਾਹੁੰਦਾ, ਭਾਵੇਂ ਉਹ ਕਿੰਨਾ ਦੁਖੀ ਹੋਵੇ। ਇਨਸਾਨ ਤਾਂ ਕੀ, ਧਰਤੀ 'ਤੇ ਪੈਦਾ ਹੋਣ ਵਾਲਾ ਕੋਈ ਹੈਵਾਨ, ਪੰਛੀ, ਪਸ਼ੂ, ਰਾਖਸ਼, ਦੇਵਤਾ, ਕੀੜਾ, ਮਕੌੜਾ ਭਾਵ ਕੋਈ ਵੀ ਨਿੱਕੇ ਤੋਂ ਨਿੱਕਾ ਅਤੇ ਦੁਖੀ ਤੋਂ ਦੁਖੀ ਜੀਵ ਭੀ ਮਰਨਾ ਨਹੀਂ ਚਾਹੁੰਦਾ, ਭਾਵੇਂ ਉਸਨੂੰ ਕਿਤਨਾ ਵੀ ਖ਼ਰਾਬ ਤੇ ਬੇਢੰਗਾ ਸਰੀਰ ਕਿਉਂ ਨਾ ਮਿਲਿਆ ਹੋਇਆ ਹੋਵੇ।

ਸੋ ਕੰਸ ਨੇ ਤਾਂ ਮੁੱਢ ਤੋਂ ਹੀ ਜ਼ੁਲਮ 'ਤੇ ਲੱਕ ਬੰਨ੍ਹਿਆ ਹੋਇਆ ਸੀ। ਜ਼ੁਲਮ ਕਰਨ ਲੱਗਿਆਂ ਉਹ ਕਦੀ ਵੀ ਸੋਚਦਾ ਨਹੀਂ ਸੀ ਅਤੇ ਨਾ ਹੀ ਕਦੇ ਸ਼ਰਮਾਉਂਦਾ ਸੀ। ਭਰਾ ਲਈ ਜੱਗ 'ਤੇ ਭੈਣ ਦੇ ਰਿਸ਼ਤੇ ਨਾਲੋਂ ਹੋਰ ਕਿਹੜਾ ਚੰਗਾ ਤੇ ਨੇੜੇ ਦਾ ਰਿਸ਼ਤਾ ਹੋ ਸਕਦਾ ਹੈ। ਪਰ ਉਸਨੇ ਤਾਂ ਇਹ ਸੁਣਦਿਆਂ ਹੀ ਕਿ ਤੇਰੀ ਭੈਣ ਦੀ ਕੁੱਖੋਂ ਤੈਨੂੰ ਮਾਰਨ ਵਾਲਾ ਪੈਦਾ ਹੋਵੇਗਾ, ਭੈਣ ਅਤੇ ਭਣਵਈਏ ਨੂੰ ਜੇਲ੍ਹ ਵਿਚ ਸੁੱਟਣ ਦੀ ਗੱਲ ਕੀਤੀ। ਜੇਲ੍ਹ ਵੀ ਇਤਨੀ ਲੰਬੀ ਕਿ ਜਿਸਦਾ ਮਹੀਨੇ ਜਾਂ ਸਾਲਾਂ ਦਾ ਕੋਈ ਅੰਦਾਜ਼ਾ ਨਹੀਂ ਸੀ। ਇਥੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਉਸਨੇ ਉਨ੍ਹਾਂ ਨੂੰ ਉਮਰ ਕੈਦ ਕਰ ਦਿੱਤਾ। ਸ੍ਰੀ ਦੇਵਕੀ ਜੀ ਅਤੇ ਵਾਸੁਦੇਵ ਪੂਰਨ ਭਰੋਸੇ ਵਾਲੇ, ਪਰਮਾਤਮਾ ਦੀ ਬੰਦਗੀ ਕਰਨ ਵਾਲੇ ਸਨ। ਉਹ ਪਰਮੇਸ਼੍ਵਰ ਨੂੰ ਸਦਾ ਹਾਜ਼ਰ ਨਾਜ਼ਰ ਸਮਝਦੇ, ਅੱਠੇ ਪਹਿਰ ਸਮਾਧੀ ਵਿਚ ਲੀਨ ਰਹਿੰਦੇ, ਸੱਚੇ ਨਾਮ ਦਾ ਸਿਮਰਨ ਕਰਦੇ ਰਹਿੰਦੇ ਅਤੇ ਇਹ ਜੋ ਕੁਝ ਹੋ ਰਿਹਾ ਸੀ, ਇਸਨੂੰ ਪਰਮਾਤਮਾ ਦਾ ਹੁਕਮ ਸਮਝਦੇ ਸਨ।

ਇਧਰ ਕੰਸ ਲਈ ਤਾਂ ਅੱਜ ਦੇਵਕੀ ਨਾ ਉਸਦੀ ਭੈਣ ਸੀ ਅਤੇ ਨਾ ਹੀ ਵਾਸੁਦੇਵ ਉਸਦਾ ਭਣਵਈਆ ਸੀ। ਉਸਨੇ ਭੈਣ ਦਾ ਰਿਸ਼ਤਾ ਤਾਂ ਉਸ ਦਿਨ ਤੋਂ ਹੀ ਤੋੜ ਦਿੱਤਾ ਸੀ ਜਦ ਤੋਂ ਉਸਨੂੰ ਪਤਾ ਲੱਗਾ ਕਿ ਇਸਦੇ ਗਰਭ ਤੋਂ ਪ੍ਰਗਟ ਹੋਣ ਵਾਲੇ ਨੇ ਹੀ ਮੇਰਾ ਅੰਤ ਕਰਨਾ ਹੈ। ਆਪਣੀ ਆਉਣ ਵਾਲੀ ਮੌਤ ਤੋਂ ਬਚਣ ਲਈ ਉਹ ਆਪਣੀ ਭੈਣ ਨੂੰ ਦੁਸ਼ਮਣ ਸਮਝ ਕੇ ਵੱਧ ਤੋਂ ਵੱਧ ਤਸੀਹੇ ਦੇਣ ਲੱਗਾ ਅਤੇ ਜ਼ੁਲਮ ਕਰਨ ਲੱਗਾ। ਜੇਕਰ ਇਹ ਸਾਰੀ ਦੀ ਸਾਰੀ ਕਥਾ ਲਿਖਣ ਲੱਗੀਏ ਤਾਂ ਇਹ ਕਿਤਾਬ ਗ੍ਰੰਥ ਦਾ ਰੂਪ ਧਾਰਨ ਕਰ ਲਵੇਗੀ ਅਤੇ ਅਸੀਂ ਆਪਣੇ ਉਦੇਸ਼ ਤੋਂ ਦੂਰ ਹੋ ਜਾਵਾਂਗੇ। ਇਸ ਲਈ ਇਥੇ ਤਾਂ ਅਸੀਂ ਤੁਹਾਨੂੰ ਸਿਰਫ਼ ਟੂਕ ਮਾਤਰ ਹੀ ਦੱਸਣਾ ਹੈ। ਸੋ ਜਦ ਵੀ ਜੇਲ੍ਹ ਵਿਚ ਦੇਵਕੀ ਦਾ ਬੱਚਾ ਪੈਦਾ ਹੁੰਦਾ ਤਾਂ ਕੰਸ ਝੱਟ ਹੀ ਮਾਰ ਦਿੰਦਾ। ਬੱਚੇ ਨੂੰ ਦੋ ਸਾਹ ਭੀ ਨਹੀਂ ਸੀ ਲੈਣ ਦਿੰਦਾ।

ਦੇਵਕੀ ਦਾ ਵਿਆਹ ਕਾਹਦਾ ਹੋਇਆ ਮਾਨੋ ਮੁਸੀਬਤਾਂ ਦੇ ਪਹਾੜ ਹੀ ਢਹਿ ਪਏ ਅਤੇ ਦੁੱਖਾਂ ਦੇ ਸਮੁੰਦਰ ਵਿਚ ਗੋਤੇ ਖਾਣ ਲੱਗੀ। ਗੋਤਾ ਭੀ ਇਹੋ ਜਿਹਾ, ਜਿਸਦੀ ਕੋਈ ਮੁਨਿਆਦ ਹੀ ਨਹੀਂ ਸੀ ਕਿ ਕਦ ਉਹ ਤਰ ਕੇ ਬਾਹਰ ਨਿਕਲੇ। ਉਪਰੋਂ ਥਲੀ ਦੇਵਕੀ ਦੇ ਜੇਲ੍ਹ ਵਿਚ ਸੱਤ ਬੱਚੇ ਪੈਦਾ ਹੋਏ ਅਤੇ ਸੱਤੇ ਹੀ ਦੁਸ਼ਟ ਕੰਸ ਦੇ ਹੱਥੋਂ ਮਾਰੇ ਗਏ। ਕਿਹਾ ਜਾਂਦਾ ਹੈ ਕਿ 'ਰੱਖੇ ਰੱਬ ਤਾਂ ਮਾਰੇ ਕੌਣ।' ਸੋ ਜਦ ਅੱਠਵਾਂ ਬੱਚਾ ਪੈਦਾ ਹੋਇਆ ਤਾਂ ਪਰਮੇਸ਼੍ਵਰ ਨੇ ਇਹੋ ਜਿਹੀ ਲੀਲ੍ਹਾ ਵਰਤਾਈ ਕਿ ਲੜਕੇ ਦੇ ਵਟਾਂਦਰੇ ਉਸਨੂੰ ਕਿਸੇ ਹੋਰ ਦੀ ਲੜਕੀ ਦਿਖਾਈ ਗਈ। ਨਿਰਦਈ ਕੰਸ ਲੜਕੀ ਨੂੰ ਮਾਰ ਕੇ ਸਦਾ ਲਈ ਸੰਤੁਸ਼ਟ ਹੋ ਗਿਆ ਕਿ ਹੁਣ ਮੈਨੂੰ ਮਾਰਨ ਵਾਲਾ ਕੋਈ ਨਹੀਂ ਹੈ। ਕਈ ਰਾਤਾਂ ਤਾਂ ਉਸ ਚੰਗੀਆਂ

ਕੱਟੀਆਂ ਅਤੇ ਸੁਖ ਦੀ ਨੀਂਦੇ ਸੁੱਤਾ। ਪਰ ਥੋੜੇ ਚਿਰ ਬਾਅਦ ਹੀ ਉਸਨੂੰ ਪਤਾ ਲੱਗ ਗਿਆ ਕਿ ਉਸਨੂੰ ਮਾਰਨ ਵਾਲਾ ਗੋਕਲ ਵਿਚ ਪਲ ਰਿਹਾ ਹੈ ਅਤੇ ਜਵਾਨ ਹੋ ਰਿਹਾ ਹੈ। ਜੋ ਛੇਤੀ ਹੀ ਉਸਦੀ ਮੌਤ ਕਰ ਦੇਵੇਗਾ। ਇਥੇ ਪਾਠਕਾਂ ਨੂੰ ਅਸੀਂ ਇਹ ਦੱਸਣਾ ਜ਼ਰੂਰੀ ਸਮਝਦੇ ਹਾਂ ਕਿ ਸ੍ਰੀ ਕ੍ਰਿਸ਼ਨ ਜੀ ਦੇ ਜਨਮ ਸਮੇਂ ਦੀਆਂ ਕਈ ਕਿਵਦੰਤੀਆ (ਦੰਦਕਥਾਵਾਂ) ਸੁਣੀਆਂ ਗਈਆਂ ਅਤੇ ਲਿਖੀਆਂ ਗਈਆਂ। ਪਰ ਲੇਖਕ ਦਾ ਇਥੇ ਇਹ ਸਭ ਕੁਝ ਲਿਖਣ ਦਾ ਮਕਸਦ ਨਹੀਂ ਹੈ ਕਿਉਂਕਿ ਮੇਰਾ ਨਿਸ਼ਾਨਾ ਅੱਗੇ ਹੋਰ ਬਹੁਤ ਕੁਝ ਦੱਸਣ ਦਾ ਹੈ। ਸੋ ਦੁਸ਼ਟ ਕੰਸ ਨੇ ਇਹ ਸੁਣਦਿਆਂ ਹੀ ਸਿਰ ਤੋਂ ਲੈ ਕੇ ਪੈਰਾਂ ਤਕ ਯਤਨ ਕੀਤਾ ਕਿ ਉਸ ਬਾਲਕ ਨੂੰ ਲੱਭ ਕੇ ਜਲਦੀ ਤੋਂ ਜਲਦੀ ਮਾਰ ਦਿੱਤਾ ਜਾਵੇ। ਸੋ ਉਸਨੇ ਜ਼ਹਿਰਾਂ ਦਿੱਤੀਆਂ ਅਤੇ ਦਵਾਈਆਂ, ਵੱਡੇ-ਵੱਡੇ ਰਾਖਸ਼ ਭੇਜ ਕੇ ਹਮਲੇ ਭੀ ਕਰਵਾਏ; ਪਰ ਹਰੀ ਕ੍ਰਿਸ਼ਨ ਜੀ ਖ਼ੁਦ ਹਰੀ ਹੀ ਸਨ ਕਿਉਂਕਿ ਉਹ ਤਾਂ ਪਰਮਾਤਮਾ ਆਪ ਹੀ ਰੂਪ ਧਾਰ ਕੇ ਦੁਸ਼ਟਾਂ ਦਾ ਨਾਸ ਕਰਨ, ਧਰਤੀ ਦਾ ਭਾਰ ਦੂਰ ਕਰਨ, ਮਲੇਛਾਂ ਦਾ ਖ਼ਾਤਮਾ ਕਰਨ, ਭਗਤਾਂ ਦੀ ਲੱਜਿਆ ਰੱਖਣ, ਅਤੇ ਆਪਣੇ ਬਿਰਦ ਬਾਣੇ ਦਾ ਅੰਗ ਪਾਲਣ ਲਈ ਆਪ ਹਰੀ ਨਾਰਾਇਣ ਆਏ ਸਨ। ਕਿਉਂਕਿ ਭਾਈ ਗੁਰਦਾਸ ਜੀ ਭੀ ਲਿਖਦੇ ਹਨ ਕਿ:

**ਨਾਥਾਂ ਅਨਾਥਾਂ ਬਾਣਿ ਧੁਰਾਂਦੀ ॥੮॥੧੦॥**

## (3)

ਸਤਿਜੁਗ ਤੋਂ ਲੈ ਕੇ ਅੱਜ ਤਕ ਜਦੋਂ ਭੀ ਜ਼ੁਲਮ ਵਧਦਾ ਰਿਹਾ ਹੈ, ਓਦੋਂ ਹੀ ਪਰਮੇਸ਼ੁਰ ਕਿਸੇ ਨਾ ਕਿਸੇ ਰੂਪ ਵਿਚ ਪੈਦਾ ਹੋ ਕੇ, ਧਰਤੀ ਦਾ ਦੁਖ ਦੂਰ ਕਰਦੇ, ਦੁਸ਼ਟਾਂ ਨੂੰ ਮਾਰਦੇ, ਰਾਖਸ਼ਾਂ ਅਤੇ ਦੈਂਤਾਂ ਦਾ ਨਾਸ ਕਰਦੇ, ਭਗਤ ਜਨਾਂ ਦੀ ਅਤੇ ਗਊ ਗ਼ਰੀਬ ਦੀ ਰੱਖਿਆ ਕਰਦੇ ਆਏ ਹਨ। ਕੰਸ ਇਕੱਲਾ ਇਹੋ ਇਕ ਕੰਸ ਨਹੀਂ ਸੀ। ਇਹੋ ਜਿਹੇ ਕੰਸ ਸਤਿਜੁਗ, ਤ੍ਰੇਤਾ, ਦੁਆਪਰ ਵਿਚ ਬਹੁਤ ਹੁੰਦੇ ਆਏ ਪਰ ਅਸੀਂ ਤੁਹਾਨੂੰ ਇਕ ਕਲਜੁਗ ਦੇ ਕੰਸ ਦਾ ਭੀ ਵਰਣਨ ਕਰ ਕੇ ਦੱਸਦੇ ਹਾਂ।

ਗੁਰੂ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਲਿਖਦੇ ਹਨ:

**ਸਾਰਗ ਮਹਲਾ ੪**
**ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥**
**ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ॥੧॥ਰਹਾਉ॥**
**ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ ॥**
**ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪ ॥੧॥**
**ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨ ਕੇ ਜਾਪਹੁ ਜਾਪ ॥**
**ਉਪਦੇਸੁ ਕਰਤ ਨਾਨਕ ਜਨ ਤੁਮ ਕਉ ਜਉ ਸੁਨਹੁ ਤਉ ਜਾਇ ਸੰਤਾਪ ॥੨॥**

*(ਪੰਨਾ 1200)*

ਸ੍ਰੀ ਗੁਰੂ ਰਾਮਦਾਸ ਜੀ ਦੇ ਤਿੰਨ ਸਪੁੱਤਰ ਸਨ। ਪਿਤਾ ਗੁਰੂ ਨੇ ਪੁੱਤਰਾਂ ਵਿੱਚੋਂ ਇਕ ਪੁੱਤਰ ਲਾਇਕ ਦੇਖ ਕੇ ਆਪਣੀ ਸ਼ਕਤੀ ਦਿੱਤੀ ਅਤੇ ਗੱਦੀ ਉੱਤੇ ਬਿਠਾਇਆ। ਜਿਹਨਾਂ ਦਾ ਨਾਮ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਸੀ। ਜਿਵੇਂ ਭੱਟਾਂ ਦੇ ਸਵੱਈਆਂ ਵਿਚ ਲਿਖਿਆ ਹੈ:

**ਗੁਰ ਰਾਮਦਾਸ ਦਰਸਨੁ ਪਰਸਿ, ਕਹਿ ਮਥੁਰਾ ਅੰਮ੍ਰਿਤ ਬਯਣ ॥**
**ਮੂਰਤਿ ਪੰਚ ਪ੍ਰਮਾਣ ਪੁਰਖੁ, ਗੁਰੁ ਅਰਜੁਨੁ ਪਿਖਹੁ ਨਯਣ ॥੧॥** *(ਪੰਨਾ 1408)*

ਉਹਨਾਂ ਦੇ ਵੱਡੇ ਭਾਈ ਪ੍ਰਿਥੀਏ ਨੇ ਸਿਰ-ਤੋੜ ਯਤਨ ਕੀਤਾ ਕਿ ਉਹਨਾਂ ਦੀ ਸ਼ਕਤੀ ਨਾ ਚੱਲੇ ਅਤੇ ਦੁਨੀਆ ਵਿਚ ਵਡਿਆਈ ਨਾ ਹੋਵੇ। ਪਰ ਸਤਿਗੁਰੂ ਗੁਰੂ ਅਰਜਨ ਦੇਵ ਜੀ, ਆਪ ਸਤਿਗੁਰੂ ਸਨ, ਸੱਚੇ ਸਨ, ਸੱਚੇ ਸਤਿਗੁਰੂ ਦੀ ਗੱਦੀ ਉੱਤੇ ਬੈਠੇ ਸਨ। ਪੰਜਵੀਂ ਜੋਤਿ ਦੀ ਸ਼ਕਤੀ ਸੀ, ਸ਼ਾਂਤੀ ਦੇ ਪੁੰਜ, ਅਤੇ ਸ਼ਹੀਦਾਂ ਦੇ ਸਿਰਤਾਜ ਸਨ। ਜਿਵੇਂ ਕਿ:

**ਜੋਤਿ ਓਹਾ, ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ॥**
**ਝੁਲੈ ਸੁ ਛਤੁ ਨਿਰੰਜਨੀ, ਮਲਿ ਤਖਤੁ ਬੈਠਾ ਗੁਰ ਹਟੀਐ॥** *(ਪੰਨਾ 966)*

ਜਦ ਰੱਬ ਆਪ ਹੀ ਪ੍ਰਗਟ ਹੋਇਆ ਹੋਵੇ, ਤਾਂ ਕਿਸੇ ਦੀ ਕੀ ਮਜਾਲ ਹੈ ਕਿ ਕੋਈ ਉਸਦੇ ਵੱਲ ਕੈਰੀ ਅੱਖ ਨਾਲ ਤੱਕ ਸਕੇ। ਪ੍ਰਿਥੀਏ ਦੇ ਸਾਰੇ ਦੇ ਸਾਰੇ ਬਣਾਏ ਹੋਏ ਪ੍ਰੋਗਰਾਮ ਫ਼ੇਲ੍ਹ ਹੋ ਗਏ। ਹੁਣ ਇੱਕੋ ਇਕ ਉਸਦਾ ਯਤਨ ਬਾਕੀ ਰਹਿ ਗਿਆ ਸੀ। ਉਸਦੀ ਘਰਵਾਲੀ ਕਰਮੋ ਰੋਜ਼ ਡੰਡ ਪਾਉਂਦੀ ਅਤੇ ਕਹਿ ਛੱਡਦੀ ਸੀ ਕਿ ਇਹ ਤਾਂ ਔਂਤਰ ਹਨ, ਇਹਨਾਂ ਦੀ ਸਾਰੀ ਜਾਇਦਾਦ ਸਾਡੀ ਹੋ ਜਾਣੀ ਹੈ। ਇਹਨਾਂ ਦੇ ਘਰ ਕਿਹੜੀ ਸੰਤਾਨ ਹੋਣੀ ਹੈ, ਸਭ ਕੁਝ ਸਾਡਾ ਹੈ ਅਤੇ ਸਾਨੂੰ ਮਿਲ ਜਾਣਾ ਹੈ।

ਪਰ ਗੁਰੂ ਅਰਜਨ ਦੇਵ ਜੀ ਦੇ ਹੁਕਮ ਨਾਲ ਗੁਰੂ ਜੀ ਦੇ ਮਹਿਲ ਮਾਤਾ ਗੰਗਾ ਜੀ ਨੇ ਬਾਬਾ ਬੁੱਢਾ ਜੀ, ਜੋ ਕਿ ਬ੍ਰਹਮ ਗਿਆਨੀ ਸਨ (ਉਹਨਾਂ ਨੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਭੀ ਦਰਸ਼ਨ ਕੀਤੇ ਹੋਏ ਸਨ) ਉਹਨਾਂ ਦੀ ਸੇਵਾ ਕੀਤੀ ਤਾਂ ਬਾਬਾ ਬੁੱਢਾ ਜੀ ਨੇ ਵਰ ਦਿੱਤਾ ਕਿ ਤੁਹਾਨੂੰ ਪਰਮੇਸ਼ੁਰ ਐਸਾ ਪੁੱਤਰ ਬਖ਼ਸ਼ੇਗਾ, ਜੋ ਕਿ ਦੁਸ਼ਟ ਦਮਨ ਹੋਵੇਗਾ, ਜ਼ੁਲਮ ਨੂੰ ਖ਼ਤਮ ਕਰੇਗਾ ਅਤੇ ਮਲੇਛਾਂ ਨੂੰ ਦੰਡ ਦੇਵੇਗਾ। ਜਿਸ ਤਰ੍ਹਾਂ ਸਾਡੇ ਹੱਥਾਂ ਨਾਲ ਗੰਢਾ ਭੱਜਿਆ ਹੈ, ਉਸੇ ਤਰ੍ਹਾਂ ਉਹ ਦੁਸ਼ਮਣਾਂ ਦੇ ਸਿਰ ਭੰਨੇਗਾ, ਗ਼ਰੀਬਾਂ ਦੀ ਮਦਦ ਕਰੇਗਾ ਅਤੇ ਧਰਤੀ ਦਾ ਭਾਰ ਹੌਲਾ ਕਰੇਗਾ। ਜਿਵੇਂ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਭੀ ਫ਼ੁਰਮਾਉਂਦੇ ਹਨ:

**ਸਾਧ ਸਮੂਹ ਪ੍ਰਸੰਨ ਫਿਰੈ ਜਗ ਸੱਤ੍ਰ ਸਭੈ ਅਵਲੋਕ ਚਪੈਂਗੇ ॥੭॥**

ਫਿਰ ਕੀ ਸੀ, ਕੁਝ ਸਮਾਂ ਬਤੀਤ ਹੋ ਜਾਣ ਤੋਂ ਬਾਅਦ ਬਾਬਾ ਬੁੱਢਾ ਜੀ ਦਾ ਬਚਨ ਸੱਚ ਹੋਇਆ ਅਤੇ ਗੁਰੂ ਅਰਜਨ ਦੇਵ ਜੀ ਦੇ ਘਰ ਮਾਤਾ ਗੰਗਾ ਜੀ ਦੀ ਕੁੱਖ ਤੋਂ ਛੇਵਾਂ ਗੁਰੂ ਪਰਗਟ ਹੋਇਆ। ਭਾਈ ਗੁਰਦਾਸ ਜੀ ਭੀ ਲਿਖਦੇ ਹਨ:

**ਪੰਜਿ ਪਿਆਲੇ, ਪੰਜ ਪੀਰ, ਛਠਮੁ ਪੀਰੁ ਬੈਠਾ ਗੁਰੁ ਭਾਰੀ॥**
**ਅਰਜਨ ਕਾਇਆ ਪਲਟਿ ਕੈ, ਮੂਰਤਿ ਹਰਗੋਬਿੰਦ ਸਵਾਰੀ॥**
**ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ॥**
**ਦਲਭੰਜਨ ਗੁਰੁ ਸੂਰਮਾ ਬਡ ਜੋਧਾ ਬਹੁ ਪਰਉਪਕਾਰੀ ॥੪੮॥੧॥**

ਦੁਆਪਰ ਦੇ ਦੁਸ਼ਟ ਕੰਸ ਦੀ ਤਰ੍ਹਾਂ ਪ੍ਰਿਥੀਏ ਨੂੰ ਵੀ ਪਿੱਸੂ ਪੈ ਗਏ ਅਤੇ ਰਾਤ ਦਿਨ ਤੜਫਣ ਲੱਗਾ। ਰੋਟੀ ਖਾਣੀ ਭੁੱਲ ਗਈ, ਨੀਂਦ ਸਦਾ ਲਈ ਹਰਾਮ ਹੋ ਗਈ, ਦਿਨ ਸੋਚਾਂ ਵਿਚ ਲੰਘੇ ਅਤੇ ਰਾਤ ਚਿੰਤਾ ਅਤੇ ਫ਼ਿਕਰਾਂ ਵਿਚ ਬਤੀਤ ਹੋਵੇ। ਆਖ਼ਿਰਕਾਰ ਉਸਦੀ ਪਤਨੀ ਕਰਮੋ ਨੇ ਭੈੜੀਆਂ ਤਜਵੀਜ਼ਾਂ ਸੋਚੀਆਂ ਅਤੇ ਪਤੀ ਨੂੰ ਕਹਿਣ ਲੱਗੀ ਕਿ ਤੁਹਾਨੂੰ ਫ਼ਿਕਰ ਕਰਨ ਦੀ ਕੀ ਲੋੜ ਹੈ, ਮੈਂ ਹੁਣੇ ਹੀ ਉਸਦੇ ਪੁੱਤਰ ਨੂੰ ਕਿਸੇ ਨਾ ਕਿਸੇ ਯਤਨ ਨਾਲ ਮਰਵਾ ਦਿੰਦੀ ਹਾਂ। ਇਹ ਸਲਾਹ ਮਸ਼ਵਰਾ ਰਾਤ ਦੇ ਸਮੇਂ ਹੋਇਆ। ਦਿਨ ਚੜ੍ਹਦਿਆਂ ਹੀ ਇਕ ਸਪੇਰਾ ਬੁਲਾਇਆ ਗਿਆ। ਉਸ ਨੂੰ ਲਾਲਚ ਦੇ ਕੇ ਗੁਰੂ ਕੀ ਵਡਾਲੀ ਤੋਰਿਆ ਗਿਆ, (ਜਿਥੇ ਕਿ ਛੇਵੇਂ ਪਾਤਸ਼ਾਹ ਨੇ ਅਵਤਾਰ ਲਿਆ ਸੀ) ਜਿਸ ਘਰ ਦੇ ਵਿਹੜੇ ਵਿਚ

ਬਾਲਕ ਹਰਿਗੋਬਿੰਦ ਖੇਡਿਆ ਕਰਦੇ ਸਨ, ਉਥੇ ਕਾਲਾ ਜ਼ਹਿਰੀਲਾ ਨਾਗ ਛੋੜ ਦਿੱਤਾ ਗਿਆ।

ਹਰਿਗੋਬਿੰਦ, ਹਰੀ ਦਾ ਰੂਪ ਆਪ ਸਨ, ਉਹ ਕੋਈ ਆਮ ਬਾਲਕ ਨਹੀਂ ਸਨ। ਉਹ ਮਨੁੱਖ ਦੇ ਰੂਪ ਵਿਚ ਜਾਂ ਬਾਲਕ ਦੇ ਰੂਪ ਵਿਚ ਆਪ ਅਕਾਲ ਪੁਰਖ ਖੇਡ ਕਰਨ ਆਏ ਸਨ। ਉਹਨਾਂ ਨੇ ਇਕ ਨਜ਼ਰ ਨਾਲ ਸੱਪ ਨੂੰ ਮੁਕਤ ਕੀਤਾ ਅਤੇ ਸਪੇਰਾ ਘਬਰਾ ਕੇ 'ਧੰਨ ਗੁਰੂ ! ਧੰਨ ਗੁਰੂ' ਕਹਿੰਦਾ ਅਤੇ ਰਾਮ ਦਾ ਨਾਮ ਲੈਂਦਾ, ਵਾਰ-ਵਾਰ ਨਮਸਕਾਰ ਕਰਦਾ ਖ਼ਾਲੀ ਘਰ ਨੂੰ ਮੁੜ ਗਿਆ।

ਪ੍ਰਿਥੀਏ ਨੇ ਇਥੇ ਹੀ ਬਸ ਨਹੀਂ ਕੀਤੀ। ਦੂਸਰੇ ਦਿਨ ਇਕ ਰਸੋਈਏ ਬ੍ਰਾਹਮਣ ਰਾਹੀਂ ਦਹੀਂ ਵਿਚ ਜ਼ਹਿਰ ਦੇ ਕੇ ਬਾਲਕ ਨੂੰ ਮਾਰਨ ਦਾ ਯਤਨ ਕੀਤਾ ਗਿਆ, ਪਰ ਪ੍ਰਿਥੀਏ ਨੂੰ ਇਥੇ ਭੀ ਪਛਤਾਉਣਾ ਹੀ ਪਿਆ। ਪਰ ਕਰਮੋ ਦਾ ਅਜੇ ਇਕ ਯਤਨ ਬਾਕੀ ਸੀ ਜਿਹੜਾ ਕਿ ਉਸਦਾ ਅਖ਼ੀਰਲਾ ਹਥਿਆਰ ਸੀ। ਉਸਨੇ ਦਾਈ ਨੂੰ ਬੁਲਾਇਆ ਅਤੇ ਲਾਲਚ ਦੇ ਕੇ ਪ੍ਰੇਰਿਆ ਅਤੇ ਬਾਲਕ ਨੂੰ ਮਾਰਨ ਲਈ ਭੇਜ ਦਿੱਤਾ। ਇਹ ਕਥਾ ਉਸੀ ਤਰ੍ਹਾਂ ਦੀ ਹੈ ਜਿਵੇਂ ਕਿ ਦੁਆਪਰ ਵਿਚ ਸ੍ਰੀ ਕ੍ਰਿਸ਼ਨ ਭਗਵਾਨ ਜੀ ਨਾਲ ਵਾਪਰੀ ਸੀ। ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਇਸ ਪ੍ਰਕਾਰ ਲਿਖਿਆ ਹੈ :

**ਆਈ ਪਾਪਣਿ ਪੂਤਨਾ ਦੂਹੀ ਥਣੀ ਵਿਹੁ ਲਾਇ ਵਹੇਲੀ ॥**
**ਆਇ ਬੈਠੀ ਪਰਵਾਰ ਵਿਚਿ ਨੇਹੁੰ ਲਾਇ ਨਵਹਾਣਿ ਨਵੇਲੀ ॥**
**ਕੁਛੜਿ ਲਏ ਗੋਬਿੰਦ ਰਾਇ ਕਰਿ ਚੇਟਕ ਚਤੁਰੰਗ ਮਹੇਲੀ ॥**
**ਮੋਹਣੁ ਮੰਮੇ ਪਾਇਓਨੁ ਬਾਹਰਿ ਆਈ ਗਰਬ ਗਹੇਲੀ ॥**
**ਦੇਹ ਵਧਾਇ ਉਚਾਇਅਨੁ ਤਿਹ ਚਰਿਆਰਿ ਨਾਰਿ ਅਠਖੇਲੀ ॥**
**ਤਿਹੁੰ ਲੋਆਂ ਦਾ ਭਾਰ ਦੇ ਚੰਬੜਿਆ ਗਲਿ ਹੋਇ ਦੁਹੇਲੀ ॥**
**ਖਾਇ ਪਛਾੜ ਪਹਾੜ ਵਾਂਗਿ ਜਾਇ ਪਈ ਉਜਾੜਿ ਧਕੇਲੀ ॥**
**ਕੀਤੀ ਮਾਊ ਤੁਲਿ ਸੁਹੇਲੀ ॥੨੨॥੧੦॥**

ਹੋ ਸਕਦਾ ਹੈ ਇਹ ਦਾਈ ਉਹੋ ਹੀ ਹੋਵੇ, ਜਿਸਦਾ ਨਾਮ ਦੁਆਪਰ ਵਿਚ ਪੂਤਨਾ ਸੀ। ਜਿਸ ਤਰ੍ਹਾਂ ਕਿ ਸਤਿਜੁਗ ਦੇ ਵਾਸੁਦੇਵ ਹੀ ਰੂਪ ਵਟਾ ਕੇ ਤ੍ਰੇਤੇ ਵਿਚ ਰਾਮ ਚੰਦਰ ਜੀ ਆਏ ਸਨ। ਰਾਮ ਚੰਦਰ ਜੀ ਦਾ ਹੀ ਰੂਪ ਸ੍ਰੀ ਕ੍ਰਿਸ਼ਨ ਭਗਵਾਨ ਸਨ ਅਤੇ ਹੋ ਸਕਦਾ ਹੈ ਕਿ ਸ੍ਰੀ ਕ੍ਰਿਸ਼ਨ ਭਗਵਾਨ ਹੀ ਦੂਸਰੇ ਰੂਪ ਵਿਚ ਗੁਰੂ ਹਰਿਗੋਬਿੰਦ ਬਣ ਕੇ ਆਏ ਹੋਣ। ਖ਼ੈਰ, ਮੈਂ ਇਸ ਬਾਰੇ ਬਹੁਤਾ ਕੁਝ ਲਿਖ ਨਹੀਂ ਸਕਦਾ, ਕਿਉਂਕਿ ਮੈਂ ਇਤਨਾ ਵਿਦਵਾਨ ਨਹੀਂ ਹਾਂ। ਮੈਂ ਤਾਂ ਸਿਰਫ਼ ਆਪਣਾ ਤੁਛ ਜਿਹਾ ਵਿਚਾਰ ਦੇ ਰਿਹਾ ਹਾਂ। ਪਰ ਇਹ ਗੱਲ ਤਾਂ ਜ਼ਰੂਰ ਸੱਚ ਹੀ ਹੈ ਨਾ, ਕਿ ਸ੍ਰੀ ਕ੍ਰਿਸ਼ਨ ਭਗਵਾਨ ਜੀ ਦੇ ਜਨਮ ਸਮੇਂ ਜਿਹੜੀਆਂ-ਜਿਹੜੀਆਂ ਔਕੜਾਂ ਆਈਆਂ ਸਨ, ਉਸੇ ਤਰ੍ਹਾਂ ਦੀਆਂ ਹੀ ਘਟਨਾਵਾਂ ਛੇਵੇਂ ਪਾਤਸ਼ਾਹ ਜੀ ਦੇ ਜਨਮ ਸਮੇਂ ਵਾਪਰੀਆਂ।

ਕ੍ਰਿਸ਼ਨ ਜੀ ਦੇ ਬਾਲਕ-ਪਨ ਵਿਚ ਅੱਤਿਆਚਾਰੀ ਕੰਸ ਨੇ ਕਿਤਨੇ ਜ਼ੁਲਮ ਕੀਤੇ ਸਨ। ਇਸੇ ਤਰ੍ਹਾਂ ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਜਿਹਨਾਂ ਨੇ ਆਪਣਾ ਸਰੂਪ ਬਾਬਾ ਬੁੱਢਾ ਜੀ ਦੇ ਬਚਨਾਂ ਨਾਲ ਪ੍ਰਗਟ ਕੀਤਾ ਤਾਂ ਦੂਸਰੇ ਕਲਜੁਗ ਦੇ ਕੰਸ ਪ੍ਰਿਥੀਏ ਨੇ ਉਹਨਾਂ ਨੂੰ ਮਾਰਨ ਲਈ ਕੀ ਕੁਝ ਨਹੀਂ ਕੀਤਾ। ਜ਼ਹਿਰਾਂ ਭੀ ਦਿੱਤੀਆਂ, ਸਪੇਰੇ ਭੀ ਭੇਜੇ, ਦਾਈ ਨੇ ਆਪਣੇ ਦੁੱਧ ਸਥਾਨ 'ਤੇ ਜ਼ਹਿਰ ਲਗਾ ਕੇ ਦੁੱਧ ਭੀ ਪਿਲਾਇਆ, ਪਰ ਪ੍ਰਿਥੀਏ ਨੂੰ ਮੂੰਹ ਦੀ ਖਾਣੀ ਪਈ ਅਤੇ ਕਾਲਾ ਮੂੰਹ ਕਰਾ ਕੇ ਸਦਾ ਲਈ ਕਾਲਖ ਖਟ ਗਿਆ। (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹਨਾਂ ਨੂੰ 'ਮੀਣੇ' ਆਖਿਆ ਹੈ।)

ਗੁਰੂ ਹਰਿਗੋਬਿੰਦ ਸਾਹਿਬ ਜੀ ਪੂਰਨ ਗੁਰੂ ਸਨ। ਉਹਨਾਂ ਨੂੰ ਕੌਣ ਮਾਰ ਸਕਦਾ ਸੀ :

**ਜਾਮਿ ਗੁਰੂ ਹੋਇ ਵਲਿ, ਧਨਹਿ ਕਿਆ ਗਾਰਵੁ ਦਿਜਇ॥**
**ਜਾਮਿ ਗੁਰੂ ਹੋਇ ਵਲਿ, ਲਖ ਬਾਹੇ ਕਿਆ ਕਿਜਇ॥**
**ਜਾਮਿ ਗੁਰੂ ਹੋਇ ਵਲਿ, ਗਿਆਨ ਅਰੁ ਧਿਆਨ ਅਨਨ ਪਰਿ॥**
**ਜਾਮਿ ਗੁਰੂ ਹੋਇ ਵਲਿ, ਸਬਦੁ ਸਾਖੀ ਸੁ ਸਚਹ ਘਰਿ॥**
**ਜੋ ਗੁਰੂ ਗੁਰੂ ਅਹਿਨਿਸਿ ਜਪੈ, ਦਾਸੁ ਭਟੁ ਬੇਨਤਿ ਕਹੈ॥**
**ਜੋ ਗੁਰੂ ਨਾਮੁ ਰਿਦ ਮਹਿ ਧਰੈ, ਸੋ ਜਨਮ ਮਰਣ ਦੁਹ ਥੇ ਰਹੈ॥**

*(ਸਵਈਏ ਮਹਲੇ ਚਉਥੇ ਕੇ, ਪੰਨਾ 1399)*

ਇਹ ਉਹਨਾਂ ਦੀ ਆਪਣੀ ਲੀਲ੍ਹਾ ਹੀ ਸੀ ਕਿ ਜੇਕਰ ਸੱਪ ਨੂੰ ਛੱਡਿਆ ਗਿਆ ਤੇ ਸੱਪ ਡੱਸਣ ਗਿਆ ਤਾਂ ਉਹ ਦਰਸ਼ਨ ਕਰਨ ਨਾਲ ਹੀ ਮੁਕਤੀ ਪਾ ਗਿਆ। ਜੇ ਦਾਈ ਪੂਤਨਾ ਦੇ ਦੁੱਧ ਨੂੰ ਆਪਣੇ ਪਵਿੱਤਰ ਬੁੱਲ੍ਹਾਂ ਰਾਹੀਂ ਚੁੰਮਿਆ ਤਾਂ ਜ਼ਹਿਰ ਦਾ ਅੰਮ੍ਰਿਤ ਬਣ ਗਿਆ, ਉਸ ਦਾ ਸਰੀਰ ਪਵਿੱਤਰ ਹੋ ਗਿਆ ਅਤੇ ਉਹ ਭੀ ਸਦਾ ਲਈ ਮੁਕਤ ਹੋ ਗਈ।

ਸ੍ਰੀ ਕ੍ਰਿਸ਼ਨ ਭਗਵਾਨ ਜੀ ਕੇਵਲ ਦੁਸ਼ਮਨਾਂ ਨੂੰ ਦੰਡ ਦੇਣ ਲਈ ਅਤੇ ਮਲੇਛਾਂ ਨੂੰ ਖ਼ਤਮ ਕਰਨ ਲਈ ਨਹੀਂ ਸਨ ਆਏ, ਸਗੋਂ ਉਹਨਾਂ ਨੇ ਸੰਸਾਰ ਲਈ ਹੋਰ ਭੀ ਬੜਾ ਕੁਝ ਕੀਤਾ। ਮੈਦਾਨੇ ਜੰਗ ਵਿਚ ਅਰਜਨ ਨੂੰ ਥੋੜੇ ਸਮੇਂ ਵਿਚ ਹੀ ਬ੍ਰਹਮ ਗਿਆਨ ਦਾ ਉਪਦੇਸ਼ ਦਿੱਤਾ, ਸਭਨਾਂ ਵਿਚ ਆਪਣਾ ਰੂਪ ਦਰਸਾਇਆ, ਅਤੇ ਥੋੜੇ ਸਮੇਂ ਵਿਚ ਹੀ ਗੀਤਾ ਦੀ ਰਚਨਾ ਕੀਤੀ। ਸਭ ਤੋਂ ਸੁੰਦਰ, ਸਭ ਤੋਂ ਮਿੱਠਾ, ਸਭ ਤੋਂ ਕੀਮਤੀ, ਸਭ ਤੋਂ ਵਡਮੁੱਲਾ, ਸੰਗੀਤ ਬੰਸਰੀ ਰਾਹੀਂ ਸ੍ਰੀ ਕ੍ਰਿਸ਼ਨ ਭਗਵਾਨ ਜੀ ਨੇ ਸੰਸਾਰ ਵਿਚ ਵੰਡਿਆ।

## (4)

ਬੰਸਰੀ ਦੇ ਸੰਗੀਤ ਦਾ ਸੰਖੇਪ ਵਰਣਨ ਅਸੀਂ ਪਹਿਲੇ ਭਾਗ ਵਿਚ ਕਰ ਆਏ ਹਾਂ। ਹੁਣ ਇਥੇ ਇਹ ਦੱਸਣ ਦੀ ਬੜੀ ਲੋੜ ਹੈ ਕਿ ਰਾਗ ਕੀ ਕੁਝ ਕਰਦਾ ਹੈ, ਕਿੰਨੇ ਕੁ ਪ੍ਰਕਾਰ ਦਾ ਹੈ ਅਤੇ ਉਸਦਾ ਰੂਪ ਕੀ ਹੈ। ਸਭ ਤੋਂ ਪਹਿਲਾਂ ਇਹ ਸਮਝ ਲੈਣਾ ਚਾਹੀਦਾ ਹੈ ਕਿ ਰਾਗ ਚੀਜ਼ ਕੀ ਹੈ ? ਕਿਥੋਂ ਪੈਦਾ ਹੋਇਆ ਹੈ, ਰਾਗ ਨੂੰ ਕਿਸ ਤਰ੍ਹਾਂ ਪਰਗਟ ਕੀਤਾ ਜਾਂਦਾ ਹੈ ਅਤੇ ਇਸਦਾ ਰੂਪ ਕੀ ਹੈ ?

ਵਾਸਤਵ ਵਿਚ ਰਾਗ ਅੱਖ ਦਾ ਵਿਸ਼ਾ ਨਹੀਂ, ਰਾਗ ਜੋ ਹੈ ਕੰਨਾਂ ਦਾ ਵਿਸ਼ਾ ਹੈ। ਰਾਗ ਨੂੰ ਜੇ ਸਮਝ ਸਕਦੇ ਹਨ ਤਾਂ ਕੰਨ ਹੀ ਸਮਝ ਸਕਦੇ ਹਨ। ਜੇ ਸੁਣਿਆ ਜਾਂਦਾ ਹੈ ਤਾਂ ਵੀ ਕੰਨਾਂ ਦੇ ਰਾਹੀਂ। ਸੋ ਰਾਗ ਦਾ ਪ੍ਰਗਟਣਾ ਜਾਂ ਸਰੂਪ ਇਨਸਾਨ ਦੇ ਹਿਰਦੇ ਤੋਂ ਪੈਦਾ ਹੁੰਦਾ ਹੈ ਅਤੇ ਦਿਮਾਗ਼ ਦੀ ਕਾਢ ਹੈ। ਜਿਹਨਾਂ ਦੇ ਦਿਲਾਂ ਦੇ ਅੰਦਰ ਪਿਆਰ ਨਹੀਂ, ਸਤਿਕਾਰ ਨਹੀਂ, ਖਿੱਚ ਨਹੀਂ, ਵੈਰਾਗ ਨਹੀਂ, ਕਿਸੇ ਨਾ ਕਿਸੇ ਤਰ੍ਹਾਂ ਦੀ ਤੜਫਣ ਨਹੀਂ, ਉਸਦੇ ਅੰਦਰ ਨਾ ਤਾਂ ਰਾਗ ਪਰਗਟ ਹੀ ਹੁੰਦਾ ਹੈ ਅਤੇ ਨਾ ਹੀ ਕੋਈ ਸਾਹਮਣੇ ਆ ਕੇ ਸਰੂਪ ਖੜਦਾ ਹੈ। ਜਿਵੇਂ ਕਿਸੇ ਕਵੀ ਨੇ ਕਿਹਾ ਹੈ :

ਮੁਹੱਬਤ ਕੇ ਲੀਏ ਕੁਝ ਖ਼ਾਸ ਦਿਲ ਮਖ਼ਸੂਸ ਹੋਤੇ ਹੈਂ।
ਯੇ ਵੋਹ ਨਗ਼ਮਾ ਹੈ ਜੋ ਹਰ ਸਾਜ਼ ਪੇ ਗਾਇਆ ਨਹੀਂ ਜਾਤਾ।

ਭਗਤ ਤੇ ਰਾਗ ਦੇ ਸੱਚੇ ਆਸ਼ਕਾਂ ਦੀਆਂ ਨੌਂ ਨਿਸ਼ਾਨੀਆਂ ਦਾ ਪਤਾ ਇਕ ਫ਼ਾਰਸੀ ਦੇ ਸ਼ੇਅਰ ਦਵਾਰਾ ਭੀ ਲੱਗਦਾ ਹੈ, ਜਿਵੇਂ ਕਿ :

ਆਸ਼ਕਾਰਾਂ ਨੌਂ ਨਿਸ਼ਾਨੀ ਐ ਪਿਸਰ।
ਆਹ ਸਰਦੋਂ, ਰੰਗ ਜ਼ਰਦੋ, ਚਸ਼ਮਤਰ।

ਕਮ ਗ਼ੁਫ਼ਤਨੋ, ਕਮ ਖੁਰਦਨੋ ਖਵਾਵਿਸ਼ ਹਰਾਮ।
ਇੰਤਜ਼ਾਰੀ ਬੇ-ਕਰਾਰੀ, ਦਸਤਸਰ।

ਇਸੀ ਪ੍ਰਕਾਰ ਗੁਰੂ ਸਾਹਿਬ ਜੀ ਭੀ ਆਪਣੀ ਬਾਣੀ ਵਿਚ ਲਿਖਦੇ ਹਨ:

**ਰੇ ਮਨ ਐਸੋ ਕਰ ਸੰਨਿਆਸਾ॥**
**ਬਨ ਸੇ ਸਦਨ ਸਬੈ ਕਰ ਸਮਝਹੁ, ਮਨ ਹੀ ਮਾਹਿ ਉਦਾਸਾ॥੧॥ਰਹਾਉ॥**
**ਜਤ ਕੀ ਜਟਾ, ਜੋਗ ਕੋ ਮਜਨ, ਨੇਮ ਕੇ ਨਖਨ ਬਢਾਓ॥**
**ਗਯਾਨ ਗੁਰੂ ਆਤਮ ਉਪਦੇਸਹੁ, ਨਾਮ ਬਿਭੂਤ ਲਗਾਓ॥੧॥**
**ਅਲਪ ਅਹਾਰ ਸੁਲਪ ਸੀ ਨਿੰਦ੍ਰਾ, ਦਯਾ ਛਿਮਾ ਤਨ ਪ੍ਰੀਤਿ।**
**ਸੀਲ ਸੰਤੋਖ ਸਦਾ ਨਿਰਬਾਹਿਬੋ, ਹ੍ਵੈਬੋ ਤ੍ਰਿਗੁਣ ਅਤੀਤਿ॥੨॥**
**ਕਾਮ ਕ੍ਰੋਧ ਹੰਕਾਰ ਲੋਭ ਹਠ, ਮੋਹ ਨ ਮਨ ਸਿਉ ਲਯਾਵੈ॥**
**ਤਬ ਹੀ ਆਤਮ ਤਤ ਕੋ ਦਰਸੈ, ਪਰਮ ਪੁਰਖ ਕਹਿ ਪਾਵੈ॥੩॥** *(ਪਾਤਿਸ਼ਾਹੀ ੧੦)*

ਜੇ ਭਲਾ ਇਹਨਾਂ ਖ਼ੂਬੀਆਂ ਅਤੇ ਚੰਗਿਆਈਆਂ ਤੋਂ ਬਗ਼ੈਰ ਕੋਈ ਇਨਸਾਨ ਰਾਗ ਗਾ ਹੀ ਲਵੇ ਅਤੇ ਆਪਣੇ ਆਪ ਨੂੰ ਗਾਇਕ ਅਖਵਾਉਣਾ ਸ਼ੁਰੂ ਕਰ ਭੀ ਦੇਵੇ, ਤਾਂ ਭੀ ਉਸ ਗਾਇਕ ਦੀ ਗਾਇਕੀ ਅੰਦਰ, ਰਾਗੀ ਦੇ ਰਾਗ ਅੰਦਰ, ਸੰਗੀਤਕਾਰ ਦੇ ਸੰਗੀਤ ਅੰਦਰ, ਸਾਜਿੰਦੇ ਦੀ ਵਜਾਇਕੀ ਅੰਦਰ, ਕੋਈ ਸਵਾਦ ਜਾਂ ਅਨੰਦ ਨਹੀਂ ਹੁੰਦਾ। ਜਿਹਨਾਂ ਰਾਗੀਆਂ ਅਤੇ ਸੰਗੀਤਕਾਰਾਂ ਦੇ ਅੰਦਰ ਉਪਰ ਦੱਸੀਆਂ ਨੌਂ ਨਿਸ਼ਾਨੀਆਂ ਹੁੰਦੀਆਂ ਹਨ, ਉਹਨਾਂ ਦਾ ਰਾਗ ਅਤੇ ਸੰਗੀਤ ਸਾਰੀ ਦੁਨੀਆ 'ਤੇ ਛਾ ਜਾਂਦਾ ਹੈ ਅਤੇ ਉਹਨਾਂ ਦਾ ਨਾਮ ਸੰਸਾਰ ਵਿਚ ਰੌਸ਼ਨ ਹੋ ਜਾਂਦਾ ਹੈ।

ਹੁਣ ਇਥੇ ਇਸ ਨੁਕਤੇ 'ਤੇ ਵਿਚਾਰ ਕਰਨ ਦੀ ਬੜੀ ਲੋੜ ਹੈ ਕਿ ਕਲਾਸੀਕਲ ਸੰਗੀਤ ਚੰਗਾ ਹੈ ਜਾਂ ਲਾਈਟ, ਬਿਸ਼ਨ ਪਦੇ ਚੰਗੇ ਹਨ ਅਥਵਾ ਲੋਕ ਗੀਤ, ਹਲਕਾ ਫੁਲਕਾ ਸੰਗੀਤ ਚੰਗਾ ਹੈ ਜਾਂ ਕਿ ਫ਼ਿਲਮੀ ਸੰਗੀਤ।

ਮੇਰਾ ਆਪਣਾ ਵਿਚਾਰ ਇਹ ਹੈ ਕਿ ਆਪੋ ਆਪਣੇ ਸਥਾਨ ਉੱਤੇ ਸਾਰੀਆਂ ਹੀ ਸੰਗੀਤ ਸ਼ੈਲੀਆਂ ਆਪੋ ਆਪਣੀ ਮਹੱਤਤਾ, ਵਡਿਆਈ ਅਤੇ ਸੁੰਦਰਤਾ ਰੱਖਦੀਆਂ ਹਨ। ਜੇ ਕਲਾਸੀਕਲ ਸੰਗੀਤ ਵੱਲ ਨੂੰ ਆਈਏ ਤਾਂ ਦੁਨੀਆ ਭਰ ਵਿਚ ਉਹ ਗਾਇਕ ਉਂਗਲਾਂ 'ਤੇ ਗਿਣੇ ਜਾ ਸਕਦੇ ਹਨ ਜੋ ਕਿ ਕਲਾਸੀਕਲ ਸੰਗੀਤ ਗਾਉਂਦੇ ਹਨ। ਇਸੀ ਤਰ੍ਹਾਂ ਕਲਾਸੀਕਲ ਸੰਗੀਤ ਸੁਣਨ ਵਾਲੇ ਸਰੋਤਿਆਂ ਦੀ ਗਿਣਤੀ ਭੀ ਸੀਮਿਤ ਹੀ ਹੈ। ਜੇਕਰ ਦੇਖਿਆ ਜਾਵੇ ਤਾਂ ਇਹ ਅੰਦਾਜ਼ਾ ਲੱਗਦਾ ਹੈ ਕਿ ਕਲਾਸੀਕਲ ਸੰਗੀਤ ਨਾਲੋਂ ਹਲਕੇ ਫੁਲਕੇ ਸੰਗੀਤ ਦਾ ਲੋਕਾਂ ਵਿਚ ਜ਼ਿਆਦਾ ਸ਼ੌਕ ਹੈ। ਇਸਦੀ ਖਿੱਚ ਜ਼ਿਆਦਾ ਹੈ ਅਤੇ ਵਧੇਰੇ ਲੋਕ ਇਸਨੂੰ ਸੁਣਨਾ ਚਾਹੁੰਦੇ ਹਨ। ਜੇ ਅੱਜ ਅਸੀਂ ਧਿਆਨ ਮਾਰੀਏ ਤਾਂ ਬਹੁ-ਗਿਣਤੀ ਵਿਚ ਸਾਨੂੰ ਕੀਰਤਨੀ ਜਥੇ, ਭਗਤ ਮੰਡਲੀਆਂ ਅਤੇ ਕਵਾਲਾਂ ਦੇ ਡੇਰਿਆਂ ਤੋਂ ਹਲਕੇ ਫੁਲਕੇ ਸੰਗੀਤ ਸੁਣਨ ਲਈ ਮਿਲਦੇ ਹਨ। ਬਹੁ-ਗਿਣਤੀ ਵਿਚ ਲੋਕ ਬਿਸ਼ਨ ਪਦੇ ਆਦਿ ਭੀ ਸੁਣਦੇ ਦੇਖੇ ਗਏ ਹਨ। ਜਿਥੇ ਭੀ ਭਜਨ ਮੰਡਲੀਆਂ ਭਜਨ ਗਾਉਣ ਲਈ ਬੈਠਦੀਆਂ ਹਨ, ਉਥੇ ਹੀ ਹਜ਼ਾਰਾਂ ਆਦਮੀ ਉਹਨਾਂ ਨੂੰ ਸੁਣਨ ਲਈ ਇਕੱਠੇ ਹੁੰਦੇ ਹਨ ਅਤੇ ਲਾਭ ਉਠਾਉਂਦੇ ਹਨ।

ਜੇ ਕਿਤੇ ਕਵਾਲ ਲੋਕ ਕਵਾਲੀ ਸ਼ੁਰੂ ਕਰ ਦੇਣ ਤਾਂ ਸੈਂਕੜੇ ਲੋਕ ਮਸਤ ਹੋ ਕੇ ਬੈਠ ਜਾਂਦੇ ਹਨ ਅਤੇ ਹਿਲਦਾ ਕੋਈ ਨਹੀਂ। ਇਸੇ ਤਰ੍ਹਾਂ ਕੀਰਤਨ ਦਰਬਾਰਾਂ ਵਿਚ ਭੀ ਜਦ ਰਾਗੀ ਕੀਰਤਨ ਕਰਦੇ ਹਨ ਤਾਂ ਹਜ਼ਾਰਾਂ ਸਰੋਤੇ ਇਕੱਤਰ ਹੁੰਦੇ ਹਨ।

ਹੁਣ ਸੋਚਣਾ ਹੈ ਕਿ ਸਹੀ ਸੰਗੀਤ, ਸੱਚਾ ਸੰਗੀਤ ਤੇ ਵੱਡਾ ਸੰਗੀਤ ਕਿਹੜਾ ਹੈ ? ਆਮ ਰਾਗੀਆਂ ਨੂੰ ਰਾਗ ਪਿਆਰਾ ਹੁੰਦਾ ਹੈ, ਜੇ ਕੋਈ ਸ਼ਾਸਤਰੀ ਸੰਗੀਤ (ਕਲਾਸੀਕਲ) ਗਾਉਣ ਵਾਲਾ ਹੈ ਤਾਂ ਉਸਨੂੰ ਸ਼ਾਸਤਰੀ ਸੰਗੀਤ ਹੀ ਪਸੰਦ ਆਉਂਦਾ ਹੈ, ਉਹ ਦੂਸਰਾ ਸੰਗੀਤ ਪਸੰਦ ਨਹੀਂ ਕਰਦਾ। ਬਿਸ਼ਨ ਪਦੇ, ਭਜਨ ਅਤੇ ਕੀਰਤਨ ਕਰਨ ਵਾਲੇ ਪੱਕੇ ਰਾਗਾਂ ਨੂੰ ਪਸੰਦ ਨਹੀਂ ਕਰਦੇ। ਕਵਾਲ ਲੋਕ ਆਪਣੀ ਕਵਾਲੀ ਵਿਚ ਹੀ ਮਸਤ ਰਹਿੰਦੇ ਹਨ, ਉਹ ਹੋਰ ਕਿਸੇ ਰਾਗ ਨੂੰ ਚੰਗਾ ਨਹੀਂ ਸਮਝਦੇ। ਪਰ ਸੋਹਣਾ ਅਤੇ ਸੁੰਦਰ ਮਿੱਠਾ ਸੰਗੀਤ ਹੋਵੇ ਵੀ ਕਿਵੇਂ ਅਤੇ ਲੱਗੇ ਭੀ ਕਿਵੇਂ, ਜਦ ਕਿ ਇਨਸਾਨ ਦਾ ਆਪਣਾ ਮਨ ਹੀ ਅੰਦਰੋਂ ਸੰਗੀਤ ਦੀ ਆਵਾਜ਼ ਨਹੀਂ ਦਿੰਦਾ। ਜਿਹੋ ਜਿਹਾ ਸੰਗੀਤ ਇਨਸਾਨ ਦੇ ਅੰਦਰ ਹੈ, ਓਹੋ ਜਿਹਾ ਉਹ ਪਰਗਟ ਕਰਦਾ ਹੈ। ਜਿਹੋ ਜਿਹੀ ਰੁਚੀ ਹੁੰਦੀ ਹੈ, ਉਹੋ ਜਿਹੀ ਰੁਚੀ ਨਾਲ ਉਹ ਆਪਣਾ ਰਾਗ ਗਾਉਂਦਾ ਹੈ। ਜਿਹੋ ਜਿਹੀ ਇਨਸਾਨ ਦੀ ਆਪਣੀ ਤਬੀਅਤ ਹੈ, ਸੰਗੀਤ ਰਾਹੀਂ ਜਾਂ ਰਾਗ ਰਾਹੀਂ ਸੰਗਤਾਂ ਵਿਚ ਆਪਣੇ ਮਨ ਦੇ ਭਾਵ ਪ੍ਰਗਟ ਕਰਦਾ ਹੈ ਅਤੇ ਬੈਠੀ ਹੋਈ ਸਭਾ 'ਤੇ ਪ੍ਰਭਾਵ ਭੀ ਓਹੋ ਜਿਹਾ ਹੀ ਪਾਉਂਦਾ ਹੈ। ਰਾਗੀ ਜਾਂ ਸੰਗੀਤਕਾਰ ਕੋਈ ਵੀ ਹੋਵੇ, ਉਹ ਸੰਗਤ ਜਾਂ ਸਭਾ 'ਤੇ ਪ੍ਰਭਾਉ ਪਾਉਣ ਲਈ ਆਪਣਾ ਅਸਥਾਨ ਆਪ ਰੱਖਦਾ ਹੈ। ਅਗਰ ਸ਼ਾਸਤਰੀਯ ਗਾਇਨ ਹੈ ਤੇ ਉਹ ਨਿਯਮਾਂ ਅਨੁਸਾਰ ਗਾਇਆ ਨਹੀਂ ਜਾਂਦਾ ਤਾਂ ਉਹ ਭੀ ਸਰੋਤਾਗਣਾਂ 'ਤੇ ਅਸਰ ਨਹੀਂ ਕਰਦਾ। ਜੇ ਕੋਈ ਕੀਰਤਨ, ਭਜਨ, ਸ਼ਬਦ ਜਾਂ ਕਵਾਲੀ ਆਦਿ ਗਾਉਂਦਾ ਹੈ, ਤਾਂ ਇਹਨਾਂ ਗਾਇਕੀਆਂ ਦਾ ਭੀ ਸਰੋਤਾਗਣਾਂ 'ਤੇ ਕੋਈ ਪ੍ਰਭਾਵ ਨਹੀਂ ਪੈਂਦਾ, ਜੇਕਰ ਗਾਇਕ ਆਪਣੀ ਕਲਾ ਰਾਹੀਂ ਸਰੋਤਾਵਾਂ ਨੂੰ ਕੀਲਣ ਦੀ ਸ਼ਕਤੀ ਨਹੀਂ ਰੱਖਦਾਂ। ਕੋਈ ਵੀ ਗੁਣੀ ਹੈ, ਚਾਹੇ ਦਸਤਕਾਰ, ਕਵੀ, ਗਾਇਕ, ਵੈਦ, ਜਲ-ਤਾਰੂ ਜਾਂ ਲੇਖਕ, ਜਿਤਨਾ ਚਿਰ ਉਹ ਆਪਣੀ ਕਲਾ ਵਿਚ ਆਪਣੀ ਕਮਾਲ ਦਾ ਅਸਥਾਨ ਨਹੀਂ ਰੱਖਦਾ, ਜਾਂ ਆਪਣੇ ਹੁਨਰ ਰਾਹੀਂ ਕਿਸੇ ਨੂੰ ਕਾਇਲ ਨਹੀਂ ਕਰ ਸਕਦਾ, ਉਤਨਾ ਚਿਰ (ਚਾਹੇ ਕੋਈ ਪੱਕਾ ਰਾਗੀ ਹੈ ਜਾਂ ਕੱਚਾ) ਉਹ ਦੂਜਿਆਂ 'ਤੇ ਅਸਰ ਪਾਉਣਾ ਜਾਂ ਆਪਣੇ ਵੱਲ ਖਿੱਚਣਾ ਤਾਂ ਇਕ ਪਾਸੇ ਰਿਹਾ, ਦੁਨੀਆ ਉਸ ਵੱਲ ਦੇਖਦੀ ਵੀ ਨਹੀਂ ਅਤੇ ਨਾ ਹੀ ਕੋਈ ਉਸਦਾ ਗਾਉਣਾ ਸੁਣਦਾ ਹੈ। ਇਸ ਲਈ ਕੋਈ ਵੀ ਹੁਨਰ, ਕਲਾ ਜਾਂ ਵਿੱਦਿਆ ਹੋਵੇ, ਉਸ ਵਿਚ ਕਮਾਲ ਹਾਸਲ ਕਰਨਾ ਜ਼ਰੂਰੀ ਹੈ।

ਹਰ ਇਕ ਹੁਨਰ ਜਾਂ ਵਿੱਦਿਆ ਦੇ ਆਪਣੇ ਕਮਾਲ ਦਾ ਸਥਾਨ ਇਕ ਵੱਖਰਾ ਹੀ ਹੁੰਦਾ ਹੈ। ਜੇਕਰ ਸ਼ਾਸਤਰੀਯ ਗਾਇਨ ਹੀ ਹਰ ਆਦਮੀ ਦੇ ਭਾਵਾਂ ਦੀ ਪੂਰਤੀ ਕਰਦਾ ਹੁੰਦਾ ਤਾਂ ਹਲਕੇ ਫੁਲਕੇ ਗੀਤ, ਜਾਂ ਲੋਕ ਗੀਤਾਂ ਦੀ ਲੋੜ ਹੀ ਨਾ ਪੈਂਦੀ। ਜਿਥੇ ਲੋਕ-ਗੀਤ ਜਾਂ ਹਲਕੇ ਫੁਲਕੇ ਗੀਤਾਂ ਦੀ ਲੋੜ ਹੈ, ਉਥੇ ਕਲਾਸੀਕਲ ਸੰਗੀਤ ਕੁਝ ਨਹੀਂ ਕਰ ਸਕਦਾ। ਸਗੋਂ ਅੱਜ-ਕੱਲ੍ਹ ਦੇ ਜ਼ਮਾਨੇ ਵਿਚ ਤਾਂ ਦੇਖਿਆ ਗਿਆ ਹੈ ਕਿ ਜਿਤਨਾ ਪ੍ਰਚਾਰ ਸਿਨੇਮਾ, ਲੋਕ-ਗੀਤਾਂ, ਭਜਨਾਂ ਅਤੇ ਕੀਰਤਨ ਦਰਬਾਰਾਂ ਰਾਹੀਂ ਸੰਗੀਤ ਦਾ ਹੋਇਆ ਹੈ, ਉਤਨਾ ਪ੍ਰਚਾਰ ਕਲਾਸੀਕਲ ਸੰਗੀਤ ਰਾਹੀਂ ਲੋਕਾਂ ਵਿਚ ਨਹੀਂ ਹੋਇਆ। ਕਲਾਸੀਕਲ ਸੰਗੀਤ ਰਾਹੀਂ ਇਨਸਾਨ ਜੇ ਚਾਹੇ ਤਾਂ ਮੁਕਤੀ ਪ੍ਰਾਪਤ ਕਰ ਸਕਦਾ ਹੈ, ਜੇਕਰ ਅੰਤਰ-ਆਤਮੇ ਦੀ ਬਿਰਤੀ ਸ਼ੁਧ ਹੋਵੇ ਤਾਂ ਇਸੀ ਪ੍ਰਕਾਰ ਭਜਨ ਕੀਰਤਨ, ਸ਼ਬਦ ਬਾਣੀ ਆਦਿ ਜੋ ਪੜ੍ਹਨ ਵਾਲੀਆਂ ਮੰਡਲੀਆਂ ਜਾਂ ਜੱਥੇ ਹਨ, ਉਹਨਾਂ ਨੇ ਭੀ ਸੰਗੀਤ ਦਾ ਬੜਾ ਪ੍ਰਚਾਰ ਕੀਤਾ ਅਤੇ ਪ੍ਰਚਾਰ ਰਾਹੀਂ ਲੋਕਾਂ ਦਾ ਉੱਧਾਰ ਹੋਇਆ, ਜਿਹੜੇ ਕਿ ਸੱਚੇ ਦਿਲੋਂ ਕਰਦੇ ਹਨ। ਜਿਵੇਂ ਕਿ ਗੁਰਬਾਣੀ ਵਿਚ ਲਿਖਿਆ ਹੈ:

ਆਰਾਧਨਾ ਅਰਾਧਨੁ ਨੀਕਾ, ਹਰਿ ਹਰਿ ਨਾਮੁ ਅਰਾਧਨਾ॥ *(ਮਾਰੂ ਮ: ੫, ਪੰਨਾ 1018)*

ਜਿਤਨੇ ਦੇਸ਼ ਹਨ, ਉਤਨੇ ਦੇਸ਼ਾਂ ਵਿਚ ਉਤਨੇ ਹੀ ਰਾਗ ਜਾਂ ਰਾਗਾਂ ਦੀਆਂ ਸ਼ੈਲੀਆਂ ਹਨ। ਜਿਤਨੇ ਪੁਰਾਣੇ ਅਵਤਾਰ ਜਾਂ ਸੰਗੀਤਕਾਰ ਅਥਵਾ ਰਾਗੀ ਹੋਏ ਹਨ, ਉਹਨਾਂ ਨੇ ਆਪਣੇ ਖ਼ਿਆਲਾਂ ਅਨੁਸਾਰ ਹੀ ਰਾਗਾਂ ਦੀ ਰਚਨਾ ਕੀਤੀ ਅਤੇ ਕਈ ਨਵੀਆਂ ਗਾਇਨ ਸ਼ੈਲੀਆਂ ਭੀ ਬਣਾਈਆਂ। ਕਈ ਗਾਇਨ ਸ਼ੈਲੀਆਂ ਇਸ ਵਕਤ ਸੰਸਾਰ ਭਰ ਵਿਚ ਰੌਸ਼ਨ ਹਨ ਅਤੇ ਕਈ ਗਾਇਨ ਸ਼ੈਲੀਆਂ ਬਣਨ ਤੋਂ ਬਾਅਦ ਛੇਤੀ ਹੀ ਖ਼ਤਮ ਹੋ ਗਈਆਂ। ਉਹਨਾਂ ਨੂੰ ਕੋਈ ਜਾਣਦਾ ਤਕ ਭੀ ਨਹੀਂ।

## (5)

ਇਥੇ ਅਸੀਂ ਮੀਰੀ ਪੀਰੀ ਦੇ ਮਾਲਕ ਸ਼ਹਿਨਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮੁਤੱਲਕ ਦੱਸਣਾ ਚਾਹੁੰਦੇ ਹਾਂ। ਗੁਰੂ ਸਾਹਿਬ ਆਪ ਇਕੱਲੇ ਯੋਧੇ ਹੀ ਨਹੀਂ ਸਨ, ਉਹ ਮੀਰੀ ਅਤੇ ਪੀਰੀ ਦੇ ਵੀ ਮਾਲਿਕ ਸਨ। ਪੀਰੀ ਦਾ ਜਵਾਬ ਬਚਨਾਂ ਰਾਹੀਂ ਅਤੇ ਮੀਰੀ ਦਾ ਜਵਾਬ ਤਲਵਾਰ ਰਾਹੀਂ ਦਿੰਦੇ ਸਨ। ਜਦ ਉਹਨਾਂ ਨੇ ਦੇਖਿਆ ਕਿ ਸਾਡੇ ਪੰਜ ਗੁਰੂ ਸਾਹਿਬਾਨ ਸ਼ਾਂਤੀ ਭਰਪੂਰ ਰਹੇ ਹਨ, ਕਿਸੇ 'ਤੇ ਹੱਥ ਨਹੀਂ ਚੁੱਕਿਆ, ਕਿਸੇ ਨੂੰ ਕੌੜਾ ਬੋਲ ਨਹੀਂ ਬੋਲਿਆ, ਜੇ ਕੋਈ ਓਏ ਭੀ ਆਖਣ ਆਇਆ ਤਾਂ ਉਸਨੂੰ ਅੱਗੋਂ ਸ਼ਾਂਤੀ ਦੇ ਬਚਨਾਂ ਨਾਲ ਸ਼ਾਂਤ ਕੀਤਾ। ਮਿਸਾਲ ਵਜੋਂ, ਦੂਸਰੀ ਪਾਤਸ਼ਾਹੀ ਦੇ ਜੀਵਨ ਵਿਚ ਇਕ ਘਟਨਾ ਤਪੇ ਰਾਹੀਂ ਵਰਣਨ ਕੀਤੀ ਗਈ ਹੈ। ਤੀਸਰੀ ਪਾਤਸ਼ਾਹੀ ਵੇਲੇ ਦਾਸੂ ਰਾਹੀਂ ਗੁਰੂ ਅਮਰਦਾਸ ਜੀ ਨੂੰ ਵਾਪਰੀ, ਚੌਥੇ ਪਾਤਸ਼ਾਹ ਨੇ ਪੁੱਛਣ 'ਤੇ ਬਾਬਾ ਸ੍ਰੀ ਚੰਦ ਜੀ ਨੂੰ ਕਿਹਾ ਕਿ ਇਹ ਲੰਮਾ ਦਾਹੜਾ ਆਪ ਜੈਸੇ ਮਹਾਤਮਾ ਦੇ ਚਰਨ ਝਾੜਨ ਲਈ ਰੱਖਿਆ ਹੈ।

ਪਰ ਗੁਰੂ ਅਰਜਨ ਦੇਵ ਜੀ ਨੇ ਤਾਂ ਉਬਲਦੀ ਦੇਗ ਵਿਚ ਉਬਾਲੇ ਵੀ ਖਾਧੇ, ਤੱਤੀਆਂ ਤਵੀਆਂ ਉੱਤੇ ਬੈਠ ਕੇ ਤੱਤੇ ਰੇਤੇ ਦੇ ਕੜਛੇ ਭੀ ਸੀਸ ਉੱਪਰ ਪੁਆਏ, ਪਰ ਸੋਲ੍ਹਾਂ ਪਹਿਰਾਂ ਵਿਚ ਇਕ ਵਾਰੀ ਭੀ 'ਸੀ' ਨਹੀਂ ਕੀਤੀ ਅਤੇ ਭਾਣਾ ਮਿੱਠਾ ਹੀ ਕਰ ਕੇ ਮੰਨਦੇ ਰਹੇ। ਪਰ ਅੱਜ ਇਥੇ ਉਸ ਸ਼ਾਂਤੀ ਦੀ ਲੋੜ ਨਹੀਂ ਜਿਹੜੀ ਸ਼ਾਂਤੀ ਰਾਹੀਂ ਦੁਸ਼ਮਨ ਆ ਕੇ ਆਪਣੀ ਪੱਗ ਨੂੰ ਹੱਥ ਪਾਵੇ। ਸੋ ਗੁਰੂ ਸਾਹਿਬ ਨੇ ਆਖਿਆ ਕਿ ਅੱਜ ਅਤੀ ਲੋੜ ਹੈ ਦੇਗ ਅਤੇ ਤੇਗ਼ ਦੀ। ਬਗ਼ੈਰ ਤੇਗ਼ ਤੋਂ ਧਰਮ ਦੀ ਜਾਂ ਨਾਮ ਜਪਣ ਵਾਲਿਆਂ ਦੀ ਰੱਖਿਆ ਨਹੀਂ ਹੋ ਸਕਦੀ।

ਗੁਰੂ ਸਾਹਿਬ ਨੇ ਕਈ ਯੁੱਧ ਕੀਤੇ, ਅਨੇਕਾਂ ਮਲੇਛਾਂ ਤੇ ਦੁਸ਼ਟਾਂ ਦਾ ਨਾਸ ਕੀਤਾ, ਪਰ ਅਜੇ ਇਕ ਗੱਲ ਦੀ ਬੜੀ ਲੋੜ ਸੀ, ਜਿਹੜੀ ਕਿ ਕਿਸੇ ਵੀ ਅਵਤਾਰ ਜਾਂ ਪੀਰ ਪੈਗ਼ੰਬਰ ਨੇ ਨਹੀਂ ਸੀ ਸੋਚੀ, ਉਹ ਸੀ ਯੋਧਿਆਂ ਦੇ ਅੰਦਰ ਜੋਸ਼ ਭਰਨ ਦਾ ਤਰੀਕਾ। ਗੁਰੂ ਸਾਹਿਬ ਜੀ ਨੇ ਕਿਹਾ ਕਿ ਲੜਾਈਆਂ ਤਾਂ ਲੜੀਆਂ ਜਾ ਰਹੀਆਂ ਹਨ, ਮਲੇਛ ਵੀ ਖ਼ਤਮ ਹੁੰਦੇ ਜਾ ਰਹੇ ਹਨ, ਦੁਸ਼ਟਾਂ ਨੂੰ ਭੀ ਪੂਰਾ ਦੰਡ ਦਿੱਤਾ ਜਾ ਰਿਹਾ ਹੈ, ਪਰ ਸੂਰਮਿਆਂ ਦੀ ਸੂਰਮਤਾਈ ਲਈ ਕੁਝ ਨਹੀਂ ਕੀਤਾ ਜਾ ਰਿਹਾ, ਕਿਉਂਕਿ ਸੂਰਮੇ ਵੱਧ ਤੋਂ ਵੱਧ ਬਲੀ ਹੋਣੇ ਚਾਹੀਦੇ ਹਨ, ਅਮਰ ਹੋਣੇ ਚਾਹੀਦੇ ਹਨ ਅਤੇ ਉਹਨਾਂ ਵਿਚ ਪੂਰਾ ਜੋਸ਼ ਹੋਣਾ ਚਾਹੀਦਾ ਹੈ।

ਲੋਕ-ਵਿਸ਼ਵਾਸ ਹੈ ਕਿ ਤ੍ਰੇਤੇ ਯੁਗ ਵਿਚ ਸ੍ਰੀ ਰਾਮ ਚੰਦ੍ਰ ਜੀ ਦੀ ਜਦ ਸਾਰੀ ਦੀ ਸਾਰੀ ਫ਼ੌਜ ਮਾਰੀ ਗਈ ਤਾਂ ਉਹਨਾਂ ਨੇ ਹਨੂਮਾਨ ਰਾਹੀਂ ਕੈਲਾਸ਼ ਪਰਬਤ ਤੋਂ ਸੰਜੀਵਨੀ

ਬੂਟੀ ਮੰਗਵਾਈ ਅਤੇ ਉਸ ਬੂਟੀ ਦਾ ਸਾਰੀ ਮਰੀ ਹੋਈ ਫ਼ੌਜ ਨੂੰ ਸੇਵਨ ਕਰਵਾਇਆ ਅਤੇ ਮੁੜ ਕੇ ਸੁਰਜੀਤ ਕੀਤਾ। ਇਸੀ ਤਰ੍ਹਾਂ ਸ੍ਰੀ ਕ੍ਰਿਸ਼ਨ ਭਗਵਾਨ ਜੀ ਨੇ ਪਾਂਡਵਾਂ ਦੀ ਮਰੀ ਹੋਈ ਫ਼ੌਜ ਨੂੰ ਜਿਉਂਦਾ ਕਰਨ ਲਈ ਰਾਮ ਤੀਰਥ ਅੰਮ੍ਰਿਤਸਰ ਤੋਂ ਅੰਮ੍ਰਿਤ ਦਾ ਘੜਾ ਮੰਗਵਾਇਆ ਅਤੇ ਆਪਣੀ ਫ਼ੌਜ ਨੂੰ ਸੁਰਜੀਤ ਕੀਤਾ। ਉਹ ਬਚਿਆ ਹੋਇਆ ਅੰਮ੍ਰਿਤ ਭਗਵਾਨ ਸ੍ਰੀ ਰਾਮ ਚੰਦ੍ਰ ਜੀ ਦੇ ਵੇਲੇ ਤੋਂ ਹੀ ਧਰਤੀ ਵਿਚ ਦੱਬਿਆ ਹੋਇਆ ਸੀ। ਉਸੀ ਥਾਂ 'ਤੇ ਹੀ ਅੱਜ ਸ੍ਰੀ ਅੰਮ੍ਰਿਤਸਰ ਸਰੋਵਰ ਬਣਿਆ ਹੋਇਆ ਹੈ। ਸੋ ਗੁਰੂ ਸਾਹਿਬ ਜੀ ਨੇ ਵਿਚਾਰਿਆ ਕਿ ਅੱਜ ਸਾਨੂੰ ਉਸ ਅੰਮ੍ਰਿਤ ਦੀ ਲੋੜ ਹੈ ਜੋ ਕਿ ਕੰਨਾਂ ਰਾਹੀਂ ਸੁਣਨਾ, ਰਸਨਾ ਰਾਹੀਂ ਚੱਖਣਾ, ਅਤੇ ਮਨ ਦੀ ਸ਼ਰਧਾ ਰੂਪੀ ਕਟੋਰੇ ਰਾਹੀਂ ਪੀਤਾ ਜਾਵੇ। ਉਹ ਅੰਮ੍ਰਿਤ ਸਾਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਚਾਰਣ ਕੀਤੇ ਹੋਏ ਰਾਗਾਂ ਰਾਹੀਂ, ਗੁਰਬਾਣੀ ਰਾਹੀਂ ਮਿਲ ਸਕਦਾ ਹੈ। ਗੁਰੂ ਸਾਹਿਬ ਜੀ ਨੇ ਆਪਣੇ ਸਾਰੇ ਅਹਿਲਕਾਰਾਂ, ਦਰਬਾਰੀਆਂ, ਜਥੇਦਾਰਾਂ ਅਤੇ ਜਰਨੈਲਾਂ ਨੂੰ ਬੁਲਾਇਆ ਅਤੇ ਸਾਰੀ ਸੰਗਤ ਇਕੱਠੀ ਕੀਤੀ ਅਤੇ ਦੀਵਾਨ ਸਜਾਇਆ, ਜਿਵੇਂ ਕਿ ਲਿਖਿਆ ਹੈ:

> **ਪਾਰਬ੍ਰਹਮੁ ਪੂਰਨ ਬ੍ਰਹਮਿ ਸਤਿਗੁਰ ਆਪੇ ਆਪੁ ਉਪਾਇਆ॥**
> **ਗੁਰੁ ਗੋਬਿੰਦੁ ਗੋਵਿੰਦੁ ਗੁਰੁ ਜੋਤਿ ਇਕ ਦੁਇ ਨਾਵ ਧਰਾਇਆ॥੨੪॥੨੪॥**
>
> *(ਭਾਈ ਗੁਰਦਾਸ ਜੀ)*

ਦੀਵਾਨ ਸਜਾ ਕੇ ਸਤਿਗੁਰੂ ਜੀ ਨੇ ਫ਼ੁਰਮਾਇਆ ਕਿ ਪਿਛਲੇ ਜੰਗਾਂ ਯੁੱਧਾਂ ਵਿਚ ਸੂਰਮੇ ਥੱਕ ਜਾਂਦੇ ਸਨ ਅਤੇ ਤਿੰਨ-ਤਿੰਨ ਦਿਨ ਥੱਕੇ ਹੋਣ ਦੇ ਕਾਰਣ ਮੁੜ ਕੇ ਲੜਨ ਨੂੰ ਕਿਸੇ ਦਾ ਮਨ ਨਹੀਂ ਸੀ ਕਰਦਾ।

ਸੋ ਜਿਥੇ ਸਿਰੀ ਰਾਗ ਜਾਂ ਮਲ੍ਹਾਰ ਗਾ ਕੇ ਕੋਈ ਮਨੁੱਖ ਇਕ ਸ਼ਬਦ ਰਾਹੀਂ ਮੁਕਤੀ ਪ੍ਰਾਪਤ ਕਰ ਸਕਦਾ ਹੈ, ਜਿਥੇ ਦਾਨੀ ਆਪਣੀ ਦਸਾਂ ਨਹੁੰਆਂ ਦੀ ਪਵਿੱਤਰ ਕਿਰਤ ਕਰ ਕੇ ਗੁਰਦੁਆਰੇ ਦੀ ਜਾਂ ਲੰਗਰ ਦੀ ਸੇਵਾ ਕਰ ਕੇ, ਦਾਨ ਕਰ ਕੇ ਮੁਕਤੀ ਪ੍ਰਾਪਤ ਕਰ ਸਕਦਾ ਹੈ, ਜਿਥੇ ਭਗਤ, ਸੰਤ ਮਹਾਤਮਾ, ਰਿਸ਼ੀ-ਮੁਨੀ, ਪਰਮੇਸ਼ੂਰ ਦਾ ਨਾਮ ਜਪ ਕੇ ਬੰਦਗੀ ਕਰ ਕੇ ਮੁਕਤੀ ਪ੍ਰਾਪਤ ਕਰ ਸਕਦਾ ਹੈ, ਉਥੇ ਧਰਮ ਦੇ ਲਈ ਯੁੱਧ ਵਿਚ ਸ਼ਹੀਦੀ ਪਾ ਕੇ, ਆਪਣੇ ਆਪ ਨੂੰ ਨਿਛਾਵਰ ਕਰ ਕੇ ਭੀ ਮੁਕਤ ਹੋ ਸਕਦਾ ਹੈ। ਪਰ ਸ਼ਹੀਦ ਦੇ ਪੱਲੇ ਸੱਚਾਈ ਹੋਵੇ ਅਤੇ ਸੱਚਮੁੱਚ ਹੀ ਗਊ ਗ਼ਰੀਬ ਦੀ ਰੱਖਿਆ ਕਰਨ ਵਾਲਾ ਹੋਵੇ, ਜੇਕਰ ਕੋਈ ਮੇਰ-ਤੇਰ ਵਾਲੀ ਗੱਲ ਨਾ ਹੋਵੇ ਤਦ। ਜਿਵੇਂ ਕਿ ਭਗਤ ਕਬੀਰ ਜੀ ਲਿਖਦੇ ਹਨ:

> **ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥**
> **ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥੨੦੩॥** *(ਸਲੋਕ ਕਬੀਰ ਜੀ, ਪੰਨਾ 1375)*

ਸੱਚਾਈ ਦੀ ਲੋੜ ਤਾਂ ਭਗਤ, ਦਾਨੀ, ਸੂਰਮਾ ਜੋ ਵੀ ਹੋਵੇ ਸਾਰਿਆਂ ਨੂੰ ਹੈ। ਜਿਵੇਂ ਕਿ ਦਾਨੀ ਦਾ ਕੀਤਾ ਹੋਇਆ ਦਾਨ, ਨਾਮੀ ਦਾ ਜਪਿਆ ਹੋਇਆ ਨਾਮ, ਸੂਰਮਿਆਂ ਦੀ ਕੀਤੀ ਹੋਈ ਕੁਰਬਾਨੀ ਕਦੀ ਵੀ ਅਜਾਈਂ ਨਹੀਂ ਜਾਂਦੀ, ਜੇਕਰ ਉਸਦਾ ਹਿਰਦਾ ਸ਼ੁਧ ਅਤੇ ਸੱਚਾ ਹੋਵੇ, ਸੱਚ ਦੇ ਉਪਦੇਸ਼ 'ਤੇ ਚੱਲ ਕੇ ਉਸ ਨੇ ਆਪਣੀ ਜਾਨ ਨੂੰ ਨਿਛਾਵਰ ਕੀਤਾ ਹੋਵੇ। ਗੁਰੂ ਸਾਹਿਬ ਜੀ ਭੀ ਲਿਖਦੇ ਹਨ:

> **ਮ: ੧ ॥**
> **ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥**
> **ਕੂੜ ਕੀ ਮਲੁ ਉਤਰੈ, ਤਨੁ ਕਰੇ ਹਛਾ ਧੋਇ॥**
> **ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ॥**

ਨਾਉ ਸੁਣਿ ਮਨੁ ਰਹਸੀਐ, ਤਾ ਪਾਏ ਮੋਖ ਦੁਆਰੁ ॥
ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥
ਧਰਤਿ ਕਾਇਆ ਸਾਧਿ ਕੈ, ਵਿਚਿ ਦੇਇ ਕਰਤਾ ਬੀਉ ॥
ਸਚੁ ਤਾ ਪਰੁ ਜਾਣੀਐ, ਜਾ ਸਿਖ ਸਚੀ ਲੇਇ ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥
ਸਚੁ ਤਾਂ ਪਰੁ ਜਾਣੀਐ, ਜਾ ਆਤਮ ਤੀਰਥਿ ਕਰੇ ਨਿਵਾਸੁ ॥
ਸਤਿਗੁਰੂ ਨੋ ਪੁਛਿ ਕੈ, ਬਹਿ ਰਹੈ ਕਰੇ ਨਿਵਾਸੁ ॥
ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥
ਨਾਨਕੁ ਵਖਾਣੈ ਬੇਨਤੀ, ਜਿਨ ਸਚੁ ਪਲੈ ਹੋਇ ॥੨॥ *(ਆਸਾ ਦੀ ਵਾਰ, ਪੰਨਾ 468)*

ਸੋ ਭਗਤੀ ਕਰਨ ਵਾਲਾ ਭਗਤ ਕਈ ਸਾਲਾਂ ਬੱਧੀ ਮੁਕਤੀ ਲਈ ਜਾਂ ਅਮਰ ਹੋਣ ਲਈ ਯਤਨ ਕਰਦਾ ਰਹਿੰਦਾ ਹੈ ਪਰ ਫਿਰ ਭੀ ਉਹ ਅਮਰ ਨਹੀਂ ਹੁੰਦਾ। ਪਰ ਧਰਮ ਯੁੱਧ ਵਿਚ ਸ਼ਹੀਦੀ ਪਾਉਣ ਵਾਲਾ ਮਿੰਟਾਂ ਵਿਚ ਹੀ ਮੁਕਤੀ ਦੇ ਦਵਾਰੇ ਪਹੁੰਚ ਜਾਂਦਾ ਹੈ। (ਕਿਉਂਕਿ ਇਹ ਗਾਡੀ ਰਸਤਾ ਅਤੇ ਸਿੱਧਾ ਰਾਹ ਹੈ।) ਜਿਵੇਂ ਭਾਈ ਗੁਰਦਾਸ ਜੀ ਭੀ ਫ਼ੁਰਮਾਉਂਦੇ ਹਨ :

ਗੁਰਮੁਖ ਗਾਡੀ ਰਾਹੁ ਚਲੰਦਾ ॥੧੧॥੪੦॥ *(ਭਾਈ ਗੁਰਦਾਸ ਜੀ)*

ਹੁਕਮਿ ਰਜਾਈ ਚਲਣਾ, ਗੁਰਮੁਖਿ ਗਾਡੀ ਰਾਹੁ ਚਲਾਇਆ ॥੧੭॥੧੨॥
*(ਭਾਈ ਗੁਰਦਾਸ ਜੀ)*

ਮਰਣੁ ਮੁਣਸਾ ਸੂਰਿਆ ਹਕੁ ਹੈ, ਜੋ ਹੋਇ ਮਰਨਿ ਪਰਵਾਣੋ ॥
ਸੂਰੇ ਸੇਈ ਆਗੈ ਆਖੀਅਹਿ, ਦਰਗਹ ਪਾਵਹਿ ਸਾਚੀ ਮਾਣੋ ॥
*(ਵਡਹੰਸ ਮ: ੧, ਪੰਨਾ 580)*

ਕਬੀਰ ਐਸਾ ਸਤਿਗੁਰੁ ਜੋ ਮਿਲੈ ਤੁਠਾ ਕਰੇ ਪਸਾਉ ॥
ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ ॥੫੯॥ *(ਸਲੋਕ ਕਬੀਰ, ਪੰਨਾ 1367)*

ਪਰ ਇਹਨਾਂ ਸੂਰਮਿਆਂ ਨੂੰ ਉਠਾਲਣ ਲਈ, ਮੁਰਦੇ ਦਿਲਾਂ ਵਿਚ ਜਾਨ ਪਾਉਣ ਲਈ, ਗਿੱਦੜਾਂ ਤੋਂ ਸ਼ੇਰ ਬਣਾਉਣ ਲਈ, ਇਕ ਸੰਗੀਤ ਹੀ ਹੈ ਜੋ ਕਿ ਇਹਨਾਂ ਨੂੰ ਅਮਰ ਬਣਾ ਸਕਦਾ ਹੈ; ਪਰ ਸੰਗੀਤ ਭੀ ਕਿਹੜਾ, ਜੋ ਸਾਧਾਰਣ ਰੂਪ ਵਿਚ ਹੋਵੇ ਅਤੇ ਜੋਸ਼ੀਲਾ ਹੋਵੇ। ਉਸ ਸੰਗੀਤ ਵਿਚ ਪਿਛਲੇ ਸੂਰਮਿਆਂ ਦੀ ਵੀਰਤਾ ਦਾ ਹਾਲ ਸੁਣਾਇਆ ਜਾਵੇ। ਸੋ ਇਹ ਵਿਚਾਰ ਕੇ ਗੁਰੂ ਸਾਹਿਬ ਜੀ ਨੇ ਬਾਬਕ ਰਬਾਬੀ ਅਤੇ ਹੋਰ ਸਿੰਘਾਂ ਨੂੰ ਫ਼ੁਰਮਾਇਆ ਕਿ ਤੁਸੀਂ ਸਾਰੰਗੀ ਅਤੇ ਢੱਡਾਂ ਲੈ ਕੇ ਉਸ ਨਾਲ ਪਿੱਛੇ ਜੋ ਸੂਰਮੇ ਸ਼ਹੀਦ ਹੋਏ ਹਨ, ਉਹਨਾਂ ਦੀਆਂ ਜੀਵਨੀਆਂ, ਵਾਰਾਂ ਵਿਚ ਗਾ ਕੇ ਸੂਰਮਿਆਂ ਨੂੰ ਸੁਣਾਓ। ਸੋ ਸਭ ਤੋਂ ਪਹਿਲਾਂ ਜੋ ਆਸਾ ਜੀ ਦੀ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਚਾਰਣ ਕੀਤੀ ਹੈ, ਉਸ ਦੀ ਧੁਨ "ਟੁੰਡੇ ਅਸ ਰਾਜੈ" ਦੀ ਧੁਨੀ ਹੈ। ਸੋ ਭਾਈ ਇਹ ਵਾਰ "ਟੁੰਡੇ ਅਸ ਰਾਜੈ" ਦੀ ਧੁਨੀ ਦੇ ਨਾਲ ਹੀ ਗਾਇਆ ਕਰੋ। ਬਾਕੀ ਅਸੀਂ ਤੁਹਾਨੂੰ ਅੱਠ ਧੁਨਾਂ ਹੋਰ ਦੱਸਦੇ ਹਾਂ, ਉਹ ਧੁਨਾਂ ਭੀ ਤੁਹਾਨੂੰ ਢੱਡ ਅਤੇ ਸਾਰੰਗੀ ਨਾਲ ਗਾਉਣੀਆਂ ਚਾਹੀਦੀਆਂ ਹਨ।

ਢੱਡ ਅਤੇ ਸਾਰੰਗੀ ਨਾਲ ਗਾਈਆਂ ਹੋਈਆਂ ਵਾਰਾਂ, ਡਰਨ ਵਾਲਿਆਂ ਨੂੰ ਨਿਡਰਤਾ, ਬੁਜ਼ਦਿਲਾਂ ਦੇ ਦਿਲਾਂ ਨੂੰ ਤਕੜੇ ਕਰਨਗੀਆਂ ਅਤੇ ਗਿੱਦੜ ਦਿਲਾਂ ਵਾਲੇ ਸ਼ੇਰ ਦਿਲ ਬਣ ਜਾਣਗੇ। ਜਿਵੇਂ ਕਿ ਸਤਿਗੁਰੂ ਜੀ ਫ਼ੁਰਮਾਉਂਦੇ ਹਨ :

ਧੰਨ ਜੀਓ ਤਿਹ ਕੋ ਜਗ ਮੈ, ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ ॥
ਦੇਹ ਅਨਿਤ ਨ ਨਿਤ ਰਹੈ, ਜਸੁ ਨਾਵ ਚੜੈ ਭਵ ਸਾਗਰ ਤਾਰੈ ॥

ਧੀਰਜ ਧਾਮ ਬਨਾਇ ਇਹੈ ਤਨ ਬੁਧਿ ਸੁ ਦੀਪਕ ਜਿਉ ਉਜੀਆਰੈ॥
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ, ਕਾਤਰਤਾ ਕੁਤਵਾਰ ਬੁਹਾਰੈ॥

*(ਕ੍ਰਿਸ਼ਨਾਵਤਾਰ)*

ਮੇਰਾ ਆਪਣਾ ਨਿੱਜੀ ਵਿਚਾਰ ਤਾਂ ਇਹ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਪਹਿਲਾਂ ਸੂਰਮਿਆਂ ਦੇ ਕੋਲ ਐਸਾ ਜਾਦੂ ਜਾਂ ਸੰਗੀਤ ਨਹੀਂ ਹੋਵੇਗਾ, ਜਾਂ ਐਸੀ ਕੋਈ·ਚੀਜ਼ ਨਹੀਂ ਹੁੰਦੀ ਹੋਵੇਗੀ ਜੋ ਕਿ ਸੂਰਮਿਆਂ ਨੂੰ ਮੈਦਾਨੇ ਜੰਗ ਵਿਚ ਜਾਣ ਲੱਗਿਆਂ ਜੋਸ਼ ਦਿੰਦੀ ਹੋਵੇ, ਜਾਂ ਦਿਲ ਨੂੰ ਤਕੜਾ ਬਣਾਉਂਦੀ ਹੋਵੇ। ਢਾਡੀ ਰਾਗ (ਵਾਰਾਂ) ਤੋਂ ਬਗ਼ੈਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੋਂ ਪਹਿਲਾਂ ਸੂਰਮਿਆਂ ਦੀ ਦੁਨੀਆ ਸੱਖਣੀ, ਸੁੰਨੀ ਅਤੇ ਖ਼ਾਲੀ ਸੀ। ਪਰ ਅੱਜ ਸਭਾ ਵਿਚ ਬੈਠ ਕੇ ਜਦ ਕੋਈ ਢਾਡੀ ਦੀਆਂ ਵਾਰਾਂ ਜਾਂ ਢਾਡੀ ਰਾਗ ਸੁਣਦਾ ਹੈ, ਤਾਂ ਕਿਹੜਾ ਹੈ ਜਿਹੜਾ ਜੰਗ ਕਰਨ ਲਈ ਤਿਆਰ ਨਹੀਂ ਹੁੰਦਾ ਅਤੇ ਉਸ ਦੇ ਦਿਲ ਵਿਚ ਜੋਸ਼ ਨਹੀਂ ਆਉਂਦਾ। ਲੇਖਕ ਦਾ ਖ਼ਿਆਲ ਹੈ ਕਿ ਖ਼ਾਲਸਾ ਕੌਮ ਦੇ ਕੋਲ ਢੱਡ ਸਾਰੰਗੀ ਦਾ ਕੀਰਤਨ ਇਕ ਸੰਜੀਵਨੀ ਬੂਟੀ ਦਾ ਅਸਥਾਨ ਰੱਖਦਾ ਹੈ। ਇਹ ਕ੍ਰਿਪਾ ਹੈ ਤਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਹੀ ਹੈ। ਸੂਰਬੀਰਾਂ ਦੀ ਦੁਨੀਆ ਲਈ ਇਹ ਇਕ ਵੱਡੀ ਮਹਾਨ ਦੇਣ ਹੈ। ਇਥੇ ਅਸੀਂ ਤੁਹਾਨੂੰ ਉਹ ਨੌਂ ਧੁਨਾਂ ਭੀ ਦੱਸ ਰਹੇ ਹਾਂ, ਜਿਹੜੀਆਂ ਕਿ ਛੇਵੇਂ ਪਾਤਸ਼ਾਹ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪ ਦਰਜ ਕੀਤੀਆਂ ਹਨ। ਬੇਸ਼ਕ ਉਹਨਾਂ ਨੇ ਆਪਣੀ ਬਾਣੀ ਉਚਾਰਣ ਨਹੀਂ ਕੀਤੀ ਪਰ ਇਹ ਨੌਂ ਧੁਨਾਂ ਗੁਰਬਾਣੀ ਵਿਚ ਚੜ੍ਹਾਈਆਂ ਅਤੇ ਸੂਰਮਿਆਂ ਦੇ ਉਠਾਲਣ ਲਈ ਅਤੇ ਨਿਰਬਲਾਂ ਨੂੰ ਬਲੀ ਕਰਨ ਲਈ ਢਾਡੀ ਰਾਗ ਪ੍ਰਚਲਿਤ ਕੀਤਾ। ਸੋ ਨੌਂ ਧੁਨਾਂ ਦੇ ਨਾਮ ਇਸ ਪ੍ਰਕਾਰ ਹਨ :

1. ਵਾਰ ਮਾਝ ਕੀ ਤਥਾ ਸਲੋਕ ਮਹਲਾ ੧,
   "ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ॥
2. ਗਉੜੀ ਕੀ ਵਾਰ ਮਹਲਾ ੫, ਰਾਇ ਕਮਾਲ ਦੀ
   ਮੋਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ॥
3. ਆਸਾ ਮਹਲਾ ੧, ਵਾਰ ਸਲੋਕਾ ਨਾਲਿ ਸਲੋਕ ਭੀ
   ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸ ਰਾਜੈ ਕੀ ਧੁਨੀ॥
4. ਗੂਜਰੀ ਕੀ ਵਾਰ ਮਹਲਾ ੩, ਸਿਕੰਦਰ ਬਿਰਾਹਿਮ ਕੀ
   ਵਾਰ ਕੀ ਧੁਨੀ ਗਾਉਣੀ॥
5. ਵਡਹੰਸ ਕੀ ਵਾਰ ਮਹਲਾ ੪, ਲਲਾਂ ਬਹਲੀਮਾ ਕੀ ਧੁਨੀ ਗਾਵਣੀ॥
6. ਰਾਮਕਲੀ ਕੀ ਵਾਰ ਮਹਲਾ ੩॥ ਜੋਧੈ ਵੀਰੈ ਪੂਰਬਾਣੀ ਕੀ ਧੁਨੀ॥
7. ਸਾਰੰਗ ਕੀ ਵਾਰ ਮਹਲਾ ੪, ਰਾਇ ਮਹਮੇ ਹਸਨੇ ਕੀ ਧੁਨਿ॥
8. ਵਾਰ ਮਲਾਰ ਕੀ ਮਹਲਾ ੧, ਰਾਣੈ ਕੈਲਾਸ ਤਥਾ ਮਾਲਦੇ ਕੀ ਧੁਨਿ॥
9. ਕਾਨੜੇ ਕੀ ਵਾਰ ਮਹਲਾ ੪, ਮੂਸੇ ਕੀ ਵਾਰ ਕੀ ਧੁਨੀ॥

ਉਪਰੋਕਤ ਲਿਖੀਆਂ ਗਈਆਂ ਨੌਂ ਧੁਨਾਂ ਦੁਆਰਾ ਯੋਧਿਆਂ ਦੇ ਨਾਵਾਂ ਦਾ ਤਾਂ ਪਤਾ ਲੱਗਦਾ ਹੈ, ਪਰ ਧੁਨਾਂ ਦਾ ਉਚਾਰਣ ਜਾਂ ਧੁਨਾਂ ਦੀ ਰੀਤ ਜਿਸ ਨੂੰ ਤਰਜ਼ ਆਖਿਆ ਜਾਂਦਾ ਹੈ, ਉਹ ਸਹੀ ਰੂਪ ਵਿਚ ਪ੍ਰਾਪਤ ਨਹੀਂ ਹੁੰਦੀ। ਜਿਸ ਤਰ੍ਹਾਂ ਕਿ ਸਹੀ ਮਾਰੂ ਰਾਗ ਦੇ ਸਰੂਪ ਦਾ ਪਤਾ ਨਹੀਂ ਲੱਗਦਾ ਅਤੇ ਸਤਾਰਾਂ ਗੌੜੀਆਂ ਵਿੱਚੋਂ ਕੁਝ ਹੀ ਗੌੜੀਆਂ ਮਿਲਦੀਆਂ ਹਨ। ਧੁਨਾਂ ਦੀ ਪ੍ਰਾਪਤੀ ਬਾਰੇ ਵੀ ਇਹੋ ਵਿਚਾਰ ਹੈ।

ਜੇਕਰ ਕਦੀ ਉਸ ਸਮੇਂ ਸੰਗੀਤ ਨੂੰ ਸੁਰਜੀਤ ਰੱਖਣ ਲਈ ਅੱਜ-ਕੱਲ੍ਹ ਵਰਗੀ 'ਸੁਰ ਲਿਪੀ ਪੱਧਤੀ' ਹੁੰਦੀ, ਤਾਂ ਅੱਜ ਧੁਨਾਂ ਵਰਗੀ ਅਲੌਕਿਕ ਸੰਗੀਤ ਸ਼ੈਲੀ ਜਾਂ ਹੋਰ ਰਾਗ ਦੀਆਂ ਵੱਡੀਆਂ, ਵਡਮੁੱਲੀਆਂ, ਬੇ-ਕੀਮਤੀ ਬੰਦਸ਼ਾਂ ਦੇ ਭੰਡਾਰ ਸਾਡੇ ਕੋਲੋਂ ਅਲੋਪ ਨਾ ਹੁੰਦੇ।

ਜਿੱਥੇ ਅਸੀਂ ਵੱਡੇ-ਵੱਡੇ ਧ੍ਰੁਪਦ, ਧਮਾਰ, ਖ਼ਿਆਲ, ਚਤੁਰੰਗ, ਤਰਾਨਾ, ਤਿਰਵਟ, ਠੁਮ੍ਰੀ, ਗ਼ਜ਼ਲ, ਗੀਤਾਂ ਆਦਿਕ ਦੀਆਂ ਬੰਦਸ਼ਾਂ ਆਪ ਬਣਾ ਸਕਦੇ ਹਾਂ, ਉਥੇ ਦੋ-ਦੋ ਚਾਰ-ਚਾਰ ਸੁਰਾਂ ਵਾਲੀਆਂ ਢਾਡੀ ਵਾਰਾਂ ਦੀਆਂ ਤਰਜ਼ਾਂ ਬਣਾਉਣੀਆਂ ਕੋਈ ਵੱਡਾ ਜਾਂ ਔਖਾ ਕੰਮ ਨਹੀਂ, ਪਰ ਇਹ ਕੁਝ ਕਰਨਾ ਮੇਰੇ ਆਪਣੇ ਮਨ ਨੇ ਪਸੰਦ ਨਹੀਂ ਕੀਤਾ। ਜੇਕਰ ਧੁਨਾਂ ਲਿਖੀਆਂ ਜਾਣ ਤਾਂ ਉਹੋ ਹੀ ਲਿਖੀਆਂ ਜਾਣ, ਜੋ ਕਿ ਸਤਿਗੁਰੂ ਜੀ ਦੇ ਵੇਲੇ ਗਾਈਆਂ ਗਈਆਂ ਸਨ।

ਜਿਹੜੀਆਂ ਧੁਨਾਂ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਹੁਕਮ ਅਨੁਸਾਰ ਦਰਬਾਰ ਵਿਚ ਅਲਾਪੀਆਂ ਗਈਆਂ ਸਨ, ਕਾਸ਼! ਕਿ ਉਹੋ ਢਾਡੀ ਤਰਜ਼ਾਂ ਅੱਜ ਭੀ ਹੁੰਦੀਆਂ ਤਾਂ ਕਿਤਨੀ ਕੁ ਵਡਮੁੱਲੀ ਅਤੇ ਅਲੌਕਿਕ ਗੱਲ ਸੀ।

ਨੌਂ ਧੁਨਾਂ ਅਤੇ ਗੁਰਮਤਿ ਰਾਗ ਸ਼ੈਲੀ ਜਿਊਂਦੀ ਵੀ ਕਿਸ ਤਰ੍ਹਾਂ ਰਹੇ। ਕੋਈ ਸਭਾ, ਸੁਸਾਇਟੀ, ਸੰਗਤ ਜਾਂ ਗੁਰ ਕੀਰਤਨ ਦਰਬਾਰ ਲੱਗਾ ਹੋਇਆ ਹੋਵੇ, ਤਾਂ ਰਾਗ ਵਿਚ ਗਾਏ ਹੋਏ ਸ਼ਬਦ ਨੂੰ ਤਾਂ ਕੋਈ ਸੁਣਦਾ ਹੀ ਨਹੀਂ, ਕਿਉਂਕਿ 90 ਪ੍ਰਤੀਸ਼ਤ, ਸੰਗਤਾਂ ਵਿਚ ਉਹ ਪੁਰਸ਼ ਬੈਠੇ ਹੋਏ ਹੁੰਦੇ ਹਨ, ਜਿਹੜੇ ਕਿ ਸਿਰਫ਼ ਗੁਰਬਾਣੀ ਦਾ ਹੀ ਰਸ ਮਾਣਨਾ ਚਾਹੁੰਦੇ ਹਨ। ਜੇਕਰ ਰਾਗ ਦੇ ਵਿਸਥਾਰ ਦੁਆਰਾ ਗੁਰਬਾਣੀ ਪੜ੍ਹੀ ਜਾਵੇ ਤਾਂ ਅਸਲ ਭਾਵ ਤੁਰੰਤ ਸਪੱਸ਼ਟ ਨਹੀਂ ਹੁੰਦਾ। ਬਹੁਤੇ ਸੱਜਣ ਸਾਧਾਰਣ ਕੀਰਤਨ ਹੀ ਸਮਝਣ ਵਾਲੇ ਹੁੰਦੇ ਹਨ ਅਤੇ ਰਾਗ ਦੀ ਬਰੀਕੀ ਨੂੰ ਸਮਝਣ ਵਾਲੇ ਘੱਟ।

ਅੱਵਲ ਤਾਂ ਅੱਜ-ਕੱਲ੍ਹ ਕੋਈ ਪੱਕਾ ਰਾਗ ਸਿੱਖਦਾ ਹੀ ਨਹੀਂ, ਜੇਕਰ ਕੋਈ ਸਿੱਖਦਾ ਵੀ ਹੈ ਤਾਂ ਸਿੱਖੇ ਹੋਏ ਰਾਗੀ ਦਾ ਰਾਗ ਕੋਈ ਸੁਣਦਾ ਹੀ ਨਹੀਂ। ਸੁਣੇ ਭੀ ਕਿਵੇਂ ਕੋਈ ? ਜਦ ਕਿ ਰਾਗ ਦੁਆਰਾ ਬਾਣੀ ਗਾਈ ਹੋਈ ਛੇਤੀ ਸਮਝ ਹੀ ਨਹੀਂ ਪੈਂਦੀ। ਕੀਰਤਨੀਏ ਸੱਜਣ ਭੀ ਜ਼ਿਆਦਾ ਸਾਧਾਰਣ ਕੀਰਤਨ ਕਰਨਾ ਹੀ ਪਸੰਦ ਕਰਦੇ ਹਨ, ਕਿਉਂਕਿ ਉਨ੍ਹਾਂ ਨੂੰ ਵੀ ਸੰਗਤ ਦੀ ਇਕੱਤਰਤਾ ਦੀ ਬੜੀ ਲੋੜ ਹੁੰਦੀ ਹੈ ਅਤੇ ਉਨ੍ਹਾਂ ਦੇ ਜੀਵਨ ਦਾ ਨਿਰਬਾਹ ਭੀ ਸੰਗਤ ਦੇ ਇਕੱਠ ਰਾਹੀਂ ਹੀ ਹੁੰਦਾ ਹੈ।

ਕੋਈ ਭੀ ਕੰਮ ਕੀਤਾ ਜਾਵੇ, ਹਰ ਕੰਮ ਕਰਨ ਤੋਂ ਪਹਿਲਾਂ ਆਦਮੀ ਆਪਣੀ ਉਪ-ਜੀਵਕਾ ਬਾਰੇ ਸੋਚਦਾ ਹੈ ਕਿ ਮੇਰੀ ਉਪ-ਜੀਵਕਾ ਦਾ ਪ੍ਰਬੰਧ ਇਸ ਕੰਮ ਵਿਚ ਹੋ ਸਕਦਾ ਹੈ ਜਾਂ ਨਹੀਂ।

ਨਿਰ-ਇੱਛਤ ਹੋ ਕੇ ਦੁਨੀਆ ਦੇ ਕਿਸੀ ਭੀ ਵਿਵਹਾਰਕ ਕੰਮ ਨੂੰ ਕਰਨਾ, ਕੀਰਤਨ ਜਾਂ ਸੇਵਾ ਕਰਨੀ ਅਤੇ ਪੱਕੇ ਰਾਗਾਂ ਵਿਚ ਗੁਰਬਾਣੀ ਗਾ ਕੇ ਸੰਗਤ ਨੂੰ ਸੁਣਾਉਣਾ ਦੋ ਪਵਿੱਤਰ ਸ਼੍ਰੇਣੀਆਂ ਦਾ ਹੀ ਧਰਮ ਰਹਿ ਗਿਆ ਹੈ। ਇਕ ਤਾਂ ਉਹ ਜਿਹੜੇ ਸੱਚੇ ਸਤਿਗੁਰੂ ਨੂੰ ਆਪਣੀ ਨਜ਼ਰ ਨਾਲ ਹਾਜ਼ਰ-ਨਾਜ਼ਰ ਦੇਖਦੇ ਹਨ ਅਤੇ ਬਗ਼ੈਰ ਮੁਕਤੀ ਤੋਂ ਹੋਰ ਕੋਈ ਇੱਛਾ ਨਹੀਂ ਰੱਖਦੇ। ਮੁੱਖ ਤੋਂ ਇਹ ਬਾਣੀ ਬਾਰ-ਬਾਰ ਪੜ੍ਹਦੇ ਹਨ, ਜਿਵੇਂ ਕਿ :

**ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥** *(ਧਨਾਸਰੀ ਮ: ੫, ਪੰਨਾ 677)*

**ਊਹਾਂ ਤਉ ਜਾਈਐ ਜਉ ਈਹਾਂ ਨ ਹੋਇ॥** *(ਰਾਮਾਨੰਦ ਜੀ, ਪੰਨਾ 1195)*

ਦੂਸਰੇ ਉਹ ਗੁਰਮੁਖ ਸੱਜਣ ਹਨ, ਜਿਨ੍ਹਾਂ ਨੂੰ ਸਤਿਗੁਰੂ ਨਾਨਕ ਦੇਵ ਜੀ ਨੇ ਪੂਰਬਲੇ ਕਰਮਾਂ ਦੁਆਰਾ ਇੱਜ਼ਤ ਭੀ ਬਖ਼ਸ਼ੀ, ਮਾਇਆ ਭੀ ਬਖ਼ਸ਼ੀ ਅਤੇ ਮਹਾਂ ਗੁਣ ਭੀ ਬਖ਼ਸ਼ਿਆ।

ਗੁਰ ਮਰਯਾਦਾ ਅਨੁਸਾਰ ਗੁਰਬਾਣੀ ਦਾ ਪਵਿੱਤਰ ਕੀਰਤਨ ਉਹੀ ਕਰੇ, ਜਿਸ 'ਤੇ ਸਤਿਗੁਰੂ ਜੀ ਨੇ ਕ੍ਰਿਪਾ ਕੀਤੀ ਹੈ। ਭਾਵ ਕਿ ਰੱਜਿਆ ਹੋਇਆ ਅਮੀਰ ਜਾਂ ਸਤਿਗੁਰੂ ਦੇ ਚਰਨਾਂ ਦਾ ਪੂਰਨ ਫ਼ਕੀਰ।

## (6)

ਨਮੂਨੇ ਮਾਤਰ ਨੌਂ ਧੁਨਾਂ ਵਿੱਚੋਂ ਟੁੰਡੇ ਅਸ ਰਾਜੇ ਦੀ ਧੁਨੀ ਦਾ ਜੋ ਸਰੂਪ ਹੈ, ਉਹ ਇਥੇ ਕਵਿਤਾ ਦੇ ਰੂਪ ਵਿਚ ਦੇ ਰਹੇ ਹਾਂ, ਜਿਵੇਂ ਕਿ:

ਭਬਕਿਆ ਸ਼ੇਰ ਸਰਦੂਲ ਰਾਇ, ਰਣ ਮਾਰੂ ਬੱਜੇ।
ਸੁਲਤਾਨ ਖ਼ਾਨ ਬਡ ਸੂਰਮੈ, ਵਿਚਿ ਰਣ ਦੇ ਗੱਜੇ।
ਖਤ ਲਿਖੇ ਟੁੰਡੇ ਅਸਰਾਜ ਨੂੰ, ਪਾਤਸ਼ਾਹ ਅੱਜੇ।
ਟਿੱਕਾ ਸਾਰੰਗ ਬਾਪ ਨੇ, ਦਿੱਤਾ ਭਰ ਲੱਜੇ।
ਫੱਤੇ ਪਾਇ ਅਸਰਾਜ ਜੀ, ਸ਼ਾਹੀ ਪਰ ਸੱਜੇ।

ਅੱਜ ਤੋਂ ਚਾਲ੍ਹੀ ਜਾਂ ਪੰਜਾਹ ਸਾਲ ਪਹਿਲਾਂ 'ਆਸਾ ਦੀ ਵਾਰ' ਦੀਆਂ ਪਉੜੀਆਂ ਦੀ ਗਾਇਨ ਸ਼ੈਲੀ ਵਿਚ 'ਵਾਹ ਵਾਹ' ਸ਼ਬਦ ਦਾ ਆਮ ਕਰਕੇ ਉਚਾਰਣ ਕੀਤਾ ਜਾਂਦਾ ਸੀ। ਹੋ ਸਕਦਾ ਹੈ ਕਿ ਟੁੰਡੇ ਅਸ ਰਾਜੇ ਦੀ ਧੁਨੀ ਗਾਉਣ ਵੇਲੇ ਭੀ 'ਵਾਹ ਵਾਹ' ਸ਼ਬਦ ਦਾ ਪ੍ਰਯੋਗ ਕਰਦੇ ਹੋਣ। ਜਿਵੇਂ ਕਿ ਪ੍ਰਮਾਣਿਕ ਤੌਰ 'ਤੇ ਇਸ ਪ੍ਰਕਾਰ ਹੈ:

ਭਬਕਿਆ ਸ਼ੇਰ ਸਰਦੂਲ ਰਾਇ,
ਰਣ ਮਾਰੂ ਵਾਹ, ਵਾਹ, ਵਾਹ ਵਾਹ ਬੱਜੇ।

ਇਸੀ ਪ੍ਰਕਾਰ 'ਆਸਾ ਦੀ ਵਾਰ' ਦੀ ਪਉੜੀ ਵਿਚ ਭੀ 'ਵਾਹ ਵਾਹ' ਸ਼ਬਦ ਦਾ ਪ੍ਰਯੋਗ ਹੁੰਦਾ ਰਿਹਾ। ਜਿਵੇਂ:

ਆਪੀਨੈ੍ ਆਪੁ ਸਾਜਿਓ, ਆਪੀਨੈ੍ ਵਾਹ, ਵਾਹ ਵਾਹ ਰਚਿਓ ਨਾਉ।

ਉਪਰੋਕਤ ਉਦਾਹਰਣਾਂ ਤੋਂ ਪਤਾ ਲੱਗਦਾ ਹੈ ਕਿ ਜਿਸ ਤਰ੍ਹਾਂ 'ਟੁੰਡੇ ਅਸ ਰਾਜੈ ਦੀ ਧੁਨੀ' ਵਿਚ 'ਵਾਹ ਵਾਹ' ਸ਼ਬਦ ਦਾ ਪ੍ਰਯੋਗ ਹੁੰਦਾ ਰਿਹਾ, ਉਸੀ ਪ੍ਰਕਾਰ ਪੁਰਾਤਨ ਰਾਗੀ ਸੱਜਣ ਭੀ 'ਆਸਾ ਦੀ ਵਾਰ' ਦੀ ਪਉੜੀ ਵਿਚ 'ਵਾਹ ਵਾਹ' ਸ਼ਬਦ ਲਗਾ ਕੇ ਪੜ੍ਹਦੇ ਰਹੇ।

ਕਿਉਂਕਿ ਪੁਰਾਤਨ ਸਮੇਂ ਦੇ ਗੁਣੀ-ਜਨ ਲੋਕ ਇਹ ਮਹਿਸੂਸ ਕਰਦੇ ਸਨ ਕਿ ਜੋ ਕੰਮ ਸਾਡੇ ਬਜ਼ੁਰਗ ਕਰਦੇ ਰਹੇ ਹਨ ਜਾਂ ਕਰਦੇ ਆਏ ਹਨ, ਉਹ ਅਸਾਂ ਭੀ ਕਰਨਾ ਹੈ।

ਸੋ ਇਹੋ ਜਿਹੀਆਂ ਉਦਾਹਰਣਾਂ ਤੋਂ ਸਾਬਤ ਹੁੰਦਾ ਹੈ ਕਿ ਜਿਸ ਪਉੜੀ ਵਿਚ 'ਵਾਹ ਵਾਹ' ਸ਼ਬਦ ਦਾ ਪ੍ਰਯੋਗ ਕੀਤਾ ਜਾਂਦਾ ਰਿਹਾ ਜਾਂ ਜਿਸ ਧੁਨੀ ਵਿਚ 'ਵਾਹ ਵਾਹ' ਸ਼ਬਦ ਲਾ ਕੇ ਪੜ੍ਹਿਆ ਜਾਂਦਾ ਸੀ, ਉਹ ਧੁਨ ਹੀ 'ਟੁੰਡੇ ਅਸ ਰਾਜੈ' ਦੀ ਤਰਜ਼ ਹੋਵੇਗੀ।

ਸੋ ਇਥੇ ਕੇਵਲ 'ਟੁੰਡੇ ਅਸ ਰਾਜੈ ਕੀ ਧੁਨੀ' ਦਾ ਹੀ ਸੰਖੇਪ ਜਿਹਾ ਵਰਣਨ ਕੀਤਾ ਹੈ।

ਸੰਨ 1940 ਵਿਚ ਦਾਸ ਨੇ 108 ਬ੍ਰਹਮ ਗਿਆਨੀ ਸੰਤ ਬਾਬਾ ਜਵਾਲਾ ਸਿੰਘ ਜੀ 'ਹਰਖੋਵਾਲ' ਵਾਲਿਆਂ ਦੇ ਦਰਸ਼ਨ ਕੀਤੇ। ਉਸ ਵਕਤ ਦਾਸ ਦੀ ਉਮਰ ਅਜੇ ਥੋੜੀ

ਹੀ ਸੀ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰੋਂ ਵਰੋਸਾਏ ਹੋਏ ਸੰਤ ਬਾਬਾ ਜੀ ਨੇ ਮੇਰੇ ਕੋਲੋਂ ਅੰਮ੍ਰਿਤ ਵੇਲੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਸੁਣਿਆ। ਕੀਰਤਨ ਦੇ ਭੋਗ ਤੋਂ ਉਪਰੰਤ ਬਚਨ ਕੀਤਾ, "ਕਾਕਾ! ਪਉੜੀਆਂ ਦੇ ਨਾਲ-ਨਾਲ 'ਵਾਹ ਵਾਹ' ਸ਼ਬਦ ਨਹੀਂ ਪੜ੍ਹਨਾ ਚਾਹੀਦਾ।" ਸੋ ਮੈਂ ਉਸ ਦਿਨ ਤੋਂ ਹੀ ਕੋਸ਼ਿਸ਼ ਕਰਨੀ ਆਰੰਭ ਦਿੱਤੀ। ਕੇਵਲ ਮੈਨੂੰ ਹੀ ਉਹਨਾਂ ਨੇ ਨਹੀਂ ਸੀ ਵਰਜਿਆ, ਸਗੋਂ ਕਿਸੇ ਵੀ ਰਾਗੀ ਜਾਂ ਕੀਰਤਨੀਏ ਕੋਲੋਂ ਆਸਾ ਦੀ ਵਾਰ ਦਾ ਕੀਰਤਨ ਸੁਣਦੇ ਜਾਂ ਕੀਰਤਨ ਕਰਦਾ ਦੇਖਦੇ ਤਾਂ ਹਰ ਇਕ ਨੂੰ ਇਹ ਬਚਨ ਕਰਦੇ, "ਭਾਈ! 'ਵਾਹ ਵਾਹ' ਸ਼ਬਦ ਤੋਂ ਬਗ਼ੈਰ ਗੁਰਬਾਣੀ ਦੀ ਪਉੜੀ ਦਾ ਉਚਾਰਣ ਕਰਿਆ ਕਰੋ, ਕਿਉਂਕਿ ਗੁਰਬਾਣੀ ਵਿਚ 'ਵਾਹ ਵਾਹ' ਸ਼ਬਦ ਨਹੀਂ ਹੈ ਅਤੇ ਆਪਣੇ ਕੋਲੋਂ ਵਾਧੂ ਸ਼ਬਦ ਲਗਾਉਣ ਨਾਲ ਬਾਣੀ ਖੰਡਨ ਹੁੰਦੀ ਹੈ।"

ਜਿਸ ਤਰ੍ਹਾਂ ਕਿ *ਸ੍ਰੀ ਗੁਰ ਪ੍ਰਤਾਪ ਸੂਰਜ* ਇਤਿਹਾਸ ਅੰਦਰ ਗੁਰੂ ਗੋਬਿੰਦ ਸਿੰਘ ਜੀ ਦੇ ਵਕਤ ਦੀ ਇਕ ਸਾਖੀ ਆਉਂਦੀ ਹੈ।

ਇਕ ਦਿਨ ਅੰਮ੍ਰਿਤ ਵੇਲੇ ਇਕ ਸਿੱਖ ਬਾਣੀ ਪੜ੍ਹ ਰਿਹਾ ਸੀ। ਇਤਨੇ ਚਿਰ ਨੂੰ ਇਕ ਗੁਰਮੁਖ ਪਿਆਰਾ ਆਇਆ ਅਤੇ ਬਾਣੀ ਪੜ੍ਹਦੇ ਸਿੱਖ ਨੂੰ ਦੋ ਚਾਰ ਚਪੇੜਾਂ ਜੜ ਦਿੱਤੀਆਂ ਅਤੇ ਚੰਗਾ ਮਾਰਿਆ। ਤਾਂ ਉਹ ਸਿੱਖ ਗੁਰੂ ਸਾਹਿਬ ਕੋਲ ਫ਼ਰਿਆਦੀ ਹੋਇਆ ਅਤੇ ਆਖਿਆ, "ਹੇ! ਸੱਚੇ ਪਾਤਸ਼ਾਹ! ਜਿਹੜੇ ਬੰਦੇ ਕਦੀ ਨਾਮ ਨਹੀਂ ਜਪਦੇ ਅਤੇ ਬਾਣੀ ਨਹੀਂ ਪੜ੍ਹਦੇ, ਉਨ੍ਹਾਂ ਨੂੰ ਤਾਂ ਕਦੀ ਮਾਰ ਪੈਂਦੀ ਨਹੀਂ, ਪਰ ਜਿਹੜੇ ਅੰਮ੍ਰਿਤ ਵੇਲੇ ਪੜ੍ਹਦੇ ਹਨ, ਉਨ੍ਹਾਂ ਨੂੰ ਕਿਉਂ ਮਾਰ ਪੈਂਦੀ ਹੈ ਅਤੇ ਸਜ਼ਾ ਮਿਲਦੀ ਹੈ।"

ਇਤਨੇ ਚਿਰ ਨੂੰ ਉਹ ਗੁਰਮੁਖ ਪ੍ਰੇਮੀ ਜਿਸ ਨੇ ਗੁਰੂ ਸਾਹਿਬ ਦੇ ਹੁਕਮ ਨਾਲ ਬਾਣੀ ਪੜ੍ਹਦੇ ਹੋਏ ਸਿੱਖ ਨੂੰ ਮਾਰਿਆ ਸੀ, ਉਹ ਬੋਲਿਆ, "ਮਹਾਰਾਜ! ਇਸ ਨੂੰ ਪੁੱਛੋ ਕਿ ਇਹ ਬਾਣੀ ਸ਼ੁੱਧ ਪੜ੍ਹਦਾ ਸੀ ਕਿ ਅਸ਼ੁੱਧ। ਕਿਉਂਕਿ ਅਸ਼ੁੱਧ ਬਾਣੀ ਪੜ੍ਹਨੀ ਤਾਂ ਮਹਾਂ-ਪਾਪ ਹੈ।"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗ ਰਾਮਕਲੀ ਦੱਖਣੀ ਓਅੰਕਾਰ ਦੇ ਇਕ ਸ਼ਬਦ ਦੀ ਤੁਕ ਨੂੰ ਇਸ ਨੇ ਅਸ਼ੁੱਧ ਪੜ੍ਹਿਆ ਹੈ। ਬਾਣੀ ਵਿਚ ਤਾਂ ਇਉਂ ਲਿਖਿਆ ਹੈ:

**ਕਰਤੇ ਕੀ ਮਿਤਿ ਕਰਤਾ ਜਾਣੈ, ਕੈ ਜਾਣੈ ਗੁਰੁ ਸੂਰਾ ॥** *(ਪੰਨਾ 930)*

ਪਰ ਇਹ ਪੜ੍ਹਦਾ ਹੈ:

...ਕੇ ਜਾਣੈ ਗੁਰੁ ਸੂਰਾ।

ਸਿੱਖ ਦੀ ਇਹ ਗੱਲ ਸੁਣ ਕੇ ਗੁਰੂ ਸਾਹਿਬ ਨੇ ਬਚਨ ਕੀਤਾ, "ਭਾਈ ਸਿੱਖਾ! ਗੁਰਬਾਣੀ ਹਮੇਸ਼ਾ ਸੋਚ ਸਮਝ ਕੇ ਸ਼ੁੱਧ ਪੜ੍ਹਨੀ ਚਾਹੀਦੀ ਹੈ। ਪਰ ਤੈਂ ਤਾਂ ਗੁਰੂ ਦੇ ਸ਼ਬਦ ਦੀ ਲਗ-ਮਾਤਰ ਨੂੰ ਬਦਲ ਦਿੱਤਾ, ਜਿਥੇ 'ਦੁਲਾਂ' ਲੱਗਣੀ ਚਾਹੀਦੀ ਸੀ, ਉਥੇ ਤੂੰ 'ਲਾਂ' ਨਾਲ ਹੀ ਸਾਰ ਲਿਆ। ਜਾਣਦਾ ਹੈਂ ਤੂੰ! ਕਿ 'ਕੈ' ਸ਼ਬਦ ਦਾ ਅਰਥ ਕੀ ਹੈ? ਅਤੇ 'ਕੇ' ਸ਼ਬਦ ਦਾ ਅਰਥ ਕੀ?"

ਸੋ ਸੇਵਾ ਕਰਨ ਵਾਲੇ ਨੇਮੀਓ! ਅਤੇ ਬਾਣੀ ਪੜ੍ਹਨ ਵਾਲੇ ਪ੍ਰੇਮੀਓ! 'ਕੈ ਜਾਣੈ ਗੁਰੁ ਸੂਰਾ' ਦਾ ਅਰਥ ਹੈ ਕਿ ਬਲੀ ਗੁਰੂ ਸਭ ਕੁਝ ਜਾਣਦੇ ਹਨ ਅਤੇ ਸਰਬ ਸ਼ਕਤੀਆਂ ਦੇ ਮਾਲਕ ਹਨ ਅਤੇ 'ਕੇ ਜਾਣੈ ਗੁਰੁ ਸੂਰਾ' ਦਾ ਅਰਥ ਹੈ ਕਿ ਬਲੀ ਗੁਰੂ ਕੁਝ ਨਹੀਂ ਜਾਣਦਾ ਭਾਵ ਕਿ ਅਣਜਾਣ ਹੈ। ਕਿਉਂ ਭਾਈ ਸਿੱਖਾ! ਇਹ ਗੁਰੂ ਦਾ ਨਿਰਾਦਰ ਨਹੀਂ ਹੈ ਤਾਂ ਹੋਰ ਕੀ ਹੈ?

ਜਿਵੇਂ ਗੁਰਬਾਣੀ ਵਿਚ ਭੀ ਆਉਂਦਾ ਹੈ:

ਨਾਨਕ ਸੋਧੇ ਸਿੰਮ੍ਰਿਤਿ ਬੇਦ॥
ਪਾਰਬ੍ਰਹਮ ਗੁਰ ਨਾਹੀ ਭੇਦ॥ *(ਭੈਰਉ ਮ: ੫, ਪੰਨਾ 1142)*

ਸਤਿਗੁਰ ਬਚਨ, ਬਚਨ ਹੈ ਸਤਿਗੁਰ...॥ *(ਕਾਨੜਾ ਮ: 8, ਪੰਨਾ 1309)*

ਸੋ ਗੁਰੂ ਤਾਂ ਸਭ ਕੁਝ ਜਾਣਦਾ ਹੈ, ਪਰ ਤੂੰ ਗੁਰੂ ਨੂੰ ਅਣਜਾਣ ਬਣਾ ਦਿੱਤਾ। ਇਹ ਬਚਨ ਸੁਣ ਕੇ ਸਿੱਖ ਸ਼ਰਧਾਲੂ ਗਲ ਵਿਚ ਪੱਲਾ ਪਾ ਕੇ, ਹੱਥ ਜੋੜ ਕੇ ਖਲੋ ਗਿਆ, ਨਮਸਕਾਰ ਕੀਤੀ, ਚਰਨ ਪਕੜੇ ਅਤੇ ਆਪਣੀ ਭੁੱਲ ਮੰਨੀ। ਗੁਰੂ ਸਾਹਿਬ ਨੇ ਸਿੱਖ ਨੂੰ ਬਖ਼ਸ਼ਿਆ ਅਤੇ ਉਪਦੇਸ਼ ਦਿੱਤਾ, "ਭਾਈ! ਜਿਸ ਨੇ ਭੀ ਬਾਣੀ ਪੜ੍ਹਨੀ ਹੈ ਤਾਂ ਸ਼ੁੱਧਤਾ ਨਾਲ ਪੜ੍ਹੋ, ਕਿਉਂਕਿ ਸ਼ੁੱਧ ਬਾਣੀ ਪੜ੍ਹਨ ਨਾਲ ਤੁਹਾਡੇ ਸਾਰੇ ਕਾਰਜ ਰਾਸ ਹੋਣਗੇ, ਦੇਹ ਅਰੋਗਤਾ ਮਿਲੇਗੀ ਅਤੇ ਅੰਤ ਵੇਲੇ ਸਹਾਇਤਾ ਕਰੇਗੀ।"

ਸ੍ਰੀ ਗੁਰੂ ਕਲਗ਼ੀਧਰ ਜੀ ਦੇ ਉਪਦੇਸ਼ ਭਰੇ ਬਚਨ ਸੁਣ ਕੇ ਸਭ ਸੰਗਤਾਂ ਨਿਹਾਲ ਹੋਈਆਂ। ਸਭਨਾਂ ਨੇ ਸ਼ੁੱਧ ਬਾਣੀ ਪੜ੍ਹਨ ਦਾ ਪ੍ਰਣ ਕੀਤਾ।

ਮੇਰਾ ਆਪਣਾ ਨਿੱਜੀ ਵਿਚਾਰ ਤਾਂ ਇਹ ਹੈ ਕਿ ਆਸਾ ਦੀ ਵਾਰ ਦੀ ਪਉੜੀ ਅੰਦਰ 'ਵਾਹ ਵਾਹ' ਸ਼ਬਦ ਨਾ ਪ੍ਰਯੋਗ ਕਰਨ ਦੇਣਾ, ਆਰਤੀ ਵਿਚ ਜਿਹੜੀਆਂ ਵਾਧੂ ਤੁਕਾਂ ਲੱਗਦੀਆਂ ਸਨ, ਉਨ੍ਹਾਂ ਨੂੰ ਵਰਜਿਤ ਕਰਨਾ ਅਤੇ ਹੋਰ ਕੀਰਤਨ ਦੀਆਂ ਧਾਰਨਾਂ ਨੂੰ ਭੀ ਜਿਹੜੇ ਬਾਹਰਲੀਆਂ ਧਾਰਨਾਂ ਲਗਾ ਕੇ ਸ਼ਬਦ ਪੜ੍ਹਦੇ ਸਨ, ਉਨ੍ਹਾਂ ਨੂੰ ਰੋਕਣਾ ਅਤੇ ਮਨ-ਮਤੀਆਂ ਦੀਆਂ ਕੁਰੀਤੀਆਂ ਨੂੰ ਠੀਕ ਕਰਨ ਲਈ ਸੰਤ ਬਾਬਾ ਜਵਾਲਾ ਸਿੰਘ ਜੀ 'ਹਰਖੋਵਾਲ' ਵਾਲਿਆਂ ਦਾ ਇਕ ਬਹੁਤ ਵੱਡਾ ਅਤੇ ਸ਼ਲਾਘਾਯੋਗ ਕਦਮ ਸੀ।

# ਧਰਮ ਕਿਸ ਨੂੰ ਕਹਿੰਦੇ ਹਨ

## (1)

ਇਹ ਦੱਸਣ ਤੋਂ ਪਹਿਲਾਂ ਕਿ ਧਰਮ ਕੀ ਹੈ ਅਤੇ ਧਰਮ ਕਿਸ ਨੂੰ ਕਹਿੰਦੇ ਹਨ, ਸਾਡੇ ਲਈ ਇਹ ਵਿਚਾਰ ਕਰ ਲੈਣੀ ਅਤੀ ਜ਼ਰੂਰੀ ਬਣ ਜਾਂਦੀ ਹੈ, ਕਿ ਧਰਮ ਦੀ ਉਤਪਤੀ ਦੁਨੀਆ ਤੋਂ ਪਹਿਲਾਂ ਹੋਈ ਜਾਂ ਪਿੱਛੋਂ।

ਜੇ ਮੰਨ ਲਿਆ ਜਾਵੇ ਕਿ ਧਰਮ ਪਹਿਲਾਂ ਪੈਦਾ ਹੋਇਆ ਤਾਂ ਧਰਮ ਨੂੰ ਅਪਣਾਇਆ ਕਿਸ ਨੇ ? ਜੇ ਅਪਣਾਇਆ ਗਿਆ, ਤਾਂ ਉਸ ਧਰਮ ਦੇ ਅਸੂਲ ਕੀ ਸਨ ? ਨਿਯਮ ਕੀ ਸਨ ? ਕਿਹੜੇ ਨਿਯਮਾਂ ਦੇ ਅੰਦਰ ਕਿਹੜੇ ਬੰਦੇ ਚੱਲਦੇ ਰਹੇ।

ਪਰ ਅਜੇ ਤਕ ਅਸੀਂ ਕਿਸੇ ਭੀ ਸਟੇਜ 'ਤੇ ਖੜੋ ਕੇ ਇਹ ਨਹੀਂ ਦੱਸ ਸਕਦੇ ਕਿ ਧਰਮ ਕਦੋਂ ਪੈਦਾ ਹੋਇਆ ? ਕਿਸ ਨੇ ਅਪਣਾਇਆ ਅਤੇ ਕਿਸ ਨੇ ਇਸ ਦੀ ਨਿਯਮਾਵਲੀ ਬਣਾਈ ?

ਵੇਦਾਂ, ਸ਼ਾਸਤਰਾਂ ਤੋਂ ਇਤਨਾ ਜ਼ਰੂਰ ਪਤਾ ਲੱਗਦਾ ਹੈ ਕਿ ਪਰਮੇਸ਼ੁਰ, ਪਰਮਾਤਮਾ ਨੇ ਸਭ ਤੋਂ ਪਹਿਲਾਂ ਮਾਇਆ ਰਚੀ, ਮਾਇਆ ਤੋਂ ਉਪਰੰਤ ਬ੍ਰਹਮਾ ਦੀ ਉਤਪਤੀ ਹੋਈ ਅਤੇ ਬ੍ਰਹਮਾ ਨੇ ਹੀ ਸਾਰੀ ਸ੍ਰਿਸ਼ਟੀ ਦੀ ਸਾਜਨਾ ਕੀਤੀ। ਪਰ ਸ੍ਰਿਸ਼ਟੀ ਸਾਜਣ ਦੇ ਸਮੇਂ ਨੂੰ ਕੋਈ ਬੰਦਾ ਸਹੀ-ਸਹੀ ਦੱਸ ਨਹੀਂ ਸਕਦਾ। ਵੇਦਾਂ, ਕਤੇਬਾਂ, ਸ਼ਾਸਤਰਾਂ ਅਤੇ ਵਿਚਾਰਵਾਨ ਲੋਕਾਂ ਦੇ ਆਪੋ ਆਪਣੇ ਵੱਖੋ ਵੱਖ ਖ਼ਿਆਲ ਹਨ। ਇਸ ਤੱਥ ਦੀ ਸੱਚਾਈ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸ੍ਰੀ ਆਸਾ ਜੀ ਦੀ ਵਾਰ ਦੀ ਪਹਿਲੀ ਪਉੜੀ ਵਿਚ ਬਿਲਕੁਲ ਹੀ ਪੂਰਾ ਪੂਰਾ ਸਪੱਸ਼ਟ ਵਰਣਨ ਕੀਤਾ ਹੈ। ਜਿਵੇਂ ਕਿ :

**ਆਪੀਨੈ੍ ਆਪੁ ਸਾਜਿਓ, ਆਪੀਨੈ੍ ਰਚਿਓ ਨਾਉ ॥**
**ਦੁਯੀ ਕੁਦਰਤਿ ਸਾਜੀਐ, ਕਰਿ ਆਸਣੁ ਡਿਠੋ ਚਾਉ ॥**
**ਦਾਤਾ ਕਰਤਾ ਆਪਿ ਤੂੰ, ਤੁਸਿ ਦੇਵਹਿ ਕਰਹਿ ਪਸਾਉ ॥**
**ਤੂੰ ਜਾਣੋਈ ਸਭਸੈ, ਦੇ ਲੈਸਹਿ ਜਿੰਦੁ ਕਵਾਉ ॥**
**ਕਰਿ ਆਸਣੁ ਡਿਠੋ ਚਾਉ ॥੧॥** *(ਪੰਨਾ 463)*

ਇਸੀ ਪ੍ਰਕਾਰ ਦਸਵੇਂ ਅਵਤਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਭੀ ਇਸ ਤੱਥ ਨੂੰ ਹੇਠ ਲਿਖੀਆਂ ਪੰਕਤੀਆਂ ਵਿਚ ਇਉਂ ਵਰਣਨ ਕਰਦੇ ਹਨ :

**ਜਬ ਉਦਕਰਖ ਕਰਾ ਕਰਤਾਰਾ ॥**
**ਪ੍ਰਜਾ ਧਰਤ ਤਬ ਦੇਹ ਅਪਾਰਾ ॥**
**ਜਬ ਆਕਰਖ ਕਰਤ ਹੋ ਕਬਹੂੰ ॥**
**ਤੁਮ ਮੈ ਮਿਲਤ ਦੇਹ ਧਰ ਸਬਹੂੰ ॥੧੩॥**

ਜੇਤੇ ਬਦਨ ਸ੍ਰਿਸਟਿ ਸਭ ਧਾਰੈ ॥
ਆਪੁ ਆਪਨੀ ਬੂਝ ਉਚਾਰੈ ॥
ਤੁਮ ਸਭ ਹੀ ਤੇ ਰਹਤ ਨਿਰਾਲਮ ॥
ਜਾਨਤ ਬੇਦ ਭੇਦ ਅਰ ਆਲਮ ॥੧੪॥ *(ਬੇਨਤੀ ਚੌਪਈ)*

ਇਥੇ ਹੀ ਬਸ ਨਹੀਂ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰਿਸ਼ਟੀ ਉਤਪਤੀ ਤੋਂ ਪਹਿਲੇ ਦਾ ਸਮਾਂ ਰਾਗ ਮਾਰੂ ਸੋਲਹੇ ਵਿਚ ਇਉਂ ਦਰਸਾਇਆ ਹੈ:

ਅਰਬਦ ਨਰਬਦ ਧੁੰਧੂਕਾਰਾ ॥ *(ਪੰਨਾ 1035)*

ਇਹ ਸਾਰਾ ਸ਼ਬਦ ਇਥੇ ਨਾ ਦਿੰਦਿਆਂ ਹੋਇਆਂ ਅੰਤਮ ਤੁਕਾਂ ਲਿਖ ਰਹੇ ਹਾਂ, ਜੋ ਕਿ ਇਸ ਪ੍ਰਕਾਰ ਹਨ:

ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥
ਬਾਝੁ ਕਲਾ ਆਡਾਣੁ ਰਹਾਇਆ ॥
ਬ੍ਰਹਮਾ ਬਿਸਨੁ ਮਹੇਸੁ ਉਪਾਏ, ਮਾਇਆ ਮੋਹੁ ਵਧਾਇਦਾ ॥੧੪॥
ਵਿਰਲੇ ਕਉ ਗੁਰਿ ਸਬਦੁ ਸੁਣਾਇਆ ॥
ਕਰਿ ਕਰਿ ਦੇਖੈ ਹੁਕਮੁ ਸਬਾਇਆ ॥
ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ ॥੧੫॥
ਤਾ ਕਾ ਅੰਤੁ ਨ ਜਾਣੈ ਕੋਈ ॥
ਪੂਰੇ ਗੁਰ ਤੇ ਸੋਝੀ ਹੋਈ ॥
ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ ॥੧੬॥
*(ਮਾਰੂ ਮ: ੧, ਪੰਨਾ 1036)*

ਮੁਸਲਮਾਨੀ ਮਤ ਅਨੁਸਾਰ ਸ੍ਰਿਸ਼ਟੀ ਦਾ ਕਰਤਾ ਬਾਬੇ ਆਦਮ ਨੂੰ ਅਤੇ ਹਿੰਦੂ ਮਤ ਅਨੁਸਾਰ ਸ੍ਰਿਸ਼ਟੀ ਦਾ ਕਰਤਾ ਬ੍ਰਹਮਾ ਨੂੰ ਮੰਨਿਆ ਗਿਆ ਹੈ। ਪਰ ਅਸੀਂ ਇਸ ਉੱਤੇ ਜ਼ਿਆਦਾ ਬਹਿਸ ਨਹੀਂ ਕਰ ਸਕਦੇ, ਕਿਉਂਕਿ ਗੁਰੂ ਸਾਹਿਬ ਪੰਚਮ ਪਾਤਸ਼ਾਹ ਸੁਖਮਨੀ ਸਾਹਿਬ ਦੀ ਸੋਲ੍ਹਵੀਂ ਅਸ਼ਟਪਦੀ ਵਿਚ ਫ਼ੁਰਮਾਉਂਦੇ ਹਨ:

ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥
ਸਗਲ ਪਰੋਈ ਅਪੁਨੈ ਸੂਤਿ ॥ *(ਪੰਨਾ 284)*

ਕੋਈ ਭੀ ਆਦਮੀ ਆਪਣੇ ਪਿਤਾ ਦੇ ਜਨਮ ਸਮੇਂ ਦੀ ਵਾਰਤਾ ਨੂੰ ਜਾਣ ਨਹੀਂ ਸਕਦਾ। ਜੇਕਰ ਆਪਣੇ ਪਿਤਾ ਦੇ ਜਨਮ ਸਮੇਂ ਦੀ ਵਾਰਤਾ ਨਹੀਂ ਜਾਣ ਸਕਦਾ, ਤਾਂ ਦਾਦੇ ਜਾਂ ਪੜਦਾਦੇ ਦੇ ਸਮੇਂ ਬਾਰੇ ਉਸ ਨੂੰ ਕੀ ਗਿਆਨ ਹੋ ਸਕਦਾ ਹੈ।

ਪਰਮੇਸ਼੍ਵਰ ਸਾਰੀ ਦੁਨੀਆ ਦਾ ਕਰਤਾ ਹੈ, ਜਿਸ ਨੇ ਸਾਰੀ ਸ੍ਰਿਸ਼ਟੀ ਸਾਜੀ ਹੈ। ਪਤਾ ਨਹੀਂ ਕਿਤਨੇ ਲੱਖਾਂ, ਕਰੋੜਾਂ ਸਾਲ ਹੋ ਗਏ ਹਨ। ਇਸ ਬਾਰੇ ਇਹ ਅਲਪਗ ਜੀਵ ਕੀ ਕਹਿ ਸਕਦਾ ਹੈ। ਜਿਵੇਂ:

ਕਰਤੇ ਕੀ ਮਿਤਿ ਕਰਤਾ ਜਾਣੈ... ॥ *(ਪੰਨਾ 930)*

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭੀ ਫ਼ੁਰਮਾਇਆ ਹੈ:

ਆਪੁ ਆਪਨੀ ਬੁਧਿ ਹੈ ਜੇਤੀ ॥
ਬਰਨਤ ਭਿੰਨ ਭਿੰਨ ਤੁਹਿ ਤੇਤੀ ॥
ਤੁਮਰਾ ਲਖਾ ਨ ਜਾਇ ਪਸਾਰਾ ॥
ਕਿਹ ਬਿਧਿ ਸਜਾ ਪ੍ਰਥਮ ਸੰਸਾਰਾ ॥੧੭॥ *(ਬੇਨਤੀ ਚੌਪਈ)*

ਪਰਮੇਸ਼ੁਰ ਪਰਮਾਤਮਾ ਦੇ ਆਪਣੇ ਫੁਰਨੇ ਦਾ ਹੀ ਇਹ ਇਕ ਕ੍ਰਿਸ਼ਮਾ ਹੈ, ਜਿਸ ਨਾਲ ਬੇ-ਗਿਣਤ ਸ੍ਰਿਸ਼ਟੀ ਦੀ ਰਚਨਾ ਹੋ ਗਈ। ਇਸ ਦੀ ਉਦਾਹਰਣ ਸਾਨੂੰ ਧੁਰੋਂ ਆਈ ਰੱਬੀ ਬਾਣੀ ਦੁਆਰਾ ਭੀ ਮਿਲਦੀ ਹੈ:

**ਆਪਨ ਆਪ ਆਪ ਹੀ ਅਚਰਜਾ ॥**
**ਨਾਨਕ ਆਪਨ ਰੂਪ ਆਪ ਹੀ ਉਪਰਜਾ ॥** *(ਗਉੜੀ ਸੁਖਮਨੀ ਮ: ੫, ਪੰਨਾ 291)*

**ਖਿਨ ਮਹਿ ਥਾਪਿ ਉਥਾਪਨਹਾਰਾ ॥**
**ਅੰਤੁ ਨਹੀ ਕਿਛੁ ਪਾਰਾਵਾਰਾ ॥** *(ਗਉੜੀ ਸੁਖਮਨੀ ਮ: ੫, ਪੰਨਾ 276)*

**ਕਈ ਜੁਗਤਿ ਕੀਨੋ ਬਿਸਥਾਰ ॥...**
**ਸਦਾ ਸਦਾ ਇਕੁ ਏਕੰਕਾਰ ॥**
**ਕਈ ਕੋਟਿ ਕੀਨੇ ਬਹੁ ਭਾਤਿ ॥**
**ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ ॥**
**ਤਾ ਕਾ ਅੰਤੁ ਨ ਜਾਨੈ ਕੋਇ ॥**
**ਆਪੇ ਆਪਿ ਨਾਨਕ ਪ੍ਰਭੁ ਸੋਇ ॥** *(ਗਉੜੀ ਸੁਖਮਨੀ ਮ: ੫, ਪੰਨਾ 276)*

ਭਾਈ ਗੁਰਦਾਸ ਜੀ ਭੀ ਇਉਂ ਲਿਖਦੇ ਹਨ:

**ਓਅੰਕਾਰੁ ਆਕਾਰੁ ਕਰਿ ਏਕ ਕਵਾਉ ਪਸਾਉ ਪਸਾਰਾ ॥**
**ਪੰਜ ਤਤ ਪਰਵਾਣੁ ਕਰਿ ਘਟਿ ਘਟਿ ਅੰਦਰਿ ਤ੍ਰਿਭਵਣੁ ਸਾਰਾ ॥**
**ਕਾਦਰੁ ਕਿਨੇ ਨਾ ਲਖਿਆ ਕੁਦਰਤਿ ਸਾਜਿ ਕੀਆ ਅਵਤਾਰਾ ॥**
**ਇਕ ਦੂ ਕੁਦਰਤਿ ਲਖ ਕਰਿ ਲਖ ਬਿਅੰਤ ਅਸੰਖ ਅਪਾਰਾ ॥**
**ਰੋਮ ਰੋਮ ਵਿਚ ਰਖਿਓਨਿ ਕਰਿ ਬ੍ਰਹਮੰਡਿ ਕਰੋੜਿ ਸੁਮਾਰਾ ॥**
**ਇਕਸ ਇਕਸ ਬ੍ਰਹਮੰਡਿ ਵਿਚਿ ਦਸ ਦਸ ਕਰਿ ਅਵਤਾਰ ਉਤਾਰਾ ॥**
**ਕੇਤੇ ਬੇਦ ਬਿਆਸ ਕਰਿ ਕਈ ਕਤੇਬ ਮੁਹੰਮਦ ਯਾਰਾਂ ॥**
**ਕੁਦਰਤਿ ਇਕੁ ਏਤਾ ਪਸਾਰਾ ॥੪॥੧॥**

ਕੁਰਾਨ ਸ਼ਰੀਫ਼ ਵਿਚ ਭੀ ਲਿਖਿਆ ਹੈ ਕਿ 'ਅੱਲ੍ਹਾ ਤਾਲਾ' ਨੇ ਜਦ ਆਪਣੀ ਰਸਨਾ ਤੋਂ 'ਕੁਨ' ਆਖਿਆ ਤਾਂ 'ਕੁਨ' ਦੇ ਕਹਿਣ ਨਾਲ ਹੀ ਸੱਤ ਦੀਪ, ਨੌਂ ਖੰਡ, ਤਿੰਨ ਲੋਕ, ਚਾਰੇ ਖਾਣੀ, ਚਾਰੇ ਬਾਣੀ, ਚੌਦਾਂ ਭਵਨਾਂ ਦੀ ਸਾਜਨਾ ਹੋ ਗਈ। ਪਰ ਅਸਲ ਵਿਚ ਵਿਚਾਰ ਤਾਂ ਇਹੋ ਹੋਇਆ ਕਿ ਸਭ ਤੋਂ ਪਹਿਲਾਂ ਆਦਮੀ ਹੋਂਦ ਵਿਚ ਆਇਆ ਅਤੇ ਬਾਅਦ ਵਿਚ ਧਰਮ।

## (2)

ਵਾਸਤਵ ਵਿਚ ਧਰਮ ਇਕ ਸ਼ਬਦ ਹੈ। ਪਰ ਇਤਨਾ ਪੱਕਾ ਸ਼ਬਦ ਨਹੀਂ, ਜੋ ਕਿ ਧਰਮ ਦੇ ਨਾਂ 'ਤੇ ਹੀ ਸਾਰੀ ਗੱਲ ਮੁੱਕ ਜਾਵੇ। ਸਾਡੀ ਪੰਜਾਬੀ ਬੋਲੀ ਵਿਚ ਜੋ ਧਰਮ ਸ਼ਬਦ ਹੈ, ਉਹ ਚੰਗੇ ਨਿਯਮਾਂ ਅਤੇ ਚੰਗੇ ਅਸੂਲਾਂ ਦਾ ਨਾਮ ਹੈ। ਜੇਕਰ ਪੰਜਾਬੀ ਬੋਲੀ ਤੋਂ ਇਲਾਵਾ ਕਿਸੀ ਹੋਰ ਬੋਲੀ ਦੀ ਵਿਚਾਰ ਕਰੀਏ ਜਾਂ ਪੜਚੋਲ ਕਰ ਕੇ ਦੇਖੀਏ ਤਾਂ ਇਸ ਦੇ ਕਈ ਹੋਰ ਨਾਮ ਵੀ ਮਿਲ ਸਕਦੇ ਹਨ। ਜਿਵੇਂ ਅੰਗਰੇਜ਼ੀ ਵਿਚ ਰਿਲੀਜਨ (Religion) ਅਤੇ ਉਰਦੂ ਤੇ ਫ਼ਾਰਸੀ ਵਿਚ ਦੀਨ।

ਇਸੇ ਤਰ੍ਹਾਂ ਹੀ ਆਪੋ ਆਪਣੀ ਬੋਲੀ ਵਿਚ ਧਰਮ ਨੂੰ ਆਪੋ ਆਪਣਿਆਂ ਨਾਵਾਂ ਨਾਲ ਪੁਕਾਰਦੇ ਹਨ।

ਪਰ ਹੁਣ ਦੇਖਣਾ ਤਾਂ ਇਹ ਹੈ ਕਿ ਕਿਹੜੇ ਧਰਮ ਦੀ ਪੈਦਾਇਸ਼ ਪਹਿਲਾਂ ਹੋਈ ਅਤੇ ਕਿਹੜੇ ਦੀ ਪਿੱਛੋਂ, ਕਿਉਂਕਿ ਧਰਮ ਕਈ ਹਨ। ਸਾਰੀਆਂ ਸ਼੍ਰੇਣੀਆਂ ਆਪੋ ਆਪਣੇ ਧਰਮ ਦੀ ਹੋਂਦ ਨੂੰ ਸਭ ਤੋਂ ਪਹਿਲਾਂ ਮੰਨਦੀਆਂ ਹਨ।

ਜੇਕਰ ਵਿਚਾਰ ਕਰ ਕੇ ਦੇਖੀਏ ਤਾਂ ਸ਼੍ਰੇਣੀਆਂ ਤੇ ਕੌਮਾਂ ਦੀ ਪੈਦਾਇਸ਼ ਪਹਿਲਾਂ ਹੋਈ ਅਤੇ ਧਰਮ ਦੀ ਹੋਂਦ ਬਾਅਦ ਵਿਚ। ਕਿਉਂਕਿ ਹਰ ਇਕ ਸ਼੍ਰੇਣੀ ਨੇ ਆਪੋ ਆਪਣੇ ਅਸੂਲ ਬਣਾਏ ਅਤੇ ਅਸੂਲਾਂ ਦੀ ਕਿਤਾਬ ਦਾ ਨਾਮ 'ਨਿਯਮਾਵਲੀ' ਰੱਖਿਆ। ਸੋ ਨਿਯਮਾਂ ਦੀ ਬੰਦਸ਼ ਦਾ ਨਾਮ ਹੀ ਧਰਮ ਹੈ। ਇਹ ਕੋਈ ਜ਼ਰੂਰੀ ਨਹੀਂ ਕਿ ਮੁਸਲਮਾਨ, ਹਿੰਦੂ, ਸਿੱਖ, ਈਸਾਈ ਦਾ ਹੀ ਧਰਮ ਹੈ, ਸਗੋਂ ਇਸ ਤੋਂ ਇਲਾਵਾ ਪਾਰਸੀ, ਜੈਨੀ, ਸਰੇਵੜੇ, ਬੋਧੀ, ਵੈਰਾਗੀ, ਸੰਨਿਆਸੀ, ਭਿਖਨਿਕ ਮਤ ਆਦਿਕ ਕਈ ਧਰਮ ਹਨ।

ਜੇਕਰ ਚੰਗੇ ਅਸੂਲਾਂ ਦੇ ਨਿਯਮਾਂ ਦਾ ਨਾਮ ਧਰਮ ਹੈ ਤਾਂ ਬੁਰੇ ਅਸੂਲਾਂ ਦੀ ਨਿਯਮਾਵਲੀ ਦਾ ਨਾਮ ਭੀ ਧਰਮ ਹੀ ਹੋ ਸਕਦਾ ਹੈ। ਸੱਚੇ ਦਾ ਸੱਚਾ ਧਰਮ ਅਤੇ ਝੂਠੇ ਦਾ ਝੂਠਾ। ਭਾਵ ਕਿ:

ਜੈਸਾ ਕਰਮ, ਤੈਸਾ ਧਰਮ।

ਜਿਵੇਂ ਗੁਰਬਾਣੀ ਵਿਚ ਭੀ ਆਉਂਦਾ ਹੈ:

**ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ,**
**ਪਾਪਿ ਕਮਾਣੈ ਪਾਪੀ ਜਾਣੀਐ॥** *(ਮਾਝ ਕੀ ਵਾਰ, ਪੰਨਾ 138)*

ਸਾਧੂ, ਸੰਤ ਜਾਂ ਮਹਾਂ ਪੁਰਖ ਆਪਣੇ ਸ਼ਰਧਾਲੂਆਂ ਅਤੇ ਸੇਵਕਾਂ ਨੂੰ ਉਪਦੇਸ਼ ਦਿੰਦੇ ਹਨ ਕਿ ਥੋੜਾ ਖਾਣਾ, ਥੋੜਾ ਸੌਣਾ, ਨਾਮ ਜਪਣਾ, ਵੰਡ ਛਕਣਾ ਅਤੇ ਦਾਨ ਕਰਨਾ ਧਰਮ ਹੈ। ਪਰ ਦੂਸਰੇ ਪਾਸੇ ਚੋਰਾਂ ਦਾ ਮੁਖੀ ਬੈਠਾ ਹੈ, ਉਹ ਆਪਣੇ ਸਾਥੀਆਂ ਨੂੰ ਆਖਦਾ ਹੈ, "ਮੇਰਾ ਚੋਰੀ ਕਰਨਾ ਹੀ ਧਰਮ ਹੈ।" ਉਹ ਆਪਣੇ ਸਾਥੀਆਂ ਨੂੰ ਪ੍ਰੇਰਦਾ ਹੈ, ਕਿ ਚੋਰੀ ਕਰਨੀ ਭੀ ਹੈ ਅਤੇ ਕਰ ਕੇ ਕਿਸੇ ਨੂੰ ਦੱਸਣਾ ਭੀ ਨਹੀਂ। ਜੇਕਰ ਕੋਈ ਦੱਸੇਗਾ, ਤਾਂ ਉਹ ਗ਼ੱਦਾਰ, ਧੋਖੇਬਾਜ਼ ਅਤੇ ਨਮਕ-ਹਰਾਮੀ ਹੋਵੇਗਾ।

ਹੁਣ ਦੱਸੋ ? ਚੋਰ ਭੀ ਹੈ, ਝੂਠਾ ਭੀ ਹੈ ਅਤੇ ਬੁਰੇ ਕੰਮ ਭੀ ਕਰਦਾ ਹੈ। ਉਹ ਭੀ ਕਹਿੰਦਾ ਹੈ ਕਿ ਜੋ ਦੱਸੇਗਾ, ਉਹ ਗ਼ੱਦਾਰ ਹੈ!

ਵਾਸਤਵ ਵਿਚ ਨਾ ਤਾਂ ਉਹ ਆਪ ਹੀ ਚੰਗੇ ਕੰਮ ਕਰਦਾ ਹੈ ਅਤੇ ਨਾ ਹੀ ਉਹ ਆਪਣੇ ਦੋਸਤਾਂ, ਮਿੱਤਰਾਂ ਨੂੰ ਹੀ ਚੰਗੇ ਕੰਮ ਕਰਨ ਲਈ ਪ੍ਰੇਰਨਾ ਦਿੰਦਾ ਹੈ। ਕੋਈ ਭੀ ਧਾਰਮਿਕ ਗ੍ਰੰਥ ਜਾਂ ਧਾਰਮਿਕ ਪੁਸਤਕ ਚੋਰੀ ਕਰਨ ਦੀ ਅਤੇ ਝੂਠ ਬੋਲਣ ਦੀ ਇਜਾਜ਼ਤ ਨਹੀਂ ਦਿੰਦੀ, ਜਿਵੇਂ ਗੁਰੂ ਸਾਹਿਬ ਜੀ ਦਾ ਭੀ ਬਚਨ ਹੈ:

**ਚੋਰ ਕੀ ਹਾਮਾ ਭਰੇ ਨ ਕੋਇ॥**
**ਚੋਰੁ ਕੀਆ ਚੰਗਾ ਕਿਉ ਹੋਇ॥** *(ਧਨਾਸਰੀ ਮਹਲਾ ੧, ਪੰਨਾ 662)*

ਪਰ ਫਿਰ ਭੀ ਚੋਰ ਆਪਣੀ ਆਦਤ ਤੋਂ ਹੱਟਦੇ ਨਹੀਂ ਅਤੇ ਨਾ ਹੀ ਕਿਸੇ ਨੂੰ ਹਟਣ ਦਿੰਦੇ ਹਨ।

ਭਾਈ ਗੁਰਦਾਸ ਜੀ ਭੀ ਲਿਖਦੇ ਹਨ:

**ਮਾਰਬੇ ਕੋ ਤ੍ਰਾਸ ਦੇਖ ਚੋਰ ਨ ਤਜਤ ਚੋਰੀ... ॥੩੨੩॥**

ਬਹੁਤੀ ਮਾਰ-ਕੁੱਟ ਪੈਣ ਦੇ ਬਾਵਜੂਦ ਵੀ ਉਹ ਘੜੀ-ਮੁੜੀ ਇਹੋ ਹੀ ਆਖਦਾ ਹੈ, "ਮੈਂ ਚੋਰ ਨਹੀਂ ਹਾਂ ਅਤੇ ਨਾ ਹੀ ਮੈਂ ਕਦੀ ਕੋਈ ਚੋਰੀ ਕੀਤੀ ਹੈ।"

ਚੋਰ ਵੀ ਹੈ, ਚੋਰੀ ਵੀ ਕੀਤੀ ਹੋਈ ਹੁੰਦੀ ਹੈ। ਮਾਰ-ਕੁੱਟ ਪੈਣ ਨਾਲ ਹੱਡ-ਗੋਡੇ ਟੁੱਟ ਜਾਂਦੇ ਹਨ, ਖ਼ੂਨ ਸੁੱਕ ਜਾਂਦਾ ਹੈ। ਮੂੰਹ ਸੁੱਕਣ 'ਤੇ ਘੜੀ-ਮੁੜੀ ਮੰਗ ਕੇ ਪਾਣੀ ਪੀਂਦਾ ਹੈ, ਪਰ ਫਿਰ ਭੀ ਝੂਠੀਆਂ ਕਸਮਾਂ ਖਾਂਦਾ ਹੈ ਅਤੇ ਕਹਿੰਦਾ ਹੈ, "ਸਹੁੰ ਖਵਾਜਾ ਪੀਰ ਦੀ, ਮੈਂ ਕਦੀ ਕੋਈ ਬੁਰਾ ਕੰਮ ਨਹੀਂ ਕੀਤਾ ਅਤੇ ਚੋਰੀ ਭੀ ਨਹੀਂ ਕੀਤੀ।" ਪੁਲਿਸ ਕਰਮਚਾਰੀ ਉਸ ਦੀਆਂ ਸਹੁੰਆਂ 'ਤੇ ਇਤਬਾਰ ਕਰ ਕੇ ਉਸ ਨੂੰ ਛੱਡ ਦਿੰਦੇ ਹਨ।

ਪਰ ਘਰ ਆ ਕੇ ਆਪਣੇ ਮਿੱਤਰਾਂ, ਦੋਸਤਾਂ ਨੂੰ ਦੱਸਦਾ ਹੈ ਕਿ ਦੇਖਿਆ ਮੇਰਾ ਧਰਮ, ਮੈਨੂੰ ਕਿਤਨੀ ਮਾਰ-ਕੁੱਟ ਪਈ, ਕਿੰਨੀ ਸਜ਼ਾ ਮਿਲੀ, ਤਸੀਹੇ ਭੀ ਝੱਲੇ, ਪਰ ਫਿਰ ਭੀ ਮੈਂ ਦੱਸਿਆ ਨਹੀਂ ਕਿ ਮੈਂ ਚੋਰ ਹਾਂ ਅਤੇ ਚੋਰੀ ਕੀਤੀ ਹੈ।

ਆਪਣੇ ਸਰਦਾਰ ਦੀ ਗੱਲ ਸੁਣ ਕੇ ਉਸ ਦੇ ਚੋਰ ਸਾਥੀ ਜਾਂ ਸੱਜਣ ਮਿੱਤਰ ਕਹਿ ਉੱਠੇ, "ਦੇਖਿਆ! ਧਰਮ ਵਿਚ ਇਹੋ ਜਿਹੀ ਪਕਿਆਈ ਹੋਣੀ ਚਾਹੀਦੀ ਹੈ। ਜਿਵੇਂ ਕਿ ਸਾਡੇ ਸਰਦਾਰ ਨੇ ਕੀਤੀ ਹੈ।"

ਭਲਾ ਜੀ! ਹੁਣ ਤੁਸੀਂ ਇਥੇ ਇਹ ਦੱਸੋ ਕਿ ਧਰਮ ਕਿਹੜੀ ਚੀਜ਼ ਹੋਈ ਅਤੇ ਕਿਸ ਵਸਤੂ ਦਾ ਨਾਮ ਹੈ। ਮਤਲਬ ਤਾਂ ਇਹੀ ਹੋਇਆ ਨਾ, ਕਿ ਕਿਸੇ ਗੱਲ ਨੂੰ ਮਨ ਵਿਚ ਧਾਰਨ ਕਰ ਲੈਣਾ, ਜਾਂ ਸਾਰੀ ਜ਼ਿੰਦਗੀ ਲਈ ਪ੍ਰਣ ਕਰ ਲੈਣਾ ਕਿ ਮੈਂ ਇਹ ਕੰਮ ਜ਼ਰੂਰ ਕਰਨਾ ਹੀ ਹੈ, ਜਾਂ ਹਰ ਰੋਜ਼ ਇਹ ਨਿਯਮ ਪਾਲਣ ਕਰਨਾ ਹੀ ਮੇਰਾ ਕਰਤੱਵ ਜਾਂ ਧਰਮ ਹੈ ਭਾਵੇਂ ਕੁਝ ਹੋ ਜਾਵੇ। ਕਿਸੀ ਕਵੀ ਨੇ ਭੀ ਲਿਖਿਆ ਹੈ:

ਸਿਰ ਜਾਵੇ ਤਾਂ ਜਾਵੇ, ਮੇਰਾ ਸਿੱਖੀ ਸਿਦਕ ਨਾ ਜਾਵੇ।

ਬਸ! ਇਹੋ ਸੀ ਇਕ ਇਸ ਦਾ ਅਸਲ ਸਿੱਟਾ, ਜਾਂ ਸਹੀ ਨਤੀਜਾ ਕਿ ਕਿਸੇ ਇਕ ਬਚਨ 'ਤੇ ਨਿਭ ਜਾਣਾ ਜਾਂ ਸਾਰੀ ਜ਼ਿੰਦਗੀ ਨੂੰ ਨਿਭਾ ਦੇਣਾ ਹੀ ਇਕ ਧਰਮ ਹੈ। ਸੋ ਧਰਮ ਕੋਈ ਇਤਨੀ ਵੱਡੀ ਗੱਲ ਜਾਂ ਔਖਾ ਸ਼ਬਦ ਨਹੀਂ ਹੈ, ਜੋ ਕਿਸੇ ਦੀ ਸਮਝ ਵਿਚ ਨਾ ਆ ਸਕੇ।

ਇਤਿਹਾਸ ਵੀ ਇਸ ਗੱਲ ਦਾ ਗਵਾਹ ਹੈ ਕਿ ਸੱਜਣ ਠੱਗ ਨੇ ਆਪਣਾ ਇਕ ਧਰਮ ਬਣਾਇਆ ਹੋਇਆ ਸੀ ਅਤੇ ਆਪਣੇ ਮਿੱਤਰਾਂ ਦੋਸਤਾਂ ਨੂੰ ਕਿਹਾ ਕਰਦਾ ਸੀ, ਕਿ ਤੁਸੀਂ ਕਿਸੇ ਨੂੰ ਦੱਸਣਾ ਨਹੀਂ, ਕਿਉਂਕਿ ਠੱਗੀ ਮਾਰਨਾ ਹੀ ਸਾਡਾ ਠੱਗਾਂ ਦਾ ਧਰਮ ਹੈ।

ਇਸੇ ਤਰ੍ਹਾਂ ਮਕੈਨਿਕ ਦਾ ਵੀ ਧਰਮ ਬਣਦਾ ਹੈ, ਕਿ ਉਹ ਆਪਣਾ ਕੰਮ ਈਮਾਨਦਾਰੀ ਨਾਲ ਕਰੇ।

ਜਲ ਵਿਚ ਤੈਰਨ ਲੱਗਿਆਂ ਜੇਕਰ ਜਲ-ਤਾਰੂ ਆਪਣੇ ਅੰਗਾਂ ਨਾਲ ਠੀਕ ਤਰ੍ਹਾਂ ਕੰਮ ਨਾ ਕਰਨ ਤਾਂ ਉਹ ਭੀ ਡੁੱਬ ਜਾਂਦੇ ਹਨ ਅਤੇ ਆਪਣੀ ਜਾਨ ਤੋਂ ਹੱਥ ਧੋ ਬੈਠਦੇ ਹਨ। ਇਸੀ ਪ੍ਰਕਾਰ ਡਾਕਟਰ ਤੇ ਵੈਦ ਦਾ ਭੀ ਇਹੋ ਹੀ ਧਰਮ ਹੈ ਕਿ ਆਏ ਹੋਏ ਮਰੀਜ਼ ਨੂੰ ਦਵਾਈ ਸੋਚ ਸਮਝ ਕੇ ਦੇਵੇ। ਜੇਕਰ ਉਸ ਨੇ ਔਸ਼ਧਿ ਸੋਚ ਸਮਝ ਕੇ ਨਾ ਦਿੱਤੀ ਤਾਂ ਉਸ ਦਾ ਮਰੀਜ਼ ਸਦਾ ਲਈ ਪੱਕਾ ਰੋਗੀ ਬਣ ਜਾਵੇਗਾ।

ਇਸੀ ਪ੍ਰਕਾਰ ਸਾਧੂ, ਮਹਾਂ ਪੁਰਖ ਦਾ ਭੀ ਧਰਮ ਹੈ ਕਿ ਸੱਚਾਈ ਉੱਤੇ ਚੱਲਣਾ ਅਤੇ ਸਭ ਨੂੰ ਸੱਚ ਦਾ ਉਪਦੇਸ਼ ਦੇਣਾ। ਅਗਰ ਉਹ ਸਹੀ ਉਪਦੇਸ਼ ਨਹੀਂ ਕਰਦਾ ਅਤੇ ਆਪਣੀ ਝੂਠੀ ਪੂਜਾ ਕਰਾਉਂਦਾ ਹੈ, ਤਾਂ ਧਰਮ ਦੇ ਪੱਧਰ 'ਤੇ ਉਹ ਭੀ ਗ਼ਲਤੀ 'ਤੇ ਹੈ, ਜਿਵੇਂ ਕਿ:

ਅਵਰ ਉਪਦੇਸੈ ਆਪਿ ਨ ਕਰੈ॥ ਆਵਤ ਜਾਵਤ ਜਨਮੈ ਮਰੈ॥
*(ਗਉੜੀ ਸੁਖਮਨੀ ਮ: ੫, ਪੰਨਾ 269)*

ਜੋਗ ਸਬਦੰ ਗਿਆਨ ਸਬਦੰ, ਬੇਦ ਸਬਦੰ ਬ੍ਰਾਹਮਣਹ॥
ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ॥
ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ॥
ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ॥ *(ਆਸਾ ਦੀ ਵਾਰ, ਪੰਨਾ 469)*

ਇਸੀ ਪ੍ਰਕਾਰ ਛਤ੍ਰੀ ਦਾ ਭੀ ਧਰਮ ਹੈ ਕਿ ਉਹ ਗਊ ਗ਼ਰੀਬ ਦੀ ਰੱਖਿਆ, ਮਜ਼ਲੂਮਾਂ ਦੀ ਸਹਾਇਤਾ ਅਤੇ ਬਲਹੀਣਾਂ ਦੀ ਮਦਦ ਕਰੇ। ਜੇਕਰ ਉਹ ਨਹੀਂ ਕਰਦਾ ਤਾਂ ਉਹ ਭੀ ਆਪਣੇ ਧਰਮ ਦੇ ਮੂਲ ਤੋਂ ਸੱਖਣਾ ਹੈ। ਜਿਵੇਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫ਼ੁਰਮਾਉਂਦੇ ਹਨ।

ਛਤ੍ਰੀ ਕੌ ਪੂਤ ਹੌ, ਬਾਮਨ ਕੋ ਨਹਿ, ਕੈ ਤਪੁ ਆਵਤ ਹੈ ਜੁ ਕਰੋ॥
ਅਰੁ ਅਉਰ ਜੰਜਾਰ ਜਿਤੋ ਗ੍ਰਹ ਕੋ, ਤੁਹਿ ਤਿਆਗ ਕਹਾ ਚਿਤ ਤਾ ਮੈ ਧਰੋ॥
ਅਬ ਰੀਝ ਕੈ ਦੇਹੁ ਵਹੈ ਹਮ ਕਉ, ਜੋਊ ਹਉ ਬਿਨਤੀ ਕਰ ਜੋਰ ਕਰੋ॥
ਜਬ ਆਵ ਕੀ ਅਉਧ ਨਿਧਾਨ ਬਨੈ, ਅਤਿ ਹੀ ਰਨ ਮੈ ਤਬ ਜੂਝ ਮਰੋ॥
*(ਕ੍ਰਿਸ਼ਨਾਵਤਾਰ)*

ਰਣ ਮੇਂ ਜਾਇ ਨਾ ਕਬਹੂੰ ਭਾਜੇ।
ਦ੍ਰਿੜ ਕਰ ਛਤ੍ਰੀ ਧਰਮ ਸੁ ਗਾਜੇ। *(ਰਹਿਤਨਾਮਾ)*

ਧੰਨ ਜੀਓ ਤਿਹ ਕੋ ਜਗ ਮੈ, ਮੁਖ ਤੇ ਹਰਿ, ਚਿਤ ਮੈ ਜੁਧੁ ਬਿਚਾਰੈ॥
ਦੇਹ ਅਨਿਤ ਨ ਨਿਤ ਰਹੈ ਜਸੁ ਨਾਵ ਚੜੈ ਭਵ ਸਾਗਰ ਤਾਰੈ॥
ਧੀਰਜ ਧਾਮ ਬਨਾਇ ਇਹੈ ਤਨ ਬੁਧਿ ਸੁ ਦੀਪਕ ਜਿਉ ਉਜੀਆਰੈ॥
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥
*(ਕ੍ਰਿਸ਼ਨਾਵਤਾਰ)*

ਕੋਈ ਭੀ ਇਲਮ, ਬੋਲੀ ਜਾਂ ਹੁਨਰ ਪੜ੍ਹਿਆ ਹੋਇਆ ਹੋਵੇ ਤਾਂ ਉਸ ਨੂੰ ਮਾਸਟਰ, ਉਸਤਾਦ ਜਾਂ ਪੰਡਿਤ ਕਿਹਾ ਜਾਂਦਾ ਹੈ, ਕਿਉਂਕਿ ਉਸ ਨੇ ਦੂਸਰੇ ਨੂੰ ਸਿੱਖਿਆ ਦੇਣੀ ਹੁੰਦੀ ਹੈ। ਅਗਰ ਉਹ ਭੀ ਆਪਣੇ ਅਸੂਲ ਮੁਤਾਬਿਕ ਸੱਚੀ ਸਿੱਖਿਆ ਲੋਕਾਂ ਪ੍ਰਤੀ ਨਹੀਂ ਦਿੰਦਾ ਤਾਂ ਉਹ ਵੀ ਸਤਿਗੁਰ ਜੀ ਦੇ ਫ਼ੁਰਮਾਉਣ ਅਨੁਸਾਰ ਆਪਣੇ ਧਰਮ ਤੋਂ ਉਲਟ ਹੈ, ਜਿਵੇਂ ਕਿ:

ਸੋ ਪੰਡਿਤੁ ਜੋ ਮਨੁ ਪਰਬੋਧੈ॥
ਰਾਮ ਨਾਮੁ ਆਤਮ ਮਹਿ ਸੋਧੈ॥ *(ਗਉੜੀ ਸੁਖਮਨੀ ਮ: ੫, ਪੰਨਾ 274)*

ਅਵਰ ਉਪਦੇਸੈ ਆਪਿ ਨ ਬੂਝੈ॥
ਐਸਾ ਬ੍ਰਾਹਮਣੁ ਕਹੀ ਨ ਸੀਝੈ॥ *(ਆਸਾ ਮ: ੫, ਪੰਨਾ 372)*

## (3)

ਇਸ ਤਰ੍ਹਾਂ ਧਰਮ ਇਕ ਨਹੀਂ ਹੈ। ਸੰਸਾਰ ਉੱਤੇ ਸੈਂਕੜੇ ਧਰਮ ਹਨ ਅਤੇ ਜਿਸ ਤਰ੍ਹਾਂ ਦੇ ਕੋਈ ਨਿਯਮ ਧਾਰਨ ਕਰ ਲੈਂਦਾ ਹੈ, ਉਹੀ ਉਸ ਦਾ ਧਰਮ ਬਣ ਜਾਂਦਾ ਹੈ। ਪਰ ਹੁਣ ਸੋਚਣਾ ਤਾਂ ਇਹ ਹੈ ਕਿ ਧਰਮ ਤੋਂ ਬਿਨਾਂ ਗੁਜ਼ਾਰਾ ਵੀ ਨਹੀਂ, ਧਰਮ ਧਾਰਨ ਕਰਨਾ ਭੀ ਜ਼ਰੂਰ ਚਾਹੀਦਾ ਹੈ। ਸੋ ਧਰਮ ਹੋਵੇ ਤਾਂ ਕਿਹੜਾ ਹੋਵੇ। ਜੇਕਰ ਸੂਖਮ ਬਿਰ੍ਤੀ

ਨਾਲ ਦੇਖੀਏ ਅਤੇ ਡੂੰਘਿਆਈ ਨਾਲ ਵਿਚਾਰ ਕਰੀਏ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗ ਗਉੜੀ ਸੁਖਮਨੀ ਮਹਲਾ ਪੰਜਵਾਂ ਵਿਚ ਤੀਸਰੀ ਅਸ਼ਟਪਦੀ ਦੇ ਅੱਠਵੇਂ ਸ਼ਬਦ ਤੋਂ ਪਤਾ ਲੱਗਦਾ ਹੈ:

**ਸਰਬ ਧਰਮ ਮਹਿ ਸ੍ਰੇਸਟ ਧਰਮੁ ॥**
**ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥** *(ਗਉੜੀ ਸੁਖਮਨੀ ਮ: ੫, ਪੰਨਾ 266)*

**ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ ॥**
**ਅਉਰ ਧਰਮ ਤਾ ਕੈ ਸਮ ਨਾਹਨਿ ਇਹ ਬਿਧਿ ਬੇਦੁ ਬਤਾਵੈ ॥**
*(ਸੋਰਠਿ ਮਹਲਾ ੯, ਪੰਨਾ 632)*

ਪਰ ਨਾਮ ਜਪਣਾ ਸੌਖਾ ਤਾਂ ਨਹੀਂ ਹੈ ਨਾ। ਜਿਥੇ ਇਹ ਧਰਮ ਸਭ ਤੋਂ ਉੱਚਾ, ਸੁੱਚਾ, ਸੁੰਦਰ ਅਤੇ ਸੁਖਦਾਇਕ ਹੈ, ਉਥੇ ਇਸ ਧਰਮ ਦੇ ਅਸੂਲ ਭੀ ਬਹੁਤ ਪੱਕੇ ਅਤੇ ਔਖੇ ਹਨ। ਪਰ ਜਿਨ੍ਹਾਂ ਦੇ ਅੰਦਰ ਪ੍ਰੇਮ, ਸ਼ਰਧਾ, ਲਗਨ ਅਤੇ ਅਟੱਲ ਭਰੋਸਾ ਹੈ, ਉਹਨਾਂ ਨੂੰ ਕੋਈ ਭੀ ਔਖਿਆਈ ਨਹੀਂ ਹੁੰਦੀ। ਉਹ ਆਪਣੇ ਪ੍ਰੇਮ ਅਤੇ ਲਗਨ ਨਾਲ ਆਪਣੇ ਧਰਮ ਨੂੰ ਪਾਲਦੇ ਹੋਏ ਰਾਹ ਵਿਚ ਆਈਆਂ ਸਭ ਮੁਸ਼ਕਲਾਤਾਂ ਨੂੰ ਹੱਲ ਕਰ ਲੈਂਦੇ ਹਨ।

ਜਿਵੇਂ ਭਾਈ ਗੁਰਦਾਸ ਜੀ ਭੀ ਆਪਣੀ ਵਾਰ ਵਿਚ ਇਉਂ ਲਿਖਦੇ ਹਨ:

**ਲੈਲੈ ਮਜਨੂੰ ਆਸਕੀ, ਚਹੁ ਚਾਕੀ ਜਾਤੀ ॥**
**ਸੋਰਠਿ ਬੀਜਾ ਗਾਵੀਐ, ਜਸੁ ਸੁਘੜਾ ਵਾਤੀ ॥**
**ਸਸੀ ਪੁੰਨੂ ਦੋਸਤੀ, ਹੁਇ ਜਾਤਿ ਅਜਾਤੀ ॥**
**ਮੇਹੀਵਾਲ ਨੋ ਸੋਹਣੀ ਨੈ ਤਰਦੀ ਰਾਤੀ ॥**
**ਰਾਂਝਾ ਹੀਰ ਵਖਾਣੀਐ, ਓਹੁ ਪਿਰਮ ਪਰਾਤੀ ॥**
**ਪੀਰ ਮੁਰੀਦਾ ਪਿਰਹੜੀ ਗਾਵਨਿ ਪਰਭਾਤੀ ॥੧॥੨੭॥**

ਪੱਕੇ ਧਰਮੀ, ਸੱਚੇ ਆਸ਼ਕ ਅਤੇ ਪਵਿੱਤਰ ਆਤਮਾ ਵਾਲੇ ਜਿਹੜੇ ਭੀ ਪਰਮੇਸ਼ੁਰ ਦੇ ਪਿਆਰੇ ਹੁੰਦੇ ਹਨ, ਉਹਨਾਂ ਨੂੰ ਕਦੀ ਭੀ ਕੋਈ ਤਕਲੀਫ਼ ਨਹੀਂ ਹੁੰਦੀ। ਜੇਕਰ ਉਹਨਾਂ ਦੇ ਰਸਤੇ ਵਿਚ ਕੋਈ ਔਕੜ ਆਉਂਦੀ ਹੈ ਤਾਂ ਉਹ ਹਰ ਔਕੜ ਅਤੇ ਮੁਸ਼ਕਲਾਤ ਨੂੰ ਖਿੜੇ ਮੱਥੇ ਸਹਾਰਦੇ ਹਨ ਅਤੇ ਆਪਣੇ ਧਰਮ 'ਤੇ ਪੱਕੇ ਰਹਿੰਦੇ ਹੋਏ ਕਦੀ ਨਹੀਂ ਡੋਲਦੇ।

ਦੁਆਪਰ ਵਿਚ ਰਾਜਾ ਯੁਧਿਸ਼ਟਰ ਜੀ ਹੋਏ ਹਨ। ਉਹਨਾਂ ਨੂੰ ਧਰਮ-ਪੁੱਤਰ ਭੀ ਆਖਿਆ ਜਾਂਦਾ ਸੀ, ਕਿਉਂਕਿ ਉਹਨਾਂ ਨੇ ਰਾਜ ਪ੍ਰਬੰਧ ਕਰਦਿਆਂ ਹੋਇਆਂ ਧਰਮ ਦੇ ਕਿਸੇ ਨਿਯਮ ਵਿਚ ਭੀ ਕੋਈ ਫ਼ਰਕ ਨਹੀਂ ਸੀ ਪਾਇਆ। ਜਿਵੇਂ ਭਾਈ ਗੁਰਦਾਸ ਜੀ ਭੀ ਲਿਖਦੇ ਹਨ:

**ਸਤਿਵਾਦੀ ਹੋਇ ਧਰਮ ਪੁਤੁ... ॥੮॥੩੮॥**

**ਆਪਿ ਭਲਾ ਸਭੁ ਜਗੁ ਭਲਾ, ਭਲਾ ਭਲਾ ਸਭਨਾ ਕਰਿ ਦੇਖੈ ॥**
**ਆਪਿ ਬੁਰਾ ਸਭੁ ਜਗੁ ਬੁਰਾ, ਸਭ ਕੋ ਬੁਰਾ ਬੁਰੇ ਦੇ ਲੇਖੈ ॥**
**ਕਿਸਨੁ ਸਹਾਈ ਪਾਂਡੁਵਾ ਭਾਇ ਭਗਤਿ ਕਰਤੂਤਿ ਵਿਸੇਖੈ ॥**
**ਵੈਰੁ ਭਾਉ ਚਿਤਿ ਕੈਰਵਾ ਗਣਤੀ ਗਣਨਿ ਅੰਦਰਿ ਕਾਲੇਖੈ ॥**
**ਭਲਾ ਬੁਰਾ ਪਰਵੰਨਿਆ ਭਾਲਣ ਗਏ ਨ ਦਿਸਟਿ ਸਰੇਖੈ ॥**
**ਬੁਰਾ ਨ ਕੋਇ ਜੁਧਿਸਟਰੈ ਦੁਰਜੋਧਨ ਕੋ ਭਲਾ ਨ ਦੇਖੈ ॥**
**ਕਰਵੈ ਹੋਇ ਸੁ ਟੂਟੀ ਰੇਖੈ ॥੪॥੩੧॥**

ਸਤਵਾਦੀ ਰਾਜਾ ਹਰੀਚੰਦ ਨਿਮਨ-ਜਾਤੀ ਦੇ ਘਰ ਵਿੱਕ ਤਾਂ ਗਿਆ, ਪਰ ਸੱਚਾਈ ਅਤੇ ਧਰਮ ਦੇ ਜੋ ਨਿਯਮ ਸਨ, ਉਹ ਉਹਨਾਂ ਨੇ ਪੂਰੇ ਪਾਲੇ। ਜਿਵੇਂ:

ਹਰੀ ਚੰਦ ਸਤਿ ਰਖਿਆ, ਜਾ ਨਿਖਾਸ ਵਿਕਾਣਾ॥੮॥੩੯॥ *(ਭਾਈ ਗੁਰਦਾਸ ਜੀ)*

ਹੁਣ ਫਿਰ ਉਥੇ ਹੀ ਆਉ। ਜੋ ਕਿ ਸਤਿਗੁਰੂ ਜੀ ਨੇ ਫ਼ੁਰਮਾਇਆ ਹੈ:

**ਸਰਬ ਧਰਮ ਮਹਿ ਸ੍ਰੇਸਟ ਧਰਮੁ॥**
**ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥** *(ਗਉੜੀ ਸੁਖਮਨੀ ਮ: ੫, ਪੰਨਾ 266)*

ਸ੍ਰੇਸ਼ਟ ਧਰਮ ਤੋਂ ਵਿਚਾਰ ਹੈ, ਏਕ ਨਾਮ। ਸੋ ਹੁਣ ਸੋਚਿਆ ਜਾਵੇ ਕਿ ਨਾਮ ਕਿਥੋਂ ਲੱਭੇ ਅਤੇ ਕਿਵੇਂ ਪ੍ਰਾਪਤ ਹੋਵੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਾਮ ਜਪਣ ਦਾ ਬੜਾ ਸੌਖਾ ਤੇ ਚੰਗਾ ਤਰੀਕਾ ਦੱਸਿਆ ਹੈ। ਰਾਗ ਕਾਨੜੇ ਵਿਚ ਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ:

**ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾਂ॥**
**ਅਨਿਕ ਬਾਰ ਕਰਿ ਬੰਦਨ ਸੰਤਨ,**
**ਊਹਾਂ ਚਰਨ ਗੋਬਿੰਦ ਜੀ ਕੇ ਬਸਨਾ॥੧॥ਰਹਾਉ॥**
**ਅਨਿਕ ਭਾਂਤਿ ਕਰਿ ਦੁਆਰੁ ਨ ਪਾਵਉ॥**
**ਹੋਇ ਕ੍ਰਿਪਾਲੁ ਤ ਹਰਿ ਹਰਿ ਧਿਆਵਉ॥੧॥**
**ਕੋਟਿ ਕਰਮ ਕਰਿ ਦੇਹ ਨ ਸੋਧਾ॥**
**ਸਾਧਸੰਗਤਿ ਮਹਿ ਮਨੁ ਪਰਬੋਧਾ॥੨॥**
**ਤ੍ਰਿਸਨ ਨ ਬੂਝੀ ਬਹੁ ਰੰਗ ਮਾਇਆ॥**
**ਨਾਮੁ ਲੈਤ ਸਰਬ ਸੁਖ ਪਾਇਆ॥੩॥**
**ਪਾਰਬ੍ਰਹਮ ਜਬ ਭਏ ਦਇਆਲ॥**
**ਕਹੁ ਨਾਨਕ ਤਉ ਛੂਟੇ ਜੰਜਾਲ॥੪॥** *(ਕਾਨੜਾ ਮਹਲਾ ੫, ਪੰਨਾ 1298)*

**ਰਸਨਾ ਜਪੀਐ ਏਕੁ ਨਾਮ॥**
**ਈਹਾ ਸੁਖੁ ਆਨੰਦੁ ਘਨਾ, ਆਗੈ ਜੀਅ ਕੈ ਸੰਗਿ ਕਾਮ॥**
*(ਗਉੜੀ ਮਹਲਾ ੫, ਪੰਨਾ 211)*

**ਰੈਣਿ ਦਿਨਸੁ ਪਰਭਾਤਿ ਤੂਹੈ ਹੀ ਗਾਵਣਾ॥**
**ਜੀਅ ਜੰਤ ਸਰਬਤ ਨਾਉ ਤੇਰਾ ਧਿਆਵਣਾ॥** *(ਸੋਰਠਿ ਕੀ ਵਾਰ ਮ: 8, ਪੰਨਾ 652)*

**ਆਰਾਧਨਾ ਅਰਾਧਨੁ ਨੀਕਾ, ਹਰਿ ਹਰਿ ਨਾਮੁ ਅਰਾਧਨਾ॥...**
**ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ॥**

**ਮਾਗਨਾ ਮਾਗਨੁ ਨੀਕਾ, ਹਰਿ ਜਸੁ ਗੁਰ ਤੇ ਮਾਗਨਾ॥...**
**ਲਾਗਨਾ ਲਾਗਨੁ ਨੀਕਾ ਗੁਰ ਚਰਣੀ ਮਨੁ ਲਾਗਨਾ॥**
*(ਮਾਰੂ ਮਹਲਾ ੫, ਪੰਨਾ 1018)*

**ਸੇ ਸੰਜੋਗ ਕਰਹੁ ਮੇਰੇ ਪਿਆਰੇ॥**
**ਜਿਤੁ ਰਸਨਾ ਹਰਿ ਨਾਮੁ ਉਚਾਰੇ॥** *(ਸੂਹੀ ਮਹਲਾ ੫, ਪੰਨਾ 743)*

ਕੀਰਤਨ ਕਰਨਾ, ਜਸ ਕਰਨਾ, ਉਸ ਪਰਮਾਤਮਾ ਦੀ ਉਸਤਤਿ ਕਰਨਾ ਹੀ ਸਭ ਤੋਂ ਸ੍ਰੇਸ਼ਟ ਧਰਮ ਹੈ। ਪਰ ਇਸ ਦੀ ਪ੍ਰਾਪਤੀ ਤਦ ਹੀ ਹੋ ਸਕਦੀ ਹੈ, ਜਦ ਕਿ ਇਨਸਾਨ ਦੇ ਅੰਦਰ ਨਾਮ ਕੀਰਤਨ ਦੀ ਲਗਨ ਲੱਗੇ, ਜਾਂ ਪਿਆਰ ਹੋਵੇ ਤਾਂ ਇਹ ਸਾਰੇ ਧਰਮਾਂ ਨੂੰ ਛੱਡ ਕੇ ਆਪਣੇ ਆਪ ਹੀ ਸਮਝਣ ਲੱਗ ਪਵੇਗਾ, ਕਿ ਮੇਰਾ ਕੋਈ ਹੋਰ ਧਰਮ ਨਹੀਂ। ਜੋ ਧਰਮ ਹੈ ਤਾਂ ਕੇਵਲ ਗੁਰ ਕੀਰਤਨ ਹੀ ਹੈ ਜਾਂ ਨਾਮ ਜਪਣਾ।

ਜਦ ਇਸ ਜੀਵ ਦੇ ਅੰਦਰ ਦ੍ਰਿੜ੍ਹ ਵਿਸ਼ਵਾਸ ਹੋ ਜਾਵੇ ਕਿ ਗੁਰ ਕੀਰਤਨ ਹੀ ਮੇਰਾ ਧਰਮ ਹੈ, ਤਾਂ ਬਾਕੀ ਜੋ ਸਰੀਰਕ ਇੰਦਰੀਆਂ ਦੀਆਂ ਵਾਸ਼ਨਾਵਾਂ ਜਾਂ ਪਦਾਰਥਾਂ ਦੀ ਚਾਹ

ਆਪ ਹੀ ਮਿਟ ਜਾਂਦੀ ਹੈ ਅਤੇ ਫਿਰ ਇੱਕੋ ਇਕ ਇਸ ਦੇ ਅੰਦਰ ਇਹ ਇੱਛਾ ਉਤਪੰਨ ਹੋ ਜਾਂਦੀ ਹੈ, ਜਿਵੇਂ:

**ਮਾਈ ਚਰਨ ਗੁਰ ਮੀਠੇ॥**
**ਵਡੈ ਭਾਗਿ ਦੇਵੈ ਪਰਮੇਸਰੁ, ਕੋਟਿ ਫਲਾ ਦਰਸਨ ਗੁਰ ਡੀਠੇ॥**

*(ਟੋਡੀ ਮਹਲਾ ੫, ਪੰਨਾ 717)*

ਜਦ ਇਨਸਾਨ ਇਸ ਅਵਸਥਾ 'ਤੇ ਪਹੁੰਚਦਾ ਹੈ, ਤਾਂ ਇਸ ਨੂੰ ਇਸ ਦੇ ਅੰਦਰੋਂ ਹੀ ਨਾਮ ਦਾ ਮਹਾਂ ਅਨੰਦ ਤੇ ਅਸਲ ਕੀਰਤਨ ਦਾ ਸਵਾਦ ਆਉਣ ਲੱਗ ਪੈਂਦਾ ਹੈ, ਜਿਵੇਂ:

**ਆਨੰਦੁ ਆਨੰਦੁ ਸਭੁ ਕੋ ਕਹੈ, ਆਨੰਦੁ ਗੁਰੂ ਤੇ ਜਾਣਿਆ॥**
**ਜਾਣਿਆ ਆਨੰਦੁ ਸਦਾ ਗੁਰ ਤੇ, ਕ੍ਰਿਪਾ ਕਰੇ ਪਿਆਰਿਆ॥**
**ਕਰਿ ਕਿਰਪਾ ਕਿਲਵਿਖ ਕਟੇ, ਗਿਆਨ ਅੰਜਨੁ ਸਾਰਿਆ॥**
**ਅੰਦਰਹੁ ਜਿਨ ਕਾ ਮੋਹੁ ਤੁਟਾ, ਤਿਨ ਕਾ ਸਬਦੁ ਸਚੈ ਸਵਾਰਿਆ॥**
**ਕਹੈ ਨਾਨਕੁ ਏਹੁ ਅਨੰਦੁ ਹੈ, ਆਨੰਦੁ ਗੁਰ ਤੇ ਜਾਣਿਆ॥**

*(ਅਨੰਦੁ ਸਾਹਿਬ, ਪੰਨਾ 917)*

ਜਦ ਇਨਸਾਨ ਕਿਸੇ ਵੀ ਧਰਮ ਦੇ ਅਸੂਲਾਂ ਨੂੰ ਪੜ੍ਹਦਾ ਹੈ ਕਿ ਇਸ ਧਰਮ ਦੇ ਅਸੂਲਾਂ ਅੰਦਰ ਕੀ ਲਿਖਿਆ ਹੈ ਅਤੇ ਕੀ ਧਾਰਨਾ ਚਾਹੀਦਾ ਹੈ, ਤਾਂ ਝਟ ਹੀ ਉਸ ਦੇ ਅੰਦਰ ਜਿਸ ਧਰਮ ਨੂੰ ਅਪਨਾਉਣਾ ਹੋਵੇ, ਉਸ ਦੇ ਨਿਯਮ ਸਮਝ ਵਿਚ ਆ ਜਾਂਦੇ ਹਨ। ਜਿਵੇਂ ਕਿ ਪਿੱਛੇ ਦੱਸ ਆਏ ਹਾਂ:

**ਸਰਬ ਧਰਮ ਮਹਿ ਸ੍ਰੇਸਟ ਧਰਮੁ॥**
**ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥** *(ਗਉੜੀ ਸੁਖਮਨੀ ਮ: ੫, ਪੰਨਾ 266)*

ਇਸੀ ਪ੍ਰਕਾਰ ਅਗਲੀ ਪੰਗਤੀ ਵਿਚ ਦੱਸਿਆ ਗਿਆ ਹੈ:

**ਸਗਲ ਕ੍ਰਿਆ ਮਹਿ ਊਤਮ ਕਿਰਿਆ॥**
**ਸਾਧਸੰਗਿ ਦੁਰਮਤਿ ਮਲੁ ਹਿਰਿਆ॥** *(ਗਉੜੀ ਸੁਖਮਨੀ ਮ: ੫, ਪੰਨਾ 266)*

ਬਾਣੀ ਵਿਚ ਥਾਂ ਥਾਂ ਇਸ ਮਹਾਨ ਨਾਮ ਲਈ ਪ੍ਰੇਰਨਾ ਦਿੱਤੀ ਗਈ ਹੈ ਕਿ ਜਦ ਸ੍ਰੇਸ਼ਟ ਪੁਰਸ਼ਾਂ ਦੀ ਅਤੇ ਸਾਧੂ ਸੰਤਾਂ ਦੀ ਸੰਗਤ ਕਰੋਗੇ, ਤਦ ਹੀ ਭੈੜੇ ਖ਼ਿਆਲ, ਦੁਰਮਤ ਬੁੱਧੀ ਨਾਸ ਹੋਵੇਗੀ। ਅਗਲੀ ਪੰਗਤੀ ਉੱਦਮ ਬਾਰੇ ਹੈ:

**ਸਗਲ ਉਦਮ ਮਹਿ ਉਦਮੁ ਭਲਾ॥** *(ਗਉੜੀ ਸੁਖਮਨੀ ਮ: ੫, ਪੰਨਾ 266)*

**ਉਦਮੁ ਕਰੇਦਿਆ ਜੀਉ ਤੂੰ, ਕਮਾਵਦਿਆ ਸੁਖ ਭੁੰਚੁ॥**
**ਧਿਆਇਦਿਆ ਤੂੰ ਪ੍ਰਭੂ ਮਿਲੁ, ਨਾਨਕ ਉਤਰੀ ਚਿੰਤ॥੧॥**

*(ਸਲੋਕ ਮਹਲਾ ੫, ਪੰਨਾ 522)*

**ਉਦਮੁ ਕਰਹੁ ਵਡਭਾਗੀਹੋ, ਸਿਮਰਹੁ ਹਰਿ ਹਰਿ ਰਾਇ॥**
**ਨਾਨਕ ਜਿਸੁ ਸਿਮਰਤ ਸਭ ਸੁਖ ਹੋਵਹਿ, ਦੂਖੁ ਦਰਦੁ ਭ੍ਰਮੁ ਜਾਇ॥**

*(ਆਸਾ ਮਹਲਾ ੫, ਪੰਨਾ 456)*

ਉੱਦਮ ਤਾਂ ਹਮੇਸ਼ਾ ਹੀ ਇਨਸਾਨ ਕਰਦਾ ਹੈ, ਭਾਵੇਂ ਉਹ ਚੰਗੇ ਕੰਮ ਲਈ ਕਰੇ ਜਾਂ ਮਾੜੇ ਲਈ। ਪਰ ਗੁਰੂ ਸਾਹਿਬ ਜੀ ਦੇ ਬਚਨਾਂ ਨੂੰ ਜੇ ਧਿਆਨ ਨਾਲ ਪੜ੍ਹੀਏ ਜਾਂ ਸੁਣੀਏ ਤਾਂ ਅਗਲੀ ਤੁਕ ਤੋਂ ਹੀ ਸਾਰਾ ਖ਼ੁਲਾਸਾ ਹੋ ਜਾਂਦਾ ਹੈ ਕਿ ਉੱਦਮ ਕਰਨਾ ਹੈ, ਤਾਂ ਇਹ ਕਰੋ:

ਹਰਿ ਕਾ ਨਾਮੁ ਜਪਹੁ ਜੀਅ ਸਦਾ॥ *(ਗਉੜੀ ਸੁਖਮਨੀ ਮ: ੫, ਪੰਨਾ 266)*

ਹੁਣ ਸਦਾ ਨਾਮ ਜਪਣ ਦਾ ਜਾਂ ਕੀਰਤਨ ਕਰਨ ਦਾ ਕੀ ਢੰਗ ਹੈ। ਸੋ ਸਤਿਗੁਰੂ ਜੀ ਫ਼ੁਰਮਾਉਂਦੇ ਹਨ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ, ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ, ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ, ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ, ਸੋ ਗੁਰਸਿਖੁ ਗੁਰੂ ਮਨਿ ਭਾਵੈ॥
*(ਗਉੜੀ ਕੀ ਵਾਰ, ਪੰਨਾ 305)*

ਹੁਣ, ਮਨ ਚਰਨਾਂ ਵਿਚ ਧਿਆਨ ਤਾਂ ਲਗਾਉਣਾ ਚਾਹੁੰਦਾ ਹੈ, ਪਰ ਕਿਵੇਂ ਲਗਾਇਆ ਜਾਵੇ। ਜਦ ਕਿ ਇਸ ਦੇ ਅੰਦਰ ਮਹਾਨ ਹਨੇਰ ਘੁੱਪ ਹੈ। ਜਿਸ ਹਨੇਰੇ ਨੂੰ ਕਿਸੀ ਭੀ ਰੋਸ਼ਨੀ ਨਾਲ ਦੂਰ ਨਹੀਂ ਕੀਤਾ ਜਾ ਸਕਦਾ। ਜਿਸ ਤਰ੍ਹਾਂ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ:

ਮਹਲਾ ੨॥
ਜੇ ਸਉ ਚੰਦਾ ਉਗਵਹਿ, ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥ *(ਆਸਾ ਦੀ ਵਾਰ, ਪੰਨਾ 463)*

ਸੋ ਇਸ ਦਾ ਇੱਕੋ ਇਕ ਸੋਹਣਾ ਤੇ ਸੁੰਦਰ ਰਸਤਾ ਹੈ ਕਿ ਬਾਣੀ ਪੜ੍ਹਨੀ, ਚੰਗੇ ਨਿਯਮ ਨੂੰ ਧਾਰਨ ਕਰਨਾ, ਵੱਡਿਆਂ ਦੀ ਇਜ਼ਤ ਕਰਨੀ, ਗ਼ਰੀਬ ਦੁਖੀ ਦਾ ਦਰਦੀ ਬਣਨਾ, ਸੱਚਾਈ ਉੱਤੇ ਚੱਲਣਾ, ਨਿਰਮਾਣ ਹੋਣਾ ਅਤੇ ਸਭ ਤੋਂ ਵੱਡਾ ਗੁਣ ਤਾਂ ਖਿਮਾ ਹੈ ਜਿਸ ਦੇ ਧਾਰਨ ਕਰਨ ਨਾਲ ਇਨਸਾਨ ਦੇ ਅੰਦਰ ਦੈਵੀ ਗੁਣਾਂ ਦਾ ਸੰਗ੍ਰਹਿ ਹੋ ਜਾਂਦਾ ਹੈ। ਜਿਵੇਂ ਕਿ ਭਗਤ ਕਬੀਰ ਜੀ ਦਾ ਬਚਨ ਹੈ:

ਕਬੀਰਾ ਜਹਾ ਗਿਆਨੁ ਤਹ ਧਰਮੁ ਹੈ, ਜਹਾ ਝੂਠੁ ਤਹ ਪਾਪੁ॥
ਜਹਾ ਲੋਭੁ ਤਹ ਕਾਲੁ ਹੈ, ਜਹਾ ਖਿਮਾ ਤਹ ਆਪਿ॥੧੫੫॥
*(ਸਲੋਕ ਕਬੀਰ ਜੀ, ਪੰਨਾ 1372)*

ਇਥੇ ਦੂਸਰਾ ਬਚਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੈ:

ਸਚੁ ਤਾ ਪਰੁ ਜਾਣੀਐ, ਜਾ ਸਿਖ ਸਚੀ ਲੇਇ॥
ਦਇਆ ਜਾਣੈ ਜੀਅ ਕੀ, ਕਿਛੁ ਪੁੰਨੁ ਦਾਨੁ ਕਰੇਇ॥ *(ਆਸਾ ਦੀ ਵਾਰ, ਪੰਨਾ 468)*

ਅਠਸਠਿ ਤੀਰਥ ਸਗਲ ਪੁੰਨ, ਜੀਅ ਦਇਆ ਪਰਵਾਨੁ॥
*(ਬਾਰਹਮਾਹ ਮਾਂਝ ਮ: ੫, ਪੰਨਾ 136)*

ਦਇਆ ਧਰਮ ਕਾ ਮੂਲ ਹੈ, ਪਾਪ ਮੂਲ ਅਭਿਮਾਨ।
ਤੁਲਸੀ ਦਇਆ ਨ ਛੋਡੀਐ, ਜਬ ਲਗ ਘਟ ਮਹਿ ਪ੍ਰਾਨ। *(ਤੁਲਸੀ ਦਾਸ)*

ਜਦ ਮਨੁੱਖ ਦੇ ਅੰਦਰ ਦਇਆ ਆ ਜਾਵੇ ਤਾਂ ਸੁਤੇ-ਸਿੱਧ ਹੀ ਉਸ ਦਾ ਸੁਭਾਅ ਸ਼ਾਂਤ-ਮਈ, ਧੀਰਜ-ਮਈ ਅਤੇ ਮਹਾਂ ਸੰਤੋਖੀ ਬਣ ਜਾਂਦਾ ਹੈ:

ਸਤੀਆ ਮਨਿ ਸੰਤੋਖੁ ਉਪਜੈ, ਦੇਣੈ ਕੈ ਵੀਚਾਰਿ॥
ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ॥ *(ਆਸਾ ਦੀ ਵਾਰ, ਪੰਨਾ 466)*

ਵਿਣੁ ਤੁਧੁ ਹੋਰੁ ਜਿ ਮੰਗਣਾ, ਸਿਰਿ ਦੁਖਾ ਕੈ ਦੁਖ॥
ਦੇਹਿ ਨਾਮੁ ਸੰਤੋਖੀਆ, ਉਤਰੈ ਮਨ ਕੀ ਭੁਖ॥
ਗੁਰਿ ਵਣੁ ਤਿਣੁ ਹਰਿਆ ਕੀਤਿਆ, ਨਾਨਕ ਕਿਆ ਮਨੁਖ॥

*(ਵਾਰ ਰਾਮਕਲੀ ਮਹਲਾ ੫, ਪੰਨਾ 958)*

ਜਾਚਿਕੁ ਮੰਗੈ ਨਿਤ ਨਾਮੁ, ਸਾਹਿਬੁ ਕਰੇ ਕਬੂਲੁ॥
ਨਾਨਕ ਪਰਮੇਸਰੁ ਜਜਮਾਨੁ, ਤਿਸਹਿ ਭੁਖ ਨ ਮੂਲਿ॥ *(ਮਹਲਾ ੫, ਪੰਨਾ 323)*

ਗੁਰਬਾਣੀ ਗਾਉਣ ਲਈ ਜੋ ਸਤਿਗੁਰੂ ਜੀ ਨੇ ਲਿਖਿਆ ਹੈ, ਉਹ ਹੁਣ ਸਮਝਣਾ ਹੈ ਕਿ ਕਿਵੇਂ ਗਾਈਏ। ਗਾਉਣ ਦਾ ਹੀ ਦੂਸਰਾ ਅਰਥ ਹੈ ਕੀਰਤਨ।

ਜਿਵੇਂ ਕਿ ਭਾਈ ਸਾਹਿਬ ਭਾਈ ਗੁਰਦਾਸ ਜੀ ਲਿਖਦੇ ਹਨ:

ਗੁਰਮੁਖ ਭਲਕੇ ਉਠ ਕਰਿ, ਅੰਮ੍ਰਿਤ ਵੇਲੇ ਸਰੁ ਨ੍ਹਾਵੰਦਾ॥
ਗੁਰ ਕੈ ਬਚਨ ਉਚਾਰਿ ਕੈ, ਧ੍ਰਮਸਾਲਾ ਦੀ ਸੁਰਤਿ ਕਰੰਦਾ॥
ਸਾਧਸੰਗਤ ਵਿਚਿ ਜਾਇ ਕੈ, ਗੁਰਬਾਣੀ ਦੇ ਪ੍ਰੀਤਿ ਸੁਣੰਦਾ॥੧੧॥੪੦॥

ਅੰਮ੍ਰਿਤ ਵੇਲੇ ਉਠਿ ਕੈ, ਜਾਇ ਅੰਦਰਿ ਦਰੀਆਇ ਨ੍ਹਵੰਦੇ॥
ਸਹਿਜ ਸਮਾਧਿ ਅਗਾਧਿ ਵਿਚਿ, ਇਕ ਮਨਿ ਹੋਇ ਗੁਰ ਜਾਪੁ ਜਪੰਦੇ॥
ਮਥੈ ਟਿਕੇ ਲਾਲ ਲਾਇ, ਸਾਧਸੰਗਤਿ ਚਲਿ ਜਾਇ ਬਹੰਦੇ॥
ਸਬਦੁ ਸੁਰਤਿ ਲਿਵਲੀਣੁ ਹੋਇ, ਸਤਿਗੁਰ ਬਾਣੀ ਗਾਇ ਸੁਣੰਦੇ॥੩॥੬॥

ਕੁਰਬਾਣੀ ਤਿਨਾ ਗੁਰਸਿਖਾ, ਗੁਰਬਾਣੀ ਨਿਤ ਗਾਇ ਸੁਣੰਦੇ॥੨॥੧੨॥

ਅੰਮ੍ਰਿਤ ਵੇਲੇ ਗੁਰ ਹੁਕਮ ਅਨੁਸਾਰ ਕਿਹੜੀ ਬਾਣੀ ਗਾਈ ਅਤੇ ਸੁਣੀ ਜਾਂਦੀ ਹੈ। ਉਹ ਹੈ, ਤਾਂ ਇਕ ਵਾਰ ਆਸਾ ਦੀ ਹੀ ਹੈ। ਸਿੱਖ ਮਰਯਾਦਾ ਅਨੁਸਾਰ ਪੰਜਾਂ ਬਾਣੀਆਂ ਦਾ ਪਾਠ ਕਰਨ ਦਾ ਨਿਯਮ ਭੀ ਜ਼ਰੂਰੀ ਲਿਖਿਆ ਹੈ ਅਤੇ ਪੰਜਾਂ ਬਾਣੀਆਂ ਦੇ ਨਿਤਨੇਮ ਤੋਂ ਉਪ੍ਰੰਤ ਆਸਾ ਦੀ ਵਾਰ ਦਾ ਕੀਰਤਨ ਕਰਨਾ ਜਾਂ ਸੁਣਨਾ ਭੀ ਅਤੀ ਜ਼ਰੂਰੀ ਹੈ। ਜਿਵੇਂ ਉਪਰੋਕਤ ਸ਼ਬਦਾਂ ਵਿਚ ਪੜ੍ਹ ਆਏ ਹਾਂ ਕਿ:

ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ...॥ *(ਗਉੜੀ ਕੀ ਵਾਰ ਮ: ੪, ਪੰਨਾ 305)*

ਗੁਰਬਾਣੀ ਗਾਵਹ ਭਾਈ॥ *(ਸੋਰਠਿ ਮ: ੫, ਪੰਨਾ 628)*

ਸੇਵਕ ਸਿਖ ਪੂਜਣ ਸਭਿ ਆਵਹਿ,
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ,
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰ ਮਾਨੀ॥੧॥
ਬੋਲਹੁ ਭਾਈ ਹਰਿ ਕੀਰਤਿ, ਹਰਿ ਭਵਜਲ ਤੀਰਥਿ॥

*(ਧਨਾਸਰੀ ਮਹਲਾ ੪, ਪੰਨਾ 669)*

ਸੋ ਹੁਣ ਵਿਚਾਰ ਕਰਨੀ ਹੈ ਕਿ ਆਸਾ ਦੀ ਵਾਰ ਜੇ ਗਾਈ ਜਾਵੇ ਤਾਂ ਉਹ ਕਿਹੜੇ ਤਰੀਕੇ ਨਾਲ ਗਾਈ ਜਾਵੇ। ਇਕ ਤਾਂ ਕਵਿਤਾ ਪਾਠ ਜਾਂ ਅਖੰਡ ਪਾਠ ਦੀ ਤਰ੍ਹਾਂ ਪੜ੍ਹੀ ਜਾਂਦੀ ਹੈ। ਦੂਸਰਾ ਇਕ ਸੁਰ ਵਾਜੇ ਦੀ ਰੱਖ ਕੇ ਉਸ ਨਾਲ ਮਿੱਠੀ ਆਵਾਜ਼ ਨਾਲ ਗਾਈ ਜਾਂਦੀ ਹੈ। ਤੀਸਰਾ ਫ਼ਿਲਮੀ ਤਰਜ਼ਾਂ 'ਤੇ ਜਾਂ ਹਲਕੇ ਫੁਲਕੇ ਗੀਤਾਂ ਦੀਆਂ ਧਾਰਨਾਂ 'ਤੇ ਪੜ੍ਹੀ ਜਾਂਦੀ ਹੈ।

ਪਰ ਅਸਲ ਵਿਚ ਤਾਂ ਜਿਸ ਰਾਗ ਵਿਚ ਗੁਰੂ ਸਾਹਿਬ ਜੀ ਨੇ 'ਆਸਾ ਦੀ ਵਾਰ' ਉਚਾਰੀ ਹੈ, ਉਸੀ ਰਾਗ ਵਿਚ ਗਾਉਣ ਨਾਲ ਪੂਰਾ ਅਨੰਦ ਆਉਂਦਾ ਹੈ। ਸ਼ੋਭਾ ਵਧਦੀ ਹੈ, ਮਿਠਾਸ ਆਉਂਦੀ ਹੈ ਅਤੇ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ।

ਜਿਵੇਂ ਗੁਰਬਾਣੀ ਵਿਚ ਭੀ ਆਉਂਦਾ ਹੈ:

**ਰਾਗੁ ਨਾਦੁ ਸਭੁ ਸਚੁ ਹੈ, ਕੀਮਤਿ ਕਹੀ ਨ ਜਾਇ॥**

*(ਸਲੋਕ ਵਾਰਾਂ ਤੇ ਵਧੀਕ, ਮ: 8, ਪੰਨਾ 1423)*

**ਸਗਲ ਤਤ ਮਹਿ ਤਤੁ ਗਿਆਨੁ॥ ਸਰਬ ਧਿਆਨ ਮਹਿ ਏਕੁ ਧਿਆਨੁ॥**
**ਹਰਿ ਕੀਰਤਨ ਮਹਿ ਊਤਮ ਧੁਨਾ॥ ਨਾਨਕ ਗੁਰ ਮਿਲਿ ਗਾਇ ਗੁਨਾ॥** *(ਪੰਨਾ 1182)*

ਭਗਤੀ, ਭਉ ਅਤੇ ਭਾਉ ਦਾ ਸੁਮੇਲ ਹੈ, ਜਿਸ ਨਾਲ ਮਨੁੱਖੀ ਹਿਰਦੇ ਵਿਚ ਸ਼ਰਧਾ ਅਤੇ ਤਾਂਘ ਉਤਪੰਨ ਹੁੰਦੀ ਹੈ, ਉਸ ਪਰਮਾਤਮਾ ਨੂੰ ਮਿਲਣ ਦੀ, ਜਿਸ ਨੂੰ ਲੈ ਕੇ ਭਗਤ ਆਪਣੇ ਰਸਤੇ ਵੱਲ ਤੁਰਦਾ ਹੈ। ਜਿਵੇਂ:

ਸੂਫ਼ੀ ਫ਼ਕੀਰ ਬਾਬਾ ਫ਼ਰੀਦ ਜੀ, ਭਗਤ ਕਬੀਰ, ਧੰਨਾ ਜੱਟ, ਸੈਣ ਨਾਈ, ਭਗਤ ਰਵਿਦਾਸ, ਨਾਮਦੇਵ ਜੀ, ਸਧਨਾ ਕਸਾਈ ਆਦਿਕ ਭਗਤਾਂ ਨੇ ਜਦ ਭੀ ਬੇਨਤੀ ਕੀਤੀ ਤਾਂ ਪੂਰਨ ਪਰਮਾਤਮਾ ਨੇ ਉਸੀ ਵੇਲੇ ਆਪਣੇ ਭਗਤਾਂ ਨੂੰ ਦਰਸ਼ਨ ਦਿੱਤਾ ਅਤੇ ਉਹਨਾਂ ਨੇ ਜੋ ਜੋ ਕੁਝ ਭੀ ਕਿਹਾ ਸੋ ਸੋ ਹੀ ਕੀਤਾ। ਇਥੋਂ ਤਕ ਕਿ ਧੰਨੇ ਦੀਆਂ ਗਊਆਂ ਚਾਰੀਆਂ, ਨਾਮਦੇਵ ਦੇ ਲਈ ਮੋਈ ਹੋਈ ਗਊ ਨੂੰ ਭੀ ਜਿਊਂਦਾ ਕੀਤਾ ਜਿਵੇਂ ਕਿ ਭਾਈ ਗੁਰਦਾਸ ਜੀ ਲਿਖਦੇ ਹਨ:

**ਗਾਇ ਮੁਈ ਜੀਵਾਲੀਓਨੁ, ਨਾਮਦੇਉ ਦਾ ਛਪਰ ਛਾਇਆ॥**
**ਫੇਰਿ ਦੇਹੁਰਾ ਰਖਿਓਨੁ ਚਾਰਿ ਵਰਨ ਲੈ ਪੈਰੀ ਪਾਇਆ॥**
**ਭਗਤ ਜਨਾ ਦਾ ਕਰੇ ਕਰਾਇਆ॥੧੧॥੧੦॥**

ਹੁਣ ਪਤਾ ਨਹੀਂ ਕਿ ਭਗਤਾਂ ਨੇ ਕਿਹੜੀ ਸ਼ਰਧਾ ਨਾਲ ਯਾਦ ਕੀਤਾ ਅਤੇ ਕਿਹੜੇ ਪ੍ਰੇਮ ਦੀਆਂ ਡੋਰਾਂ ਨਾਲ ਅਕਾਲ ਪੁਰਖ ਦੀ ਸ਼ਕਤੀ ਨੂੰ ਆਪਣੇ ਵੱਲ ਖਿੱਚਿਆ ਕਿ ਜਿਹੜੇ ਵੀ ਭਗਤ ਜੋ ਜੋ ਕੁਝ ਵੀ ਕਹਿੰਦੇ ਰਹੇ, ਉਹੋ ਕੁਝ ਹੀ ਪੂਰਨ ਪਰਮਾਤਮਾ ਕਰਦੇ ਰਹੇ।

ਇਥੋਂ ਤਕ ਕਿ ਜੇ ਭਗਤਾਂ ਨੇ ਕਟੋਰੇ ਵਿਚ ਦੁੱਧ ਪਾ ਕੇ ਪਿਲਾਇਆ ਤਾਂ ਉਹ ਭੀ ਪੀਤਾ ਅਤੇ ਪ੍ਰਤੱਖ ਹੋ ਕੇ ਦਰਸ਼ਨ ਦਿੱਤਾ, ਜਿਵੇਂ ਕਿ ਗੁਰਬਾਣੀ ਵਿਚ ਭਗਤਾਂ ਬਾਰੇ ਇਉਂ ਲਿਖਿਆ ਹੈ:

**ਪਉੜੀ॥**
**ਸਭਨਾ ਜੀਆ ਵਿਚਿ ਹਰਿ ਆਪਿ, ਸੋ ਭਗਤਾ ਕਾ ਮਿਤੁ ਹਰਿ॥**
**ਸਭੁ ਕੋਈ ਹਰਿ ਕੈ ਵਸਿ, ਭਗਤਾ ਕੈ ਅਨੰਦੁ ਘਰਿ॥**
**ਹਰਿ ਭਗਤਾ ਕਾ ਮੇਲੀ ਸਰਬਤ, ਸਉ ਨਿਸੁਲ ਜਨ ਟੰਗ ਧਰਿ॥**
**ਹਰਿ ਸਭਨਾ ਕਾ ਹੈ ਖਸਮੁ ਸੋ, ਭਗਤ ਜਨ ਚਿਤਿ ਕਰਿ॥**
**ਤੁਧੁ ਅਪੜਿ ਕੋਇ ਨ ਸਕੈ, ਸਭ ਝਖਿ ਝਖਿ ਪਵੈ ਝੜਿ॥**

*(ਵਾਰ ਬਿਲਾਵਲ ਮਹਲਾ 8, ਪੰਨਾ 849)*

ਗੁਰਬਾਣੀ ਪੜ੍ਹਨ ਨਾਲ ਇਸ ਬਾਰੇ ਸਾਰਾ ਹੀ ਗਿਆਨ ਹੋ ਜਾਂਦਾ ਹੈ ਕਿ:

**ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ॥**
**ਆਪੁ ਗਵਾਇ ਸੇਵਾ ਕਰੇ, ਤਾ ਕਿਛੁ ਪਾਏ ਮਾਨੁ॥** *(ਆਸਾ ਦੀ ਵਾਰ, ਪੰਨਾ 474)*

ਜਿਵੇਂ ਬਾਬਾ ਫ਼ਰੀਦ ਜੀ ਲਿਖਦੇ ਹਨ:

**ਫਰੀਦਾ ਦਰਵੇਸੀ ਗਾਖੜੀ, ਚੋਪੜੀ ਪਰੀਤਿ॥**
**ਇਕਨਿ ਕਿਨੈ ਨ ਚਾਲੀਐ, ਦਰਵੇਸਾਵੀ ਰੀਤਿ॥੧੧੯॥** *(ਪੰਨਾ 1384)*

ਫਰੀਦਾ ਰਬ ਖਜੂਰੀ ਪਕੀਆਂ, ਮਾਖਿਅ ਨਈ ਵਹੰਨ੍ਹਿ॥
ਜੋ ਜੋ ਵੰਞੈਂ ਡੀਹੜਾ, ਸੋ ਉਮਰ ਹਥ ਪਵੰਨਿ॥੮੯॥ (ਪੰਨਾ 1382)

ਕੋਈ ਵੀ ਪਾਸਾ ਲੈ ਲਵੋ, ਹਰ ਪਾਸੇ ਕੁਰਬਾਨੀ, ਦ੍ਰਿੜ੍ਹ ਵਿਸ਼ਵਾਸ, ਆਤਮਿਕ ਸਥਿਤਤਾ, ਪ੍ਰਭੂ ਮਿਲਣੇ ਦੀ ਤਾਂਘ, ਅਟੁੱਟ ਨੇਮ, ਪ੍ਰੇਮ ਅਤੇ ਸ਼ਰਧਾ ਵੱਧ ਤੋਂ ਵੱਧ ਹੋਵੇ ਤਾਂ ਹੀ ਕਿਸੇ ਮੰਜ਼ਲੇ ਮਕਸੂਦ 'ਤੇ ਪਹੁੰਚਦਾ ਹੈ।

ਜਿਵੇਂ ਸਤਿਗੁਰੂ ਜੀ ਵੀ ਫ਼ੁਰਮਾਉਂਦੇ ਹਨ:

ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ॥
ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ॥
ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ॥
(ਮ: ੫, ਪੰਨਾ 647)

ਗੁਰੂ ਜੀ ਦਾ ਹੁਕਮ ਹੈ ਕਿ ਮਨ ਦੀ ਇਕਾਗਰਤਾ ਇਕ ਘੜੀ, ਇਕ ਪਲ ਜਾਂ ਇਕ ਛਿਨ ਵੀ ਹੋ ਜਾਵੇ ਤਾਂ ਦਾਤੇ ਦੇ ਦਰ 'ਤੇ ਪ੍ਰਵਾਨ ਹੋ ਜਾਂਦੀ ਹੈ। ਜਿਵੇਂ:

ਏਕ ਚਿਤ ਜਿਹ ਇਕ ਛਿਨ ਧਿਆਇਓ॥
ਕਾਲ ਫਾਸ ਕੇ ਬੀਚ ਨ ਆਇਓ॥ (ਚੌਪਈ, ਤ੍ਵ ਪ੍ਰਸਾਦਿ)

ਪੁਰਾਤਨ ਜੁਗਾਂ ਦੀ ਤਰ੍ਹਾਂ ਕਲਜੁਗ ਦੇ ਸਮੇਂ ਵਿਚ ਹਜ਼ਾਰਾਂ ਵਰ੍ਹਿਆਂ ਤਕ ਤਪੱਸਿਆ ਕਰਨਾ, ਭੁੱਖਿਆਂ ਨੰਗਿਆਂ ਰਹਿਣਾ ਅਤੇ ਪੁੱਠਿਆਂ ਲਟਕ ਕੇ ਕਠਿਨ ਸਾਧਨ ਕਰਨ ਦੀ ਲੋੜ ਨਹੀਂ। ਇਥੇ ਤਾਂ ਅੱਜ ਲੋੜ ਹੈ, ਸੱਚਾਈ ਦੀ ਅਤੇ ਸੱਚੇ ਪ੍ਰੇਮ ਦੀ।

ਜਿਵੇਂ ਕਿ ਗੁਰਬਾਣੀ ਵਿਚ ਲਿਖਿਆ ਹੈ:

ਕਲਜੁਗ ਮਹਿ ਕੀਰਤਨੁ ਪਰਧਾਨਾ॥
ਗੁਰਮੁਖਿ ਜਪੀਐ ਲਾਇ ਧਿਆਨਾ॥ (ਮਾਰੂ ਸੋਲਹੇ ਮਹਲਾ ੫, ਪੰਨਾ 1075)

ਸਾਚੁ ਕਹੋਂ ਸੁਨ ਲੇਹੁ ਸਭੈ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ॥੯॥ (ਸਵੱਯੇ)

ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ,
ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ॥
ਤੇ ਸ੍ਰਵਨ ਭਲੇ ਸੋਭਨੀਕ ਹਹਿ ਮੇਰੀ ਜਿੰਦੁੜੀਏ,
ਹਰਿ ਕੀਰਤਨੁ ਸੁਣਹਿ ਹਰਿ ਤੇਰੇ ਰਾਮ॥
ਸੋ ਸੀਸੁ ਭਲਾ ਪਵਿਤ੍ਰ ਪਾਵਨੁ ਹੈ ਮੇਰੀ ਜਿੰਦੁੜੀਏ,
ਜੋ ਜਾਇ ਲਗੈ ਗੁਰ ਪੈਰੇ ਰਾਮ॥
ਗੁਰ ਵਿਟਹੁ ਨਾਨਕੁ ਵਾਰਿਆ ਮੇਰੀ ਜਿੰਦੁੜੀਏ,
ਹਰਿ ਹਰਿ ਨਾਮੁ ਚਿਤੇਰੇ ਰਾਮ॥ (ਬਿਹਾਗੜਾ ਮਹਲਾ ੪, ਪੰਨਾ 540)

ਜਿਸ ਜੀਵ ਆਤਮਾ ਨੇ ਸ਼ਾਂਤੀ ਅਤੇ ਮੁਕਤੀ ਪ੍ਰਾਪਤ ਕਰਨੀ ਹੈ, ਉਸ ਦਾ ਤਾਂ ਇੱਕੋ ਹੀ ਇਕ ਨਾਮ ਸਿਮਰਨ ਧਰਮ ਹੈ। ਜਿਵੇਂ ਕਿ:

ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ॥
ਗੁਰ ਪ੍ਰਸਾਦਿ ਨਾਨਕ ਇਕੁ ਜਾਤਾ॥ (ਗਉੜੀ ਸੁਖਮਨੀ ਮ: ੫, ਪੰਨਾ 289)

ਚਤੁਰਥਿ ਚਾਰੇ ਬੇਦ ਸੁਣਿ, ਸੋਧਿਓ ਤਤੁ ਬੀਚਾਰੁ॥
ਸਰਬ ਖੇਮ ਕਲਿਆਣ ਨਿਧਿ, ਰਾਮ ਨਾਮੁ ਜਪਿ ਸਾਰੁ॥ (ਮ: ੫, ਪੰਨਾ 297)

ਨਾਮ ਸਿਮਰਨ ਧਰਮ ਹੈ ਜਾਂ ਗੁਰ-ਕੀਰਤਨ। ਵਾਸਤਵ ਵਿਚ ਤਾਂ ਇਹ ਦੋਵੇਂ ਵਸਤੂਆਂ ਇੱਕੋ ਹੀ ਹਨ। ਜਿਸ ਤਰ੍ਹਾਂ ਭਗਤ-ਜਨ ਇੰਦਰੀਆਂ ਦੀਆਂ ਵਾਸ਼ਨਾਵਾਂ ਨੂੰ

ਰੋਕ ਕੇ ਬੰਦਗੀ ਕਰਦੇ ਹਨ, ਇਸੇ ਤਰ੍ਹਾਂ ਜੇਕਰ ਗੁਰੂ ਦੀ ਬਾਣੀ ਦਾ ਕੀਰਤਨ ਕਰਨ ਵਾਲੇ ਗੁਰਮੁਖ ਸੱਜਣ ਮਨ ਜੋੜ ਕੇ ਕੀਰਤਨ ਰਾਹੀਂ ਹਰੀ ਦਾ ਜਸ ਕਰਨ ਤਾਂ ਉਨ੍ਹਾਂ ਨੂੰ ਕਿਸੀ ਹੋਰ ਸਿੱਧੀ ਜਾਂ ਕਠਿਨ ਤਪੱਸਿਆ ਕਰਨ ਦੀ ਜ਼ਰੂਰਤ ਨਹੀਂ ਪੈਂਦੀ। ਉਨ੍ਹਾਂ ਨੂੰ ਸ਼ੀਘਰ ਹੀ ਮਨ ਦੀ ਸ਼ਾਂਤੀ, ਪ੍ਰਭੂ ਦਾ ਦਰਸ਼ਨ ਅਤੇ ਕੈਵਲ ਮੁਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ।

ਪਵਿੱਤਰ ਬਾਣੀ ਦਾ ਕੀਰਤਨ ਕਰ ਕੇ ਅਕਾਲ ਪੁਰਖ ਪਰਮੇਸ਼ੁਰ ਵਾਹਿਗੁਰੂ ਦੇ ਚਰਨਾਂ ਵਿਚ ਲਿਵ ਜੋੜ ਕੇ ਇਹ ਆਤਮਾ ਸਦਾ ਲਈ ਪਰਮਾਤਮਾ ਵਿਚ ਅਭੇਦ ਹੋ ਜਾਂਦੀ ਹੈ:

**ਬਲਿਓ ਚਰਾਗੁ ਅੰਧ੍ਯ੍ਯਾਰ ਮਹਿ, ਸਭ ਕਲਿ ਉਧਰੀ ਇਕ ਨਾਮ ਧਰਮ॥**

*(ਸਵਯੇ ਸ੍ਰੀ ਮੁਖਬਾਕ੍ਯ ਮਹਲਾ ੫, ਪੰਨਾ 1387)*

## ਨਚੋੜ

ਸਿੱਖ ਦਾ, ਜਗਿਆਸੂ ਦਾ, ਸੱਚ ਦੇ ਤਾਲਿਬ ਦਾ ਧਰਮ ਕੀ ਹੋਣਾ ਚਾਹੀਦਾ ਹੈ? ਇਸ ਸਵਾਲ ਦਾ ਜਵਾਬ ਗੁਰੂ ਅਰਜਨ ਦੇਵ ਜੀ ਸੱਚੇ ਪਾਤਸ਼ਾਹ ਨੇ ਗਉੜੀ ਰਾਗ ਵਿਚ ਬੜੇ ਸਪੱਸ਼ਟ ਤਰੀਕੇ ਅਤੇ ਆਸਾਨ ਅੱਖਰਾਂ ਵਿਚ ਦਿੱਤਾ ਹੈ ਅਤੇ ਸ਼ਬਦ ਦੇ ਅਖ਼ੀਰ ਵਿਚ ਲਿਖਿਆ ਹੈ ਕਿ ਗੁਰਸਿੱਖ ਦਾ ਇਹੀ ਅਟੱਲ ਧਰਮ ਹੈ:

**ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ॥**
**ਇੰਦ੍ਰੀ ਬਸਿ ਕਰਿ ਸੁਣਹੁ ਹਰਿ ਨਾਮੁ॥**
**ਮਨਿ ਸੰਤੋਖੁ ਸਰਬ ਜੀਅ ਦਇਆ॥**
**ਇਨ ਬਿਧਿ ਬਰਤੁ ਸੰਪੂਰਨ ਭਇਆ॥**
**ਧਾਵਤ ਮਨੁ ਰਾਖੈ ਇਕ ਠਾਇ॥**
**ਮਨੁ ਤਨੁ ਸੁਧੁ ਜਪਤ ਹਰਿ ਨਾਇ॥**
**ਸਭ ਮਹਿ ਪੂਰਿ ਰਹੇ ਪਾਰਬ੍ਰਹਮ॥**
**ਨਾਨਕ ਹਰਿ ਕੀਰਤਨੁ ਕਰਿ, ਅਟਲ ਏਹੁ ਧਰਮ॥**

*(ਥਿਤੀ ਗਉੜੀ ਮਹਲਾ ੫, ਪੰਨਾ 299)*

# ਰਾਗ ਦੇ ਨਿਯਮਾਂ 'ਤੇ ਵਿਚਾਰ

ਸੰਸਾਰ ਵਿਚ ਹਰ ਇਕ ਚੀਜ਼ ਦੇ ਦੋ ਪਹਿਲੂ ਹੁੰਦੇ ਹਨ। ਜਿਵੇਂ:

ਅਮੀਰ ਤੇ ਗ਼ਰੀਬ, ਦੁਖੀ ਤੇ ਸੁਖੀ, ਚੰਗਾ ਤੇ ਮਾੜਾ, ਅਰੋਗ ਤੇ ਰੋਗੀ, ਧਰਤੀ ਤੇ ਅਕਾਸ਼, ਧੁੱਪ ਤੇ ਛਾਂ, ਜਲ ਤੇ ਥਲ, ਰਾਖਸ਼ ਤੇ ਦੇਵਤਾ, ਚਾਨਣ ਤੇ ਹਨੇਰਾ, ਉੱਚਾ ਤੇ ਨੀਵਾਂ, ਪੜ੍ਹਿਆ ਤੇ ਅਨਪੜ੍ਹ, ਮਿੱਤਰ ਤੇ ਦੁਸ਼ਮਣ, ਸੰਤ ਤੇ ਠੱਗ, ਸੰਗੀਤਕਾਰ ਤੇ ਅਣ-ਸੰਗੀਤਕਾਰ, ਵਾਦੀ ਤੇ ਸੰਵਾਦੀ, ਅਲਪਤੱਵ ਤੇ ਬਹੁਤੱਵ ਆਦਿਕ।

ਇਤਨਾ ਕੁ ਦੱਸਣ ਤੋਂ ਮੇਰਾ ਭਾਵ ਹੈ, ਕਿਸੇ ਚੀਜ਼ ਜਾਂ ਕਿਸੇ ਗੱਲ ਦਾ ਗਿਆਨ ਹੋਣਾ। ਜੇਕਰ ਇਨਸਾਨ ਨੂੰ ਕਿਸੇ ਗੱਲ ਦਾ ਪੂਰਾ ਗਿਆਨ ਨਹੀਂ, ਤਾਂ ਉਹ ਅਗਿਆਨੀ ਹੈ। ਬਗ਼ੈਰ ਗਿਆਨ ਤੋਂ ਉਹ ਅਧੂਰਾ ਹੀ ਸਮਝਿਆ ਜਾਵੇਗਾ। ਸੋ ਹਰ ਚੀਜ਼ ਦਾ ਕੁਝ ਨਾ ਕੁਝ ਗਿਆਨ ਹੋਣਾ ਬਹੁਤ ਜ਼ਰੂਰੀ ਹੈ। ਇਸ ਲਈ ਹੁਣ ਅਸੀਂ ਰਾਗ ਦੇ ਕੁਝ ਕੁ ਪਰਿਭਾਸ਼ਿਕ ਸ਼ਬਦਾਂ 'ਤੇ ਵਿਚਾਰ ਕਰਾਂਗੇ।

## ਵਾਦੀ

ਵਾਦੀ ਸੁਰ ਰਾਗ ਵਿਚ ਸਭ ਤੋਂ ਪ੍ਰਮੁੱਖ ਹੁੰਦਾ ਹੈ, ਜਿਸ ਨੂੰ ਰਾਗ ਦਾ ਬਾਦਸ਼ਾਹ ਮੰਨਦੇ ਹਨ ਕਿਉਂਕਿ ਰਾਗ ਵਿਚ ਸੁਰ ਦਾ ਇੰਨਾ ਜ਼ਿਆਦਾ ਮਹੱਤਵ ਹੈ ਕਿ ਜੇਕਰ ਦੋ ਰਾਗਾਂ ਦੇ ਸੁਰ ਇੱਕੋ ਜਿਹੇ ਹੋਣ, ਜਿਵੇਂ ਕਿ ਰਾਗ ਭੂਪਾਲੀ ਅਤੇ ਦੇਸ਼ਕਾਰ ਹਨ, ਪਰ ਦੋਹਾਂ ਦੇ ਵਾਦੀ ਸੁਰ ਵੱਖੋ ਵੱਖਰੇ ਹੋਣ ਨਾਲ ਦੋਵੇਂ ਰਾਗ ਵੱਖਰੇ ਹੋ ਜਾਂਦੇ ਹਨ। ਬੇਸ਼ਕ ਦੋਹਾਂ ਦੀ ਜਾਤੀ ਅਤੇ ਸੁਰ ਇਕ-ਸਮਾਨ ਹਨ, ਪਰ ਕੇਵਲ ਵਾਦੀ ਸੁਰ ਬਦਲਣ ਦੇ ਨਾਲ ਹੀ ਰਾਗ ਦਾ ਸਰੂਪ ਬਦਲ ਜਾਂਦਾ ਹੈ।

ਦੂਸਰਾ ਵਾਦੀ ਸੁਰ ਨਾਲ ਸਾਨੂੰ ਰਾਗ ਦੇ ਗਾਉਣ ਦੇ ਸਮੇਂ ਦਾ ਵੀ ਪਤਾ ਲੱਗਦਾ ਹੈ, ਕਿਉਂਕਿ ਰਾਗ ਦਾ ਇਹ ਨਿਯਮ ਹੈ ਕਿ ਜਿਸ ਰਾਗ ਦਾ ਵਾਦੀ ਸੁਰ ਪੂਰਵਾਂਗ ਵਿਚ ਹੋਵੇ, ਉਹ ਦਿਨ ਦੇ ਬਾਰਾਂ ਵਜੇ ਤੋਂ ਲੈ ਕੇ ਰਾਤ ਦੇ ਬਾਰਾਂ ਵਜੇ ਤਕ ਅਤੇ ਜਿਸ ਰਾਗ ਦਾ ਵਾਦੀ ਸੁਰ ਉਤਰਾਂਗ ਵਿਚ ਹੋਵੇ ਉਹ ਰਾਤ ਦੇ ਬਾਰਾਂ ਵਜੇ ਤੋਂ ਲੈ ਕੇ ਦਿਨ ਦੇ ਬਾਰਾਂ ਵਜੇ ਤਕ, ਕਿਸੀ ਵੀ ਸਮੇਂ ਗਾਇਆ ਜਾ ਸਕਦਾ ਹੈ।

ਰਾਗ ਵਿਚ ਲੱਗਣ ਵਾਲੇ ਸੁਰਾਂ ਵਿੱਚੋਂ ਵਾਦੀ ਸੁਰ ਉੱਤੇ ਸਭ ਤੋਂ ਜ਼ਿਆਦਾ ਦਬਾਉ ਦਿੱਤਾ ਜਾਂਦਾ ਹੈ ਅਤੇ ਇਸ ਨੂੰ ਮੁੱਖ ਜਾਂ ਮਹੱਤਵਪੂਰਨ ਦਰਸਾਉਣ ਲਈ ਰਾਗ ਵਿਚ ਬਾਰ-ਬਾਰ ਪ੍ਰਯੋਗ ਕੀਤਾ ਜਾਂਦਾ ਹੈ। ਜਿਵੇਂ: ਰਾਗ ਮਾਰਵਾ ਵਿਚ 'ਕੋਮਲ ਰਿਸ਼ਭ' ਸੁਰ ਵਾਦੀ ਹੈ। ਸੋ ਇਸ ਨੂੰ ਇਸ ਪ੍ਰਕਾਰ ਪ੍ਰਯੋਗ ਕਰਦੇ ਹਨ:

"ਨਿ਼ਰੇ੍ — — —ਸਾ, ਨਿ਼ਰੇ੍ — — —, ਗ ਰੇ੍ — — —ਗਮੰ ਗਾਰੇ੍ ਮੰਗਰੇ੍ — — —ਸਾ।"

ਵਾਦੀ ਸੁਰ ਨੂੰ ਤਿੰਨ ਨਾਵਾਂ ਨਾਲ ਸੰਬੋਧਨ ਕਰਦੇ ਹਨ:
ਅੰਸ਼, ਜੀਵ ਅਤੇ ਪ੍ਰਧਾਨ ਸੁਰ।

## ਸੰਵਾਦੀ

ਰਾਗ ਵਿਚ ਦੂਸਰਾ ਮਹੱਤਵਪੂਰਣ ਸੰਵਾਦੀ ਸੁਰ ਹੁੰਦਾ ਹੈ। ਇਹ ਵਾਦੀ ਸੁਰ ਤੋਂ ਚੌਥਾ ਜਾਂ ਪੰਜਵਾਂ ਸੁਰ ਹੁੰਦਾ ਹੈ, ਕਿਉਂਕਿ ਵਾਦੀ ਅਤੇ ਸੰਵਾਦੀ ਅੰਦਰ ਸ਼ੜਜ-ਪੰਚਮ ਜਾਂ ਸ਼ੜਜ-ਮੱਧਮ ਭਾਵ ਜ਼ਰੂਰ ਹੋਣਾ ਚਾਹੀਦਾ ਹੈ। ਇਸ ਦਾ ਅਰਥ ਹੈ ਕਿ ਜੇਕਰ ਕਿਸੇ ਰਾਗ ਵਿਚ 'ਸਾ' ਸੁਰ ਨੂੰ ਵਾਦੀ ਮੰਨ ਲਈਏ ਤਾਂ ਉਸ ਦਾ ਸੰਵਾਦੀ ਸੁਰ 'ਮ' ਜਾਂ 'ਪ' ਹੋਵੇਗਾ। ਜਿਵੇਂ ਰਾਗ ਯਮਨ ਵਿਚ 'ਗ' ਸੁਰ ਵਾਦੀ ਅਤੇ 'ਨੀ' ਸੁਰ ਸੰਵਾਦੀ ਹੈ। ਇਸ ਵਿਚ ਸ਼ੜਜ-ਪੰਚਮ ਭਾਵ ਹੈ ਅਤੇ ਰਾਗ ਬਿਲਾਵਲ ਵਿਚ 'ਧ' ਸੁਰ ਵਾਦੀ ਅਤੇ 'ਗ' ਸੁਰ ਸੰਵਾਦੀ ਹੈ, ਇਸ ਲਈ ਇਸ ਵਿਚ ਸ਼ੜਜ-ਮੱਧਮ ਭਾਵ ਹੈ। ਇਸ ਪ੍ਰਕਾਰ 'ਸਾ ਮ, ਰੇ ਪ, ਗ ਧ, ਮ ਨੀ, ਪ ਸਾਂ,' ਸੁਰਾਂ ਦੀਆਂ ਜੋੜੀਆਂ ਵਿਚਕਾਰ ਸ਼ੜਜ-ਮੱਧਮ ਭਾਵ ਅਤੇ 'ਸਾ ਪ', 'ਰੇ ਧ', 'ਗ ਨੀ', 'ਮ ਸਾਂ' ਵਿਚਕਾਰ ਸ਼ੜਜ-ਪੰਚਮ ਭਾਵ ਰਹਿੰਦਾ ਹੈ।

ਸੰਵਾਦੀ ਸੁਰ ਨੂੰ ਵਾਦੀ ਰੂਪੀ ਬਾਦਸ਼ਾਹ ਦਾ ਵਜ਼ੀਰ ਮੰਨਿਆ ਜਾਂਦਾ ਹੈ, ਕਿਉਂਕਿ ਉਸ ਦੀ ਵਾਦੀ ਸੁਰ ਨਾਲੋਂ ਸ਼ਕਤੀ ਘੱਟ ਹੁੰਦੀ ਹੈ। ਜਿਸ ਪ੍ਰਕਾਰ ਰਾਜ ਪ੍ਰਬੰਧ ਦਾ ਕੰਮ ਵਜ਼ੀਰ ਤੋਂ ਬਿਨਾਂ ਨਹੀਂ ਚੱਲ ਸਕਦਾ, ਉਸੀ ਪ੍ਰਕਾਰ ਸੰਵਾਦੀ ਤੋਂ ਬਿਨਾਂ ਰਾਗ ਦੀ ਬਣਤਰ ਵੀ ਅਧੂਰੀ ਹੈ, ਕਿਉਂਕਿ ਇਹ ਵਾਦੀ ਸੁਰ ਦਾ ਸਹਾਇਕ ਹੁੰਦਾ ਹੈ। ਸੰਵਾਦੀ ਸੁਰ ਨੂੰ ਵਾਦੀ ਸੁਰ ਨਾਲੋਂ ਥੋੜ੍ਹਾ ਅਤੇ ਬਾਕੀ ਸੁਰਾਂ ਨਾਲੋਂ ਜ਼ਿਆਦਾ ਪ੍ਰਯੋਗ ਕੀਤਾ ਜਾਂਦਾ ਹੈ। ਜਿਵੇਂ ਰਾਗ ਮਾਰਵਾ ਵਿਚ ਸ਼ੁਧ ਧੈਵਤ ਸੰਵਾਦੀ ਸੁਰ ਹੈ। ਇਸ ਦਾ ਪ੍ਰਯੋਗ ਇਸ ਪ੍ਰਕਾਰ ਹੁੰਦਾ ਹੈ:

"ਨ਼ਿਰੁ਼ੇ ਗਮ਼ੱਧ, ਮ਼ੱਧ, ਧ — — ਮ਼ੱਗਰੁ਼ੇ — — — ਗਮ਼ੱਧ, ਮ਼ੱਧ — ਮ਼ੱ ਰੁ਼ੇ ਗ ਰੁ਼ੇਸਾ।"

## ਅਨੁਵਾਦੀ

ਰਾਜ ਭਾਗ ਜਾਂ ਬਾਦਸ਼ਾਹੀ ਚਲਾਉਣ ਲਈ ਸੈਨਾ ਅਤੇ ਪਰਜਾ ਦੀ ਬਹੁਤ ਜ਼ਰੂਰਤ ਹੁੰਦੀ ਹੈ। ਉਸੀ ਪ੍ਰਕਾਰ ਰਾਗ ਰੂਪੀ ਬਾਦਸ਼ਾਹੀ ਚਲਾਉਣ ਲਈ ਵੀ ਅਨੁਵਾਦੀ ਸੁਰਾਂ ਦੀ ਲੋੜ ਹੁੰਦੀ ਹੈ। ਕਿਉਂਕਿ ਅਨੁਵਾਦੀ ਸੁਰਾਂ ਤੋਂ ਬਿਨਾਂ ਵਾਦੀ, ਸੰਵਾਦੀ ਸੁਰ ਵੀ ਕੁਝ ਨਹੀਂ ਕਰ ਸਕਦੇ, ਜਿਵੇਂ ਕਿ ਰਾਜਾ ਤੇ ਵਜ਼ੀਰ ਸੈਨਾ ਤੋਂ ਬਗ਼ੈਰ ਕੁਝ ਨਹੀਂ ਕਰ ਸਕਦੇ। ਸੋ ਰਾਗ ਵਿਚ ਵਾਦੀ, ਸੰਵਾਦੀ ਸੁਰਾਂ ਤੋਂ ਇਲਾਵਾ ਜਿਹੜੇ ਬਾਕੀ ਹੋਰ ਸੁਰ ਲੱਗਦੇ ਹਨ, ਉਨ੍ਹਾਂ ਨੂੰ ਅਨੁਵਾਦੀ ਸੁਰ ਕਹਿੰਦੇ ਹਨ। ਇਨ੍ਹਾਂ ਸੁਰਾਂ ਨੂੰ ਰਾਗ ਵਿਚ ਸੈਨਾ ਜਾਂ ਪਰਜਾ ਦੀ ਪਦਵੀ ਦਿੱਤੀ ਗਈ ਹੈ। ਜਿਵੇਂ ਰਾਗ ਮਾਰਵਾ ਵਿਚ 'ਰੁ਼ੇ' ਅਤੇ 'ਧ' ਸੁਰ ਨੂੰ ਛੱਡ ਕੇ ਬਾਕੀ ਦੇ 'ਸਾ, ਗ, ਮ਼ੱ, ਨੀ' ਸੁਰ ਅਨੁਵਾਦੀ ਸੁਰ ਹਨ।

## ਵਿਵਾਦੀ

ਬਾਦਸ਼ਾਹ ਜਾਂ ਰਾਜੇ ਹਮੇਸ਼ਾ ਅੰਦਰੋਂ ਚਾਹੁੰਦੇ ਰਹਿੰਦੇ ਹਨ ਕਿ ਜੋ ਸਾਡਾ ਵੈਰੀ ਜਾਂ ਦੁਸ਼ਮਣ ਹੈ, ਉਹ ਮਿੱਤਰ ਬਣ ਜਾਵੇ। ਪਹਿਲਾਂ ਤਾਂ ਉਹ ਦੁਸ਼ਮਣ ਮਿੱਤਰ ਬਣਦਾ ਹੀ ਨਹੀਂ, ਅਗਰ ਉਹ ਮਿੱਤਰ ਬਣ ਜਾਵੇ ਤਾਂ ਚੰਗੇ ਮਿੱਤਰ ਨਾਲੋਂ ਭੀ ਚੰਗਾ ਸਾਬਤ ਹੁੰਦਾ ਹੈ,

ਜੇਕਰ ਜੁਗਤੀ ਤੋਂ ਕੰਮ ਲਿਆ ਜਾਵੇ ਤਦ। ਇਸੇ ਤਰ੍ਹਾਂ ਰਾਗ ਵਿਚ ਵਿਵਾਦੀ ਸੁਰ ਨੂੰ ਰਾਗ ਦਾ ਦੁਸ਼ਮਣ ਸਮਝਿਆ ਜਾਂਦਾ ਹੈ। ਵਿਵਾਦੀ ਦਾ ਅਰਥ ਹੀ ਇਹ ਹੈ ਕਿ ਵਿਗਾੜ ਕਰਨ ਵਾਲਾ।

ਪਹਿਲਾਂ ਤਾਂ ਵਿਵਾਦੀ ਸੁਰ ਨੂੰ ਰਾਗ ਵਿਚ ਪ੍ਰਯੋਗ ਕਰਨਾ ਹੀ ਨਹੀਂ ਚਾਹੀਦਾ, ਕਿਉਂਕਿ ਵਿਵਾਦੀ ਸੁਰ ਤੋਂ ਬਿਨਾਂ ਹੀ ਉਸ ਰਾਗ ਦਾ ਸਰੂਪ ਬਣਿਆ ਹੋਇਆ ਹੁੰਦਾ ਹੈ ਅਤੇ ਉਸ ਵਿਚ ਉਸ ਲਈ ਕੋਈ ਥਾਂ ਹੀ ਨਹੀਂ ਹੁੰਦੀ।

ਰਾਗ ਵਿਚ ਵਾਦੀ, ਸੰਵਾਦੀ, ਅਨੁਵਾਦੀ, ਆਰੋਹ, ਅਵਰੋਹ, ਮੁੱਖ ਅੰਗ, ਪਕੜ, ਅਲਪਤੱਵ, ਬਹੁਤੱਵ, ਪੂਰਵਾਂਗ, ਉਤਰਾਂਗ ਆਦਿਕ ਨਿਯਮਾਂ ਦੇ ਲਿਹਾਜ਼ ਨਾਲ ਉਸ ਦਾ ਸਹੀ ਸਰੂਪ ਬਣਿਆ ਹੋਇਆ ਹੁੰਦਾ ਹੈ, ਪਰ ਫਿਰ ਵੀ ਕਈ ਰਾਗੀ ਰਾਜੇ ਰਾਗ ਦੇ ਸਰੂਪ ਨੂੰ ਹੋਰ ਬਹੁਤਾ ਸੁੰਦਰ ਬਣਾਉਣ ਲਈ ਵਿਵਾਦੀ ਸੁਰ ਦੇ ਪ੍ਰਯੋਗ ਵਾਸਤੇ ਕਿਧਰੇ ਨਾ ਕਿਧਰੇ ਥਾਂ ਲੱਭ ਹੀ ਲੈਂਦੇ ਹਨ। ਜਿਵੇਂ ਕਿ ਆਸਾ ਰਾਗ ਵਿਚ ਕੋਮਲ ਧੈਵਤ ਵਿਵਾਦੀ ਸੁਰ ਹੈ, ਸੋ ਆਸਾ ਵਿਚ ਕੋਮਲ ਧੈਵਤ ਪ੍ਰਯੋਗ ਨਹੀਂ ਕਰਨਾ ਚਾਹੀਦਾ, ਪਰ ਫਿਰ ਵੀ ਕੋਮਲ ਧੈਵਤ ਨੂੰ ਇਸ ਪ੍ਰਕਾਰ ਪ੍ਰਯੋਗ ਕਰਦੇ ਹਨ:

"ਰੇ ਮ ਪ ਧ ਸਾਂ, ਧ ਧੁ ਧ ਸਾਂ"

ਇਸ ਪ੍ਰਕਾਰ ਦੋ ਸ਼ੁਧ ਧੈਵਤਾਂ ਦੇ ਵਿਚਕਾਰਲਾ ਧੈਵਤ ਕੋਮਲ ਲਗਾ ਦਿੱਤਾ ਗਿਆ ਹੈ। ਹੁਣ ਰਾਗ ਆਸਾ ਵਿਚ ਕੋਮਲ ਧੈਵਤ ਲਈ ਕੋਈ ਥਾਂ ਨਹੀਂ, ਪਰ ਫਿਰ ਵੀ ਗੁਣਵਾਨ ਪੁਰਸ਼ਾਂ ਦੀ ਜੁਗਤੀ ਨਾਲ ਇਸ ਕੋਮਲ ਧੈਵਤ ਨੇ ਆਪਣਾ ਸਰੂਪ ਸ਼ੁਧ ਧੈਵਤਾਂ ਨਾਲੋਂ ਵੱਧ ਦੇ ਕੇ ਆਸਾ ਰਾਗ ਨੂੰ ਜ਼ਿਆਦਾ ਸੁਹੱਪਣ ਦੇ ਦਿੱਤਾ ਹੈ।

ਇਸੇ ਪ੍ਰਕਾਰ ਦੇਸੀ ਰਾਗ ਵਿਚ ਵੀ ਕੋਮਲ ਧੈਵਤ ਵਿਵਾਦੀ ਸੁਰ ਹੈ, ਪਰ ਵਿਦਵਾਨ ਜਨ ਆਪਣੀ ਮੱਤ ਦੁਆਰਾ ਕੋਮਲ ਧੈਵਤ ਤੋਂ ਇੰਨਾ ਕੰਮ ਲੈਂਦੇ ਹਨ ਕਿ ਨਾ ਲੱਗਦਾ ਹੋਇਆ ਵੀ ਕੋਮਲ ਧੈਵਤ ਸੁਰ ਲਗਾ ਕੇ ਇਸ ਤੋਂ ਵੱਧ ਤੋਂ ਵੱਧ ਰਾਗ ਵਿਚ ਮਿਠਾਸ ਪੈਦਾ ਕਰ ਕੇ ਸਰੋਤਾ-ਗਣਾਂ ਨੂੰ ਪ੍ਰਸੰਨਤਾ ਦਿੰਦੇ ਹਨ।

## ਅਲਪਤੱਵ ਅਤੇ ਬਹੁਤੱਵ

ਇਹ ਸ਼ਬਦ ਸੰਸਕ੍ਰਿਤ ਤੋਂ ਹਿੰਦੀ ਵਿਚ ਆਇਆ ਅਤੇ ਹਿੰਦੀ ਵਿੱਚੋਂ ਪੰਜਾਬੀ ਵਿਚ ਰਲਿਆ। ਹੁਣ ਰਹੀ ਅਲਪਤੱਵ ਅਤੇ ਬਹੁਤੱਵ ਦੇ ਅਰਥ ਦੀ ਗੱਲ। ਸੋ ਅਲਪਤੱਵ ਨਾਮ ਹੈ ਛੋਟਾ ਜਾਂ ਥੋੜ੍ਹਾ ਅਤੇ ਬਹੁਤੱਵ ਨਾਮ ਹੈ ਵੱਡਾ ਜਾਂ ਬਹੁਤਾ। ਜਿਵੇਂ ਕਿ:

**ਅਲਪ ਅਹਾਰ ਸੁਲਪ ਸੀ ਨਿੰਦ੍ਰਾ...॥** *(ਰਾਮਕਲੀ ਪਾਤਿਸ਼ਾਹੀ ੧੦)*

**ਬਹੁਤਾ ਕਹੀਐ ਬਹੁਤਾ ਹੋਇ॥** *(ਜਪੁਜੀ)*

ਗੱਲ ਛੋਟੀ ਜਿਹੀ ਹੁੰਦੀ ਹੈ ਪਰ ਬਗ਼ੈਰ ਪਤੇ ਦੇ ਉਹ ਇਕ ਬਹੁਤ ਵੱਡੀ ਮੁਹਿੰਮ ਨਜ਼ਰ ਆਉਂਦੀ ਹੈ। ਵਾਸਤਵ ਵਿਚ 'ਅਲਪਤੱਵ ਅਤੇ ਬਹੁਤੱਵ' ਇੰਨੇ ਡੂੰਘੇ ਸ਼ਬਦ ਨਹੀਂ ਹਨ ਜੋ ਕਿ ਸਮਝੇ ਨਾ ਜਾ ਸਕਣ। ਪਰ ਸੰਗੀਤ ਵਿਚ ਇਨ੍ਹਾਂ ਦਾ ਬਹੁਤ ਮਹੱਤਵ ਹੈ। ਇਸ ਲਈ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਇਨ੍ਹਾਂ ਸ਼ਬਦਾਂ ਦਾ ਸੰਗੀਤ ਵਿਚ ਕੀ ਅਸਥਾਨ ਹੈ।

ਰਾਗ ਵਿਚ ਘੱਟ ਤੋਂ ਘੱਟ ਪੰਜ ਸੁਰ ਅਤੇ ਵੱਧ ਤੋਂ ਵੱਧ ਸੱਤ ਸੁਰ ਹੁੰਦੇ ਹਨ। ਸੱਤਾਂ ਸੁਰਾਂ ਵਿੱਚੋਂ ਦੋ ਸੁਰ ਵਾਦੀ ਤੇ ਸੰਵਾਦੀ ਅਤੇ ਬਾਕੀ ਪੰਜ ਸੁਰ ਅਨੁਵਾਦੀ ਹਨ।

ਜੇਕਰ ਪੰਜਾਂ ਸੁਰਾਂ ਨੂੰ ਅਸੀਂ ਇੱਕੋ ਹੀ ਨਿਯਮ ਵਿਚ ਲਗਾ ਕੇ ਗਾਈਏ ਤਾਂ ਇਕ ਹੀ ਰਾਗ ਬਣਦਾ ਹੈ ਅਤੇ ਜ਼ਿਆਦਾ ਰਾਗ ਨਹੀਂ ਬਣ ਸਕਦੇ। ਜੇਕਰ ਅਸਾਂ ਨੇ ਉਨ੍ਹਾਂ ਹੀ ਸੁਰਾਂ ਵਿੱਚੋਂ ਬਹੁਤੇ ਰਾਗ ਪੈਦਾ ਕਰਨੇ ਹਨ, ਤਾਂ ਸਾਨੂੰ ਕਿਸੇ ਇਕ ਸੁਰ ਨੂੰ ਅਲਪਤੱਵ ਅਤੇ ਦੂਜੇ ਕਿਸੇ ਹੋਰ ਸੁਰ ਨੂੰ ਬਹੁਤੱਵ ਮੰਨਣਾ ਪਵੇਗਾ।

ਜੇਕਰ ਕਿਸੇ ਰਾਗ ਵਿਚ ਇਕ ਸੁਰ ਅਲਪਤੱਵ ਹੈ ਅਤੇ ਉਸੇ ਸੁਰ ਨੂੰ ਉਸੀ ਰਾਗ ਵਿਚ ਬਹੁਤੱਵ ਦੀ ਮਹੱਤਤਾ ਦਿੱਤੀ ਜਾਵੇ ਤਾਂ ਸਰੋਤਾ-ਗਣ ਸੁਣਦੇ ਸਾਰ ਹੀ ਸਮਝ ਜਾਣਗੇ ਕਿ ਸੁਰ ਤਾਂ ਉਹ ਹੀ ਹਨ, ਪਰ ਰਾਗ ਕੋਈ ਦੂਸਰਾ ਹੀ ਹੈ। ਇਸੇ ਤਰ੍ਹਾਂ ਇਨ੍ਹਾਂ ਸੁਰਾਂ ਦੇ ਨਿਯਮਾਂ ਦੁਆਰਾ ਹੀ ਕਈ ਹੋਰ ਰਾਗਾਂ ਦਾ ਸਰੂਪ ਬਣ ਜਾਂਦਾ ਹੈ।

ਜਿਸ ਤਰ੍ਹਾਂ ਰਾਗ ਬਸੰਤ ਅਤੇ ਪਰਜ ਹਨ। ਇਨ੍ਹਾਂ ਦੋਹਾਂ ਦੇ ਸੁਰ ਇਕ-ਸਮਾਨ ਹਨ ਪਰ ਅਲਪਤੱਵ ਅਤੇ ਬਹੁਤੱਵ ਆਦਿਕ ਸੁਰ ਬਦਲਣ ਨਾਲ ਹੀ ਦੋਹਾਂ ਰਾਗਾਂ ਦਾ ਸਰੂਪ ਵੱਖਰਾ-ਵੱਖਰਾ ਹੋ ਜਾਂਦਾ ਹੈ। ਇਹੋ ਨਿਯਮ ਹਰ ਇਕ ਰਾਗ ਦੇ ਹਨ।

ਸੰਗੀਤ ਦੇ ਵਿਦਿਆਰਥੀਆਂ ਨੂੰ ਰਾਗ ਦੇ ਨਿਯਮਾਂ ਦਾ ਜ਼ਰੂਰ ਧਿਆਨ ਰੱਖਣਾ ਚਾਹੀਦਾ ਹੈ, ਕਿਉਂਕਿ ਕਿਸੇ ਰਾਗ ਵਿਚ ਕੋਈ ਸੁਰ ਅਲਪਤੱਵ ਭਾਵ ਥੋੜਾ ਲੱਗਦਾ ਹੈ ਅਤੇ ਕੋਈ ਸੁਰ ਬਹੁਤੱਵ ਭਾਵ ਜ਼ਿਆਦਾ ਲੱਗਦਾ ਹੈ। ਜੇਕਰ ਅਸੀਂ ਉਸ ਰਾਗ ਵਿਚ ਥੋੜੇ ਨੂੰ ਬਹੁਤਾ ਅਤੇ ਬਹੁਤੇ ਨੂੰ ਥੋੜਾ ਕਰ ਦੇਈਏ ਤਾਂ ਰਾਗ ਦਾ ਸਰੂਪ ਬਦਲ ਕੇ ਇਕ ਰਾਗ ਤੋਂ ਦੂਸਰਾ ਰਾਗ ਬਣ ਜਾਂਦਾ ਹੈ।

ਉਦਾਹਰਣ ਦੇ ਤੌਰ 'ਤੇ ਰਾਗ ਭੈਰਵ ਵਿਚ ਨਿਸ਼ਾਦ ਸੁਰ ਦਾ ਅਲਪਤੱਵ ਹੈ, ਜੇਕਰ ਰਾਗ ਭੈਰਵ ਵਿਚ ਨਿਸ਼ਾਦ ਜ਼ਿਆਦਾ ਕਰ ਦਿੱਤਾ ਜਾਵੇ ਤਾਂ ਉਹ ਭੈਰਵ ਦੀ ਥਾਂ 'ਤੇ ਰਾਗ ਕਲਿੰਗੜਾ ਬਣ ਜਾਵੇਗਾ। ਇਸੀ ਪ੍ਰਕਾਰ ਜੇਕਰ ਕਲਿੰਗੜੇ ਵਿਚ ਨਿਸ਼ਾਦ ਥੋੜਾ ਲਗਾਇਆ ਜਾਵੇ ਤਾਂ ਉਹ ਕਲਿੰਗੜੇ ਤੋਂ ਬਦਲ ਕੇ ਭੈਰਵ ਬਣ ਜਾਵੇਗਾ।

ਸੋ ਰਾਗ ਦੇ ਸਰੂਪ ਵਿਚ ਅਲਪਤੱਵ ਅਤੇ ਬਹੁਤੱਵ ਆਦਿਕ ਸੁਰਾਂ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ। ਨਹੀਂ ਤਾਂ ਭੈਰਵ ਤੋਂ ਕਲਿੰਗੜਾ, ਆਸਾ ਤੋਂ ਮਾਂਡ, ਆਸਾਵਰੀ ਤੋਂ ਜੌਨਪੁਰੀ, ਭੁਪਾਲੀ ਤੋਂ ਦੇਸ਼ਕਾਰ, ਬਾਗੇਸ੍ਰੀ ਤੋਂ ਭੀਮ ਪਲਾਸੀ, ਦਰਬਾਰੀ ਤੋਂ ਅੜਾਨਾ, ਪੂਰੀਆਂ ਤੋਂ ਸੋਹਨੀ, ਪਰਜ ਤੋਂ ਬਸੰਤ ਅਤੇ ਸੋਹਨੀ ਤੋਂ ਮਾਰਵਾ ਰਾਗ ਬਣ ਸਕਦਾ ਹੈ।

ਹੁਣ ਅਸੀਂ ਇਹ ਸਮਝਣਾ ਹੈ ਕਿ ਅਲਪਤੱਵ ਅਤੇ ਬਹੁਤੱਵ ਕਿਸ ਨੂੰ ਕਹਿੰਦੇ ਹਨ ਅਤੇ ਉਨ੍ਹਾਂ ਦਾ ਸਰੂਪ ਕੀ ਹੈ ?

## ਅਲਪਤੱਵ

'ਅਲਪਤੱਵ' ਦਾ ਮਤਲਬ ਹੈ, ਥੋੜਾ ਲੱਗਣ ਵਾਲਾ, ਜਿਵੇਂ ਕਿ ਕੋਈ ਸੁਰ ਕਿਸੇ ਰਾਗ ਵਿਚ ਲੱਗਦਾ ਤਾਂ ਹੈ, ਪਰ ਥੋੜਾ ਲੱਗਦਾ ਹੈ। ਸੋ ਰਾਗ ਵਿਚ ਜਿਹੜਾ ਸੁਰ ਕਮਜ਼ੋਰ ਹੋ ਕੇ ਲੱਗੇ, ਉਸ ਸੁਰ ਨੂੰ ਉਸ ਰਾਗ ਦਾ 'ਅਲਪਤੱਵ' ਸੁਰ ਕਿਹਾ ਜਾਂਦਾ ਹੈ। ਸੋ ਥੋੜਾ ਲੱਗਣ ਦਾ ਨਾਂ ਹੀ ਛੋਟਾ-ਪਨ ਹੈ। ਕਈਆਂ ਰਾਗਾਂ ਵਿਚ ਕਿਸੇ ਇਕ ਸੁਰ ਦਾ ਰੂਪ ਦਿਖਾਇਆ ਤਾਂ ਜਾਂਦਾ ਹੈ, ਪਰ ਮੀਂਡ ਦੁਆਰਾ ਜਾਂ ਉਤਾਰ-ਚੜ੍ਹਾਵ ਵਿਚ ਥੋੜਾ ਜਿੰਨਾ ਹੀ।

ਅਸਲ ਵਿਚ ਰਾਗ ਵਿਚ ਲੱਗਣ ਵਾਲੇ ਸੁਰਾਂ ਵਿੱਚੋਂ ਜਿਹੜਾ ਸੁਰ ਘੱਟ ਪ੍ਰਯੋਗ ਹੋਵੇ, ਉਸ ਦਾ ਨਾਂ ਹੀ ਅਲਪਤੱਵ ਰੱਖਿਆ ਗਿਆ ਹੈ। ਇਹ ਮੀਂਡ ਦੁਆਰਾ ਭੀ ਲੱਗਦਾ ਹੈ ਅਤੇ ਆਰੋਹ ਅਵਰੋਹ ਵਿਚ ਵੀ ਥੋੜੀ ਮਾਤਰਾ ਵਿਚ ਲੱਗਦਾ ਹੈ। ਉਦਾਹਰਣ ਦੇ

ਤੌਰ 'ਤੇ ਰਾਗ ਭੈਰਵ ਵਿਚ ਨਿਸ਼ਾਦ ਲੱਗਦਾ ਤਾਂ ਹੈ, ਪਰ ਇਸ ਨੂੰ ਸਾਰੇ ਸੁਰਾਂ ਨਾਲੋਂ ਕਮਜ਼ੋਰ ਕਰ ਕੇ ਲਗਾਇਆ ਜਾਂਦਾ ਹੈ, ਜਿਵੇਂ:

ਗਮ $^{\text{ਨੀ}}$ਧੁ......ਪ, ਗਮ ਰੇ......ਸਾ, ਆਦਿਕ।

ਅਸੀਂ ਭੈਰਵ ਵਿਚ ਨਿਸ਼ਾਦ ਥੋੜਾ ਲਗਾ ਕੇ ਪ੍ਰਮਾਣ ਵਜੋਂ ਦੱਸ ਦਿੱਤਾ ਹੈ। ਸੋ ਭੈਰਵ ਦੇ ਲਈ ਨਿਸ਼ਾਦ ਸੁਰ ਅਲਪਤੱਵ ਮੰਨਿਆ ਜਾਂਦਾ ਹੈ। ਅਲਪਤੱਵ ਦੋ ਪ੍ਰਕਾਰ ਦਾ ਹੁੰਦਾ ਹੈ।

ਇਕ ਅਲਪਤੱਵ ਉਹ ਹੈ, ਜੋ ਵਕਰ ਰੂਪ ਨਾਲ ਲਗਾਇਆ ਜਾਂਦਾ ਹੈ ਅਤੇ ਜਿਸ ਨੂੰ ਲੰਘਨ ਅਲਪਤੱਵ ਕਿਹਾ ਜਾਂਦਾ ਹੈ। ਲੰਘਨ ਦਾ ਮਤਲਬ ਹੈ ਕਿ ਕਿਸੇ ਚੀਜ਼ ਤੋਂ ਉਲਾਂਘ ਕੇ ਚਲੇ ਜਾਣਾ। ਸੋ ਇਸ ਵਿਚ ਸੁਰ ਨੂੰ ਛੱਡ ਕੇ ਲੰਘ ਜਾਂਦੇ ਹਨ। ਜਿਵੇਂ ਕਿ ਛਾਇਆ ਨਟ ਵਿਚ 'ਧ ਸੁਰ' ਲੱਗਦਾ ਹੈ। ਉਦਾਹਰਣ ਦੇ ਤੌਰ 'ਤੇ:

"ਪ $^{\text{ਧ}}$ਪ $^{\text{ਨੀ}}$ਧੁ ਸਾਂ"

ਜਾਂ

ਗੌਡ ਸਾਰੰਗ ਵਿਚ 'ਨੀ' ਸੁਰ ਜਿਵੇਂ:

"$^{\text{ਧ}}$ਪ $^{\text{ਨੀ}}$ਧੁ ਸਾਂ" ਆਦਿਕ।

ਦੂਸਰਾ ਅਲਪਤੱਵ ਉਹ ਹੈ ਜਿਹੜਾ ਕਿ ਲਗਾਇਆ ਤਾਂ ਜ਼ਰੂਰ ਜਾਂਦਾ ਹੈ, ਪਰ ਕਣ ਦੇ ਰੂਪ ਵਿਚ ਜਾਂ ਮੀਂਡ ਦੁਆਰਾ। ਇਹ ਅਲਪਤੱਵ ਉਹ ਹੈ ਜਿਸ ਨੂੰ ਸੂਖਮ ਜਾਂ ਅਨਭਿਆਸ ਅਲਪਤੱਵ ਕਹਿੰਦੇ ਹਨ। ਜਿਵੇਂ ਭੀਮ ਪਲਾਸੀ ਵਿਚ 'ਧ' ਸੁਰ ਦਾ ਅਨਭਿਆਸ ਅਲਪਤੱਵ ਹੈ। ਉਦਾਹਰਣ ਦੇ ਤੌਰ 'ਤੇ:

"ਸਾਂ ਨੀ $^{\text{ਧ}}$ਪ" ਆਦਿਕ।

ਇਹ ਧਿਆਨ ਰੱਖਣਾ ਜ਼ਰੂਰੀ ਹੈ ਕਿ ਵਰਜਿਤ ਸੁਰ ਨੂੰ ਅਲਪਤੱਵ ਨਹੀਂ ਮੰਨਿਆ ਜਾਂਦਾ।

## ਬਹੁਤੱਵ

ਅਲਪਤੱਵ ਦੇ ਮੁਕਾਬਲੇ ਵਿਚ ਦੂਸਰਾ ਸੁਰ ਹੈ ਬਹੁਤੱਵ। ਬਹੁਤੱਵ ਨਾਮ ਹੈ ਬਹੁਤੇ ਜਾਂ ਲੰਬੇ ਦਾ। ਸੋ ਰਾਗ ਵਿਚ ਜਿਸ ਨੂੰ ਬਾਰ ਬਾਰ ਲਗਾਇਆ ਜਾਂਦਾ ਹੈ ਅਤੇ ਉਸ ਉਪਰ ਬਿਸਰਾਮ ਭੀ ਦਿੱਤਾ ਜਾਂਦਾ ਹੈ, ਉਸ ਸੁਰ ਨੂੰ ਉਸ ਰਾਗ ਦਾ ਬਹੁਤੱਵ ਸੁਰ ਕਹਿੰਦੇ ਹਨ। ਜਿਵੇਂ ਰਾਗ ਕਲਿੰਗੜੇ ਵਿਚ ਨਿਸ਼ਾਦ ਸੁਰ ਦਾ ਬਹੁਤੱਵ ਜਾਂ ਵੱਡਾਪਨ ਨਾ ਦਿਖਾਇਆ ਜਾਵੇ ਤਾਂ ਕਲਿੰਗੜੇ ਦਾ ਸਰੂਪ ਨਹੀਂ ਬਣਦਾ। ਇਸ ਲਈ ਕਲਿੰਗੜੇ ਦਾ ਨਿਸ਼ਾਦ ਸੁਰ ਬਹੁਤੱਵ ਇਸ ਪ੍ਰਕਾਰ ਦਿਖਾਉਂਦੇ ਹਨ।

"ਗ ਮ ਪ ਧੁ ਨੀ...... ਧੁ ਪ ਮ।" ਦੂਸਰਾ ਪ੍ਰਕਾਰ ਇਸ ਤਰ੍ਹਾਂ ਹੈ: "ਧੁਨੀ ਸਾਂ ਨੀ......, ਧੁ ਨੀ......ਸਾਂ ਨੀ ਧੁ ਪ ਮ, ਸਾ ਰੇ ਗ ਮ ਪ ਮ ਗ ਰੇ ਸਾ।"

ਬਹੁਤੱਵ ਦੋ ਪ੍ਰਕਾਰ ਦਾ ਹੁੰਦਾ ਹੈ। ਇਕ ਤਾਂ ਉਹ ਬਹੁਤੱਵ ਹੈ, ਜੋ ਕਿ ਬਾਰ ਬਾਰ ਲਗਾਉਂਦੇ ਤਾਂ ਹਨ ਪਰ ਉਸ ਸੁਰ ਉਪਰ ਠਹਿਰਦੇ ਨਹੀਂ, ਉਸ ਨੂੰ ਅਲੰਘਨ ਬਹੁਤੱਵ ਕਹਿੰਦੇ ਹਨ। ਜਿਵੇਂ ਰਾਗ ਭੈਰਵ ਵਿਚ ਮੱਧਮ ਅਤੇ ਭੀਮ ਪਲਾਸੀ ਵਿਚ ਗੰਧਾਰ ਸੁਰ ਅਲੰਘਨ ਬਹੁਤੱਵ ਹੈ। ਕਿਉਂਕਿ ਭੈਰਵ ਵਿਚ ਮੱਧਮ ਅਤੇ ਭੀਮ ਪਲਾਸੀ ਵਿਚ ਗੰਧਾਰ

ਸੁਰ ਛੱਡਿਆ ਭੀ ਨਹੀਂ ਜਾਂਦਾ ਪਰ ਇਸ ਸੁਰ 'ਤੇ ਠਹਿਰਦੇ ਭੀ ਨਹੀਂ ਹਨ। ਇਸੇ ਤਰ੍ਹਾਂ ਰਾਗ ਯਮਨ ਵਿਚ ਤੀਬਰ ਮੱਧਮ ਅਲੰਘਨ ਬਹੁਤੱਵ ਹੈ। ਉਦਾਹਰਣ ਦੇ ਤੌਰ 'ਤੇ:

"ਪਮੰਗ, ਰੇਗ, ਮੰਪ ਧ ਮੰਪ, ਮੰਗ" ਆਦਿਕ।

ਦੂਸਰਾ ਬਹੁਤੱਵ ਉਹ ਹੈ ਜੋ ਕਿ ਰਾਗ ਵਿਚ ਬਾਰ ਬਾਰ ਪ੍ਰਯੋਗ ਭੀ ਹੁੰਦਾ ਹੈ ਅਤੇ ਉਸ ਉਪਰ ਠਹਿਰਾਉ ਭੀ ਹੁੰਦਾ ਹੈ। ਇਸ ਨੂੰ ਅਭਿਆਸ ਬਹੁਤੱਵ ਕਹਿੰਦੇ ਹਨ। ਇਕ ਸੁਰ ਨੂੰ ਹੀ ਬਾਰ-ਬਾਰ ਲਗਾਉਣਾ ਅਤੇ ਉਸ ਉੱਤੇ ਟਿਕਾਉ ਭੀ ਕਰਨਾ ਪਰ ਵਾਦੀ ਸੁਰ ਭੀ ਬਣਨ ਨਹੀਂ ਦੇਣਾ। ਭੈਰਵ ਵਿਚ ਪੰਚਮ ਅਤੇ ਬਾਗੇਸ੍ਰੀ ਵਿਚ ਧੈਵਤ ਸੁਰ ਅਭਿਆਸ ਬਹੁਤੱਵ ਹੈ। ਕਿਉਂਕਿ ਭੈਰਵ ਵਿਚ ਪੰਚਮ ਅਤੇ ਬਾਗੇਸ੍ਰੀ ਵਿਚ ਧੈਵਤ ਨੂੰ ਬਾਰ ਬਾਰ ਲਿਆ ਜਾਂਦਾ ਹੈ ਅਤੇ ਨਾਲ ਨਾਲ ਉਸ ਉੱਤੇ ਠਹਿਰਾਵ ਭੀ ਹੁੰਦਾ ਹੈ। ਉਦਾਹਰਣ ਦੇ ਲਈ ਬਾਗੇਸ੍ਰੀ ਵਿਚ ਧੈਵਤ ਇਸ ਪ੍ਰਕਾਰ ਦਿਖਾਉਂਦੇ ਹਨ:

"ਗੁ ਮ ਧ......, ਨੀ ਧ......, ਮ ਗੁ ਰੇ ਸਾ।"

ਅਭਿਆਸ ਬਹੁਤੱਵ ਨੂੰ ਵਾਦੀ ਸੁਰ ਤੋਂ ਘੱਟ ਮਹੱਤਤਾ ਦੇਣੀ ਚਾਹੀਦੀ ਹੈ, ਕਿਉਂਕਿ ਬਾਕੀ ਸੁਰਾਂ ਨਾਲੋਂ ਵਾਦੀ ਸੁਰ ਦੀ ਮਹੱਤਤਾ ਜ਼ਿਆਦਾ ਹੁੰਦੀ ਹੈ ਅਤੇ ਬਹੁਤੱਵ ਸੁਰ ਦੀ ਵਾਦੀ ਅਤੇ ਸੰਵਾਦੀ ਨਾਲੋਂ ਮਹੱਤਤਾ ਘੱਟ ਹੁੰਦੀ ਹੈ। ਮਤਲਬ ਇਹ ਹੈ ਕਿ ਬਹੁਤੱਵ ਤੀਸਰੇ ਦਰਜੇ ਦਾ ਸੁਰ ਹੁੰਦਾ ਹੈ। ਪਹਿਲਾ ਵਾਦੀ, ਦੂਸਰਾ ਸੰਵਾਦੀ ਅਤੇ ਤੀਸਰਾ ਸੁਰ ਬਹੁਤੱਵ ਹੋਇਆ। ਇਸੇ ਪ੍ਰਕਾਰ ਰਾਗੇਸ੍ਰੀ ਵਿਚ ਭੀ ਧੈਵਤ ਦੁਆਰਾ ਅਭਿਆਸ ਬਹੁਤੱਵ ਦਾ ਸਰੂਪ ਦੇਖਿਆ ਜਾ ਸਕਦਾ ਹੈ।

ਰਾਗ ਦੀਆਂ ਤਿੰਨ ਜਾਤੀਆਂ ਮੰਨੀਆਂ ਗਈਆਂ ਹਨ। ਪੰਜ ਸੁਰਾਂ ਵਾਲੇ ਰਾਗ ਨੂੰ 'ਔੜਵ', ਛੇ ਸੁਰਾਂ ਵਾਲੇ ਰਾਗ ਨੂੰ 'ਛਾੜਵ' ਅਤੇ ਸੱਤ ਸੁਰਾਂ ਵਾਲੇ ਰਾਗ ਨੂੰ 'ਸੰਪੂਰਨ' ਕਿਹਾ ਜਾਂਦਾ ਹੈ।

ਵਿਚਾਰਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਜਿਹੜਾ ਪੰਜ ਸੁਰਾਂ ਵਾਲਾ ਰਾਗ ਹੈ, ਉਨ੍ਹਾਂ ਵਿੱਚੋਂ ਦੋ ਸੁਰ ਵਾਦੀ-ਸੰਵਾਦੀ ਹੋ ਗਏ, ਦੋ ਸੁਰ ਉਸ ਵਿਚ ਬਹੁਤੱਵ ਹੋ ਗਏ ਅਤੇ ਬਾਕੀ ਇਕ ਸੁਰ ਉਸ ਵਿਚ ਅਲਪਤੱਵ ਹੋ ਗਿਆ। ਥੋੜਾ ਜਿਹਾ ਦੱਸਣ 'ਤੇ ਹੀ ਸੰਗੀਤ ਵਿਦਿਆ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਛੇਤੀ ਪਤਾ ਲੱਗ ਜਾਵੇਗਾ ਕਿ ਪੰਜ ਸੁਰਾਂ ਵਿੱਚੋਂ ਦੋ ਸੁਰ ਵਾਦੀ-ਸੰਵਾਦੀ ਹੋ ਗਏ। ਬਾਕੀ ਰਹਿ ਗਏ ਤਿੰਨ ਸੁਰ। ਜਿਨ੍ਹਾਂ ਵਿੱਚੋਂ ਦੋ ਸੁਰ ਬਹੁਤੱਵ ਹੋ ਗਏ, ਦੋਹਾਂ ਸੁਰਾਂ ਦੀ ਵੰਡ ਤੋਂ ਬਾਅਦ ਬਾਕੀ ਇਕ ਸੁਰ ਰਹਿ ਜਾਂਦਾ ਹੈ।

ਜੇਕਰ ਵਾਦੀ-ਸੰਵਾਦੀ ਤੋਂ ਬਾਅਦ ਦੋ ਸੁਰਾਂ ਨੇ ਬਹੁਤੱਵ ਦਾ ਰੂਪ ਧਾਰਿਆ ਤਾਂ ਹਰ ਹਾਲਤ ਵਿਚ ਪੰਜਵੇਂ ਸੁਰ ਨੂੰ ਛੋਟਾ-ਪਨ ਮਿਲੇਗਾ, ਜਿਸ ਨੂੰ ਅਸੀਂ ਸੰਗੀਤ ਦੀ ਭਾਸ਼ਾ ਵਿਚ ਅਲਪਤੱਵ ਕਹਿੰਦੇ ਹਾਂ। ਇਸੇ ਤਰ੍ਹਾਂ ਛਾੜਵ ਜਾਤੀ ਦੇ ਰਾਗ ਵਿਚ ਦੋ ਸੁਰ ਵਾਦੀ-ਸੰਵਾਦੀ, ਦੋ ਸੁਰ ਬਹੁਤੱਵ ਅਤੇ ਦੋ ਸੁਰ ਅਲਪਤੱਵ ਹੋਣੇ ਚਾਹੀਦੇ ਹਨ ਅਤੇ ਇਹੋ ਜਿਹੀ ਹੀ ਵੰਡ ਸੱਤ ਸੁਰਾਂ ਵਾਲੇ ਰਾਗ ਦੀ ਹੈ।

ਅਸਲ ਭਾਵ ਤਾਂ ਇਹੀ ਹੋਇਆ ਨਾ, ਕਿ ਵਾਦੀ ਤੋਂ ਘੱਟ ਸੰਵਾਦੀ ਸੁਰ ਦੀ ਤਾਕਤ ਹੁੰਦੀ ਹੈ ਅਤੇ ਸੰਵਾਦੀ ਸੁਰ ਨਾਲੋਂ ਘੱਟ ਬਹੁਤੱਵ ਦੀ। ਬਹੁਤੱਵ ਵੀ ਦੋ ਪ੍ਰਕਾਰ ਦਾ, ਵੱਡੇ ਦੀ ਘੱਟ ਅਤੇ ਛੋਟੇ ਦੀ ਉਸ ਤੋਂ ਘੱਟ। ਉਸ ਤੋਂ ਬਾਅਦ ਅਨੁਵਾਦੀ ਸੁਰ ਹੁੰਦੇ ਹਨ, ਜਿਨ੍ਹਾਂ ਤੋਂ ਬਗ਼ੈਰ ਰਾਗ ਬਣ ਹੀ ਨਹੀਂ ਸਕਦਾ। ਸੋ ਸਭ ਤੋਂ ਘੱਟ ਭਾਵ ਪੰਜਵੀਂ ਥਾਂ 'ਤੇ ਅਲਪਤੱਵ ਹੈ। ਉਹ ਭੀ ਦੋ ਪ੍ਰਕਾਰ ਦਾ ਮੰਨਦੇ ਹਨ।

ਇਸ ਦਾ ਵਿਚਾਰ ਕਰਨ ਨਾਲ ਇਹ ਨਤੀਜਾ ਨਿਕਲਿਆ ਕਿ ਸਭ ਤੋਂ ਘੱਟ ਲੱਗਣ ਵਾਲਾ ਹੀ ਅਲਪਤੱਵ ਸੁਰ ਹੁੰਦਾ ਹੈ। ਅਗਰ ਉਸ ਨੂੰ ਬਦਲ ਕੇ ਬਹੁਤੱਵ ਬਣਾ ਲਿਆ ਜਾਵੇ ਤਾਂ ਉਹ ਕੋਈ ਦੂਸਰਾ ਹੀ ਰਾਗ ਬਣ ਜਾਂਦਾ ਹੈ। ਕਿਸੇ ਰਾਗ ਵਿਚ ਇਕ ਸੁਰ ਬਹੁਤੱਵ ਹੈ ਤਾਂ ਉਹੋ ਹੀ ਸੁਰ ਦੂਸਰੇ ਰਾਗ ਵਿਚ ਅਲਪਤੱਵ ਬਣ ਜਾਂਦਾ ਹੈ।

ਉਪਰੋਕਤ ਉਦਾਹਰਣਾਂ ਤੋਂ ਇਹ ਹੀ ਸਿੱਧ ਹੁੰਦਾ ਹੈ ਕਿ ਅਨੁਵਾਦੀ ਸੁਰਾਂ ਵਿੱਚੋਂ ਹੀ ਅਲਪਤੱਵ ਤੇ ਬਹੁਤੱਵ ਸੁਰ ਹੁੰਦੇ ਹਨ।

ਜਿਸ ਰਾਗ ਵਿਚ ਜਿਸ ਸੁਰ 'ਤੇ ਜ਼ਿਆਦਾ ਜ਼ੋਰ ਦੇਣ ਨਾਲ ਰਾਗ ਦੀ ਤਸਵੀਰ ਬਣਦੀ ਹੈ, ਉਸ ਨੂੰ ਰਾਗ ਦਾ ਬਹੁਤੱਵ ਸੁਰ ਕਿਹਾ ਜਾਂਦਾ ਹੈ। ਸੋ ਜਿਸ ਸੁਰ ਦੇ ਲਗਾਇਆਂ ਰਾਗ ਦੀ ਤਸਵੀਰ ਬਣਦੀ ਹੋਵੇ ਅਤੇ ਉਸ ਸੁਰ ਨੂੰ ਜ਼ਿਆਦਾ ਨਾ ਲਗਾਇਆ ਜਾਵੇ, ਜਾਂ ਉਸ ਉੱਤੇ ਥੋੜਾ ਬਿਸਰਾਮ ਦਿੱਤਾ ਜਾਵੇ ਤਾਂ ਉਸ ਰਾਗ ਦਾ ਸਰੂਪ ਨਹੀਂ ਬਣਦਾ।

ਸਭ ਤੋਂ ਪਹਿਲਾਂ ਸਾਨੂੰ ਇਹ ਭੀ ਪਤਾ ਹੋਣਾ ਚਾਹੀਦਾ ਹੈ ਕਿ ਰਾਗ ਦੀ ਫੋਟੋ ਜਾਂ ਤਸਵੀਰ ਨੇਤ੍ਰਾਂ ਰਾਹੀਂ ਦੇਖੀ ਨਹੀਂ ਜਾ ਸਕਦੀ। ਇਹ ਨਾਦ ਸਰੂਪ ਤਸਵੀਰ ਕੰਨਾਂ ਰਾਹੀਂ ਸੁਣੀ ਜਾ ਸਕਦੀ ਹੈ। ਇਹ ਕੰਨਾਂ ਦਾ ਹੀ ਵਿਸ਼ਾ ਹੈ ਅਤੇ ਕੰਨਾਂ ਨਾਲ ਸ੍ਰਵਣ ਕਰ ਕੇ ਇਹ ਫੋਟੋ ਸਰੂਪ ਦੇਖਿਆ ਅਤੇ ਸਮਝਿਆ ਜਾਂਦਾ ਹੈ।

ਜਿਸ ਤਰ੍ਹਾਂ ਖਾਣੇ ਵਾਲੀ ਚੀਜ਼ ਦਾ ਸਵਾਦ ਅੱਖਾਂ ਨਾਲ ਪਤਾ ਨਹੀਂ ਲੱਗਦਾ, ਉਸ ਦਾ ਸਵਾਦ ਸਰੂਪ ਰਸਨਾ ਰਾਹੀਂ ਚੱਖਣ ਨਾਲ ਹੀ ਪਤਾ ਲੱਗਦਾ ਹੈ। ਸਰਦੀ ਅਤੇ ਗਰਮੀ ਨੂੰ ਨੇਤ੍ਰ ਅਤੇ ਰਸਨਾ ਨਹੀਂ ਦੱਸ ਸਕਦੇ, ਜੇਕਰ ਮਹਿਸੂਸ ਕਰ ਸਕਦਾ ਹੈ ਤਾਂ ਸਰੀਰ ਹੀ ਮਹਿਸੂਸ ਕਰਦਾ ਹੈ ਕਿ ਮੈਂ ਹੁਣ ਸਰਦੀ ਵਿਚ ਹਾਂ ਕਿ ਗਰਮੀ ਵਿਚ ਖੜ੍ਹਾ ਹਾਂ।

ਇਸੇ ਪ੍ਰਕਾਰ ਆਦਮੀ ਦਾ ਸਰੀਰ, ਨੇਤ੍ਰ ਅਤੇ ਰਸਨਾ ਖ਼ੁਸ਼ਬੂ ਨੂੰ ਮਾਣ ਨਹੀਂ ਸਕਦੇ ਅਤੇ ਉਸ ਸਬੰਧੀ ਆਪਣਾ ਅਨੁਭਵ ਨਹੀਂ ਦਰਸਾ ਸਕਦੇ, ਜੇਕਰ ਸੁਗੰਧੀ ਜਾਂ ਖ਼ੁਸ਼ਬੂ ਦਾ ਪਤਾ ਮਿਲ ਸਕਦਾ ਹੈ ਤਾਂ ਨਾਸਿਕਾ ਰਾਹੀਂ ਹੀ ਮਿਲ ਸਕਦਾ ਹੈ। ਬਿਲਕੁਲ ਇਸੇ ਤਰ੍ਹਾਂ ਰਾਗ ਦੇ ਫੋਟੋ ਨੂੰ ਭੀ ਸਰੀਰ ਦਾ ਕੋਈ ਭੀ ਅੰਗ ਜਾਂ ਇੰਦਰੀ ਬਗ਼ੈਰ ਕੰਨਾਂ ਤੋਂ ਨਾ ਸਮਝ ਸਕਦਾ ਹੈ ਅਤੇ ਨਾ ਹੀ ਸਮਝ ਕੇ ਫੋਟੋ ਬਣਾ ਸਕਦਾ ਹੈ।

ਜਿਸ ਸੰਗੀਤਕਾਰ ਨੂੰ ਚੰਗੀ ਤਰ੍ਹਾਂ ਸੁਣਾਈ ਦਿੰਦਾ ਹੋਵੇ ਤਾਂ ਉਹ ਹੀ ਅੱਛੀ ਤਰ੍ਹਾਂ ਗਾ ਵਜਾ ਸਕਦਾ ਹੈ। ਜੇਕਰ ਕਿਸੇ ਸੰਗੀਤਕਾਰ ਨੂੰ ਉਸਦੇ ਪੂਰਬਲੇ ਕਰਮਾਂ ਦੀ ਸਜ਼ਾ ਦੁਆਰਾ ਸੁਣਾਈ ਦੇਣਾ ਬੰਦ ਹੋ ਜਾਵੇ ਤਾਂ ਉਸ ਦੀ ਸਾਰੀ ਦੀ ਸਾਰੀ ਕਲਾ ਖ਼ਤਮ ਹੋ ਜਾਵੇਗੀ ਅਤੇ ਸੰਗੀਤ ਖੇਤਰ ਵਿਚ ਉਸ ਦਾ ਕੋਈ ਭੀ ਮੁੱਲ ਨਹੀਂ, ਕਿਉਂਕਿ ਸੰਗੀਤ ਕੰਨਾਂ ਰਾਹੀਂ ਸੁਣਿਆ, ਹੱਥਾਂ ਰਾਹੀਂ ਵਜਾਇਆ ਅਤੇ ਰਸਨਾ ਰਾਹੀਂ ਗਾ ਕੇ ਪ੍ਰਗਟ ਕੀਤਾ ਜਾਂਦਾ ਹੈ। ਉਂਗਲੀਆਂ ਰਾਹੀਂ ਸੰਗੀਤ ਦਾ ਹਰ ਸਾਜ਼ ਉੱਤੇ ਵਿਸਥਾਰ ਕਰਨਾ ਅਤੇ ਗਲੇ ਰਾਹੀਂ ਹਰ ਇਕ ਰਾਗ ਦਾ ਸਰੂਪ ਪ੍ਰਗਟਾਉਣਾ ਇਹ ਭੀ ਕੰਨਾਂ ਦੀ ਸੁਣਨ ਸ਼ਕਤੀ ਦਾ ਹੀ ਵੱਡਾ ਖੇਲ ਹੈ।

## ਜਨਕ ਰਾਗ

ਜਨਕ ਦਾ ਅਰਥ ਹੈ—ਪਿਤਾ।

ਥਾਟ ਦੇ ਪ੍ਰਮੁੱਖ ਰਾਗ ਨੂੰ ਜਨਕ ਰਾਗ ਕਹਿੰਦੇ ਹਨ। ਜਨਕ ਰਾਗ ਦੇ ਨਾਂ ਤੋਂ ਹੀ ਉਸ ਦਾ ਥਾਟ ਪਹਿਚਾਣਿਆ ਜਾਂਦਾ ਹੈ।

## ਜਨਯ ਰਾਗ

ਜਨਯ ਦਾ ਅਰਥ ਹੈ—ਪੈਦਾ ਹੋਣ ਵਾਲਾ।

ਜਨਯ ਰਾਗ ਉਹ ਹਨ, ਜੋ ਥਾਟ ਤੋਂ ਉਤਪੰਨ ਮੰਨੇ ਜਾਣ, ਭਾਵ ਜਨਕ ਰਾਗਾਂ ਤੋਂ ਇਲਾਵਾ ਥਾਟ 'ਚੋਂ ਬਾਕੀ ਜਿਤਨੇ ਭੀ ਰਾਗ ਪੈਦਾ ਹੋ ਸਕਦੇ ਹੋਣ, ਉਹ ਸਭ ਜਨਯ ਰਾਗ ਕਹਾਉਂਦੇ ਹਨ। ਅਰਥਾਤ ਜਨਕ ਰਾਗ ਦੀਆਂ ਸੁਰਾਂ ਵਿੱਚੋਂ ਹੀ ਆਰੋਹੀ ਜਾਂ ਅਵਰੋਹੀ ਵਿੱਚੋਂ ਕੋਈ ਸੁਰ ਛੱਡਣ ਕਰਕੇ ਜਾਂ ਵੱਖੋ ਵੱਖ ਸੁਰਾਂ ਨੂੰ ਵਾਦੀ ਤੇ ਸੰਵਾਦੀ ਸੁਰ ਕਰਨ ਨਾਲ ਜੋ ਰਾਗ ਬਣਦੇ ਹਨ, ਉਹ ਸਭ ਜਨਯ ਰਾਗ ਹੁੰਦੇ ਹਨ।

## ਰਾਗਾਂ ਦੇ ਗਾਉਣ ਦਾ ਸਮਾਂ

ਭਾਰਤੀ ਸੰਗੀਤ ਦੀ ਇਹ ਮੁੱਖ ਵਿਸ਼ੇਸ਼ਤਾ ਹੈ ਕਿ ਹਰ ਰਾਗ ਦੇ ਗਾਉਣ ਵਜਾਉਣ ਦਾ ਇਕ ਨਿਸ਼ਚਿਤ ਸਮਾਂ ਹੈ। ਸ਼ਾਸਤਰਕਾਰਾਂ ਨੇ ਆਪਣੇ ਅਨੁਭਵ ਅਤੇ ਮਨੋ-ਵਿਗਿਆਨਕ ਆਧਾਰ 'ਤੇ ਭਿੰਨ-ਭਿੰਨ ਰਾਗਾਂ ਦਾ ਵੱਖੋ ਵੱਖ ਸਮਾਂ ਨਿਸ਼ਚਿਤ ਕੀਤਾ ਹੋਇਆ ਹੈ। ਇਹ ਬਿਲਕੁਲ ਸੱਚ ਹੈ ਕਿ ਰਾਗਾਂ ਨੂੰ ਉਨ੍ਹਾਂ ਦੇ ਸਮੇਂ 'ਤੇ ਹੀ ਗਾਉਣ ਵਜਾਉਣ ਨਾਲ ਵਿਸ਼ੇਸ਼ ਆਨੰਦ ਪ੍ਰਾਪਤ ਹੁੰਦਾ ਹੈ। ਰਾਗਾਂ ਦੇ ਸਮੇਂ ਨੂੰ ਨਿਰਧਾਰਿਤ ਕਰਨ ਲਈ ਕੁਝ ਨਿਯਮ ਹਨ। ਜੋ ਇਸ ਪ੍ਰਕਾਰ ਹਨ:

## ਪੂਰਵਾਂਗ ਤੇ ਉਤਰਾਂਗ

ਪੂਰਬ ਦਾ ਅਰਥ ਹੈ ਕਿ ਪਹਿਲਾਂ ਅਤੇ ਉਤਰ ਦਾ ਅਰਥ ਹੈ ਦੂਸਰਾ। ਵਿਦਵਾਨਾਂ ਨੇ ਸਪਤਕ ਦੇ ਸੱਤ ਸੁਰਾਂ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਹੈ। ਸਪਤਕ ਦੇ ਪਹਿਲੇ ਭਾਗ ਨੂੰ ਪੂਰਵਾਂਗ ਅਤੇ ਦੂਸਰੇ ਭਾਗ ਨੂੰ ਉਤਰਾਂਗ ਕਹਿੰਦੇ ਹਨ। ਸੋ ਪਹਿਲੇ ਭਾਗ ਯਾਨੀ ਪੂਰਵਾਂਗ ਵਿਚ 'ਸਾ' ਤੋਂ 'ਮ' ਤਕ ਸੁਰ ਅਤੇ ਦੂਸਰੇ ਭਾਗ ਯਾਨੀ ਉਤਰਾਂਗ ਵਿਚ 'ਪ' ਤੋਂ 'ਸਾਂ' ਤਕ ਸੁਰ ਆਉਂਦੇ ਹਨ। ਉਦਾਹਰਣ ਦੇ ਤੌਰ 'ਤੇ 'ਸਾ ਰੇ ਗ ਮ' ਸੁਰ ਪੂਰਵਾਂਗ ਅਤੇ 'ਪ ਧ ਨੀ ਸਾਂ' ਉਤਰਾਂਗ ਦੇ ਸੁਰ ਹਨ।

ਇਸੇ ਤਰ੍ਹਾਂ ਦਿਨ ਅਤੇ ਰਾਤ ਦੇ 24 ਘੰਟਿਆਂ ਨੂੰ ਭੀ ਦੋ ਹਿੱਸਿਆਂ ਵਿਚ ਵੰਡ ਦਿੱਤਾ ਗਿਆ ਹੈ। ਪਹਿਲਾ ਭਾਗ ਪੂਰਵਾਂਗ ਵਿਚ ਦਿਨ ਦੇ 12 ਵਜੇ ਤੋਂ ਰਾਤ ਦੇ 12 ਵਜੇ ਤਕ ਅਤੇ ਦੂਸਰਾ ਭਾਗ ਉਤਰਾਂਗ ਰਾਤ ਦੇ 12 ਵਜੇ ਤੋਂ ਦਿਨ ਦੇ 12 ਵਜੇ ਤਕ ਮੰਨਿਆ ਜਾਂਦਾ ਹੈ।

## ਪੂਰਵ ਰਾਗ ਤੇ ਉਤਰ ਰਾਗ

ਜਿਨ੍ਹਾਂ ਰਾਗਾਂ ਦਾ ਵਾਦੀ ਸੁਰ ਸਪਤਕ ਦੇ ਪੂਰਵਾਂਗ ਅਰਥਾਤ 'ਸਾ ਰੇ ਗ ਮ' ਸੁਰਾਂ ਵਿਚ ਹੁੰਦਾ ਹੈ, ਉਸ ਨੂੰ ਪੂਰਵਾਂਗ ਵਾਦੀ ਰਾਗ ਜਾਂ ਪੂਰਵ ਰਾਗ ਕਹਿੰਦੇ ਹਨ। ਉਹ ਰਾਗ ਦਿਨ ਦੇ 12 ਵਜੇ ਤੋਂ ਰਾਤ ਦੇ 12 ਵਜੇ ਤਕ ਕਿਸੇ ਭੀ ਸਮੇਂ ਗਾਏ ਜਾ ਸਕਦੇ ਹਨ ਅਤੇ ਜਿਨ੍ਹਾਂ ਰਾਗਾਂ ਦਾ ਵਾਦੀ ਸੁਰ ਸਪਤਕ ਦੇ ਉਤਰਾਂਗ ਅਰਥਾਤ 'ਪ ਧ ਨੀ ਸਾਂ' ਸੁਰਾਂ ਵਿਚ ਹੋਵੇ, ਉਹ ਰਾਗ ਰਾਤ ਦੇ 12 ਵਜੇ ਤੋਂ ਦਿਨ ਦੇ 12 ਵਜੇ (ਦੁਪਹਿਰ) ਤਕ ਕਿਸੇ ਭੀ ਸਮੇਂ ਗਾਏ ਵਜਾਏ ਜਾ ਸਕਦੇ ਹਨ। ਉਦਾਹਰਣ ਲਈ ਰਾਗ ਖਮਾਜ ਦਾ ਵਾਦੀ ਸੁਰ 'ਗ' ਹੈ ਅਤੇ ਇਹ ਪੂਰਵ ਵਾਦੀ ਰਾਗ ਹੈ। ਇਸ ਨੂੰ ਦਿਨ ਦੇ 12 ਵਜੇ ਤੋਂ ਰਾਤ ਦੇ

12 ਵਜੇ ਤਕ ਹੀ ਗਾਇਆ ਵਜਾਇਆ ਜਾਂਦਾ ਹੈ। ਇਸੇ ਪ੍ਰਕਾਰ ਰਾਗ ਭੈਰਵ ਵਿਚ ਵਾਦੀ ਸੁਰ 'ਧ' ਹੈ। ਇਹ ਉਤਰ ਰਾਗ ਹੈ। ਇਸ ਨੂੰ ਰਾਤ 12 ਵਜੇ ਤੋਂ ਦਿਨ ਦੇ 12 ਵਜੇ ਤਕ ਹੀ ਗਾਇਆ ਵਜਾਇਆ ਜਾਂਦਾ ਹੈ।

### ਅਪਵਾਦ

ਪਰ ਹਿੰਦੁਸਤਾਨੀ ਅਨੇਕਾਂ ਰਾਗ ਇਸ ਨਿਯਮ ਦੇ ਅਪਵਾਦ ਹਨ। ਜਿਸ ਤਰ੍ਹਾਂ ਕੁਝ ਰਾਗਾਂ ਦੇ ਵਾਦੀ ਸੁਰ ਤਾਂ ਪੂਰਵਾਂਗ ਵਿਚ ਹਨ, ਪਰ ਉਨ੍ਹਾਂ ਦੇ ਗਾਉਣ ਦਾ ਸਮਾਂ ਉਤਰਾਂਗ ਵਿਚ ਅਰਥਾਤ ਰਾਤ ਦੇ 12 ਵਜੇ ਤੋਂ ਦਿਨ ਦੇ 12 ਵਜੇ ਤਕ ਹੈ। ਉਦਾਹਰਣ ਲਈ ਰਾਗ ਭੈਰਵੀ ਦਾ ਵਾਦੀ ਸੁਰ ਮੱਧਮ ਹੈ, ਜੋ ਕਿ ਪੂਰਵਾਂਗ ਵਿਚ ਹੈ, ਪਰ ਭੈਰਵੀ ਦੇ ਗਾਉਣ ਦਾ ਸਮਾਂ ਸਵੇਰ ਦਾ ਪਹਿਲਾ ਪਹਿਰ ਹੈ।

ਇਸੇ ਪ੍ਰਕਾਰ ਰਾਗ ਕਾਫ਼ੀ ਦਾ ਵਾਦੀ ਸੁਰ ਪੰਚਮ ਹੈ, ਜੋ ਕਿ ਉਤਰਾਂਗ ਵਿਚ ਹੈ ਪਰ ਰਾਗ ਦੇ ਗਾਉਣ ਦਾ ਸਮਾਂ ਰਾਤ ਦਾ ਦੂਸਰਾ ਪਹਿਰ ਹੈ, ਜੋ ਕਿ ਪੂਰਵਾਂਗ ਦਾ ਸਮਾਂ ਹੈ।

ਇਨ੍ਹਾਂ ਸਾਰਿਆਂ ਅਪਵਾਦਾਂ ਨੂੰ ਦੇਖਦੇ ਹੋਏ ਵਿਦਵਾਨਾਂ ਨੇ ਸਪਤਕ ਦੇ ਪੂਰਵਾਂਗ ਤੇ ਉਤਰਾਂਗ ਦੇ ਸੁਰਾਂ ਦਾ ਵਿਸਥਾਰ ਵਧਾ ਦਿੱਤਾ ਹੈ। ਪੂਰਵਾਂਗ 'ਸ਼ੜਜ ਤੋਂ ਪੰਚਮ' ਅਰਥਾਤ 'ਸਾ ਰੇ ਗ ਮ ਪ' ਤਕ ਅਤੇ ਉਤਰਾਂਗ 'ਮੱਧਮ ਤੋਂ ਸ਼ੜਜ' ਅਰਥਾਤ 'ਮ ਪ ਧ ਨੀ ਸਾਂ' ਤਕ ਮੰਨਿਆ ਜਾਂਦਾ ਹੈ।

ਜਿਨ੍ਹਾਂ ਰਾਗਾਂ ਵਿਚ ਸ਼ੜਜ, ਮੱਧਮ ਤੇ ਪੰਚਮ ਸੁਰ ਵਾਦੀ ਹੁੰਦੇ ਹਨ, ਉਨ੍ਹਾਂ ਦੇ ਗਾਉਣ ਦਾ ਸਮਾਂ ਨਿਯਤ ਕਰਨ ਵਿਚ ਕੁਝ ਕਠਿਨਾਈ ਹੁੰਦੀ ਹੈ ਕਿਉਂਕਿ ਇਹ ਤਿੰਨੇ ਸੁਰ ਦੋਨਾਂ ਹਿੱਸਿਆਂ ਵਿਚ ਆਉਂਦੇ ਹਨ।

ਪੂਰਵਾਂਗ ਵਾਦੀ ਅਤੇ ਉਤਰਾਂਗ ਵਾਦੀ ਰਾਗਾਂ ਦੇ ਸਾਧਾਰਣ ਨਿਯਮ ਇਸ ਪ੍ਰਕਾਰ ਹਨ :

1. ਉਤਰਾਂਗ ਵਾਦੀ ਰਾਗਾਂ ਵਿਚ ਤੀਬਰ ਮੱਧਮ ਦੇ ਬਜਾਏ ਕੋਮਲ ਮੱਧਮ ਦਾ ਪ੍ਰਭਾਵ ਜ਼ਿਆਦਾ ਹੁੰਦਾ ਹੈ ਜਿਸ ਦਾ ਸਬੂਤ ਲਲਿਤ ਆਦਿ ਕਈਆਂ ਰਾਗਾਂ ਵਿਚ ਮਿਲਦਾ ਹੈ। ਰਾਤ ਦੇ ਵਕਤ ਗਾਉਣ ਵਾਲੇ ਰਾਗਾਂ ਵਿਚ ਤੀਬਰ ਮੱਧਮ ਸੁਰ ਦਾ ਪ੍ਰਯੋਗ ਖ਼ਾਸ ਵਿਸ਼ੇਸ਼ਤਾ ਰੱਖਦਾ ਹੈ। ਰਾਤ ਦੇ ਜਿਨ੍ਹਾਂ ਰਾਗਾਂ ਵਿਚ ਦੋਨੋਂ ਮੱਧਮ ਲਗਾਏ ਜਾਂਦੇ ਹਨ, ਉਨ੍ਹਾਂ ਰਾਗਾਂ ਵਿਚ ਕੋਮਲ ਮੱਧਮ ਦਾ ਪ੍ਰਭਾਵ ਤੀਬਰ ਮੱਧਮ ਤੋਂ ਜ਼ਿਆਦਾ ਹੁੰਦਾ ਹੈ। ਤੀਬਰ ਮੱਧਮ ਜ਼ਿਆਦਾਤਰ ਰਾਤ ਦੇ ਸਮੇਂ ਦੀ ਸੂਚਨਾ ਦਿੰਦਾ ਹੈ। ਇਸ ਲਈ ਇਸ ਸੁਰ ਨੂੰ 'ਸਮਾਂ ਦਰਸ਼ਕ ਸੁਰ' ਵੀ ਕਹਿੰਦੇ ਹਨ।
2. ਪੂਰਵਾਂਗ ਵਾਦੀ ਰਾਗ ਦੀ ਸੁੰਦਰਤਾ ਆਰੋਹੀ ਦੀ ਸੁਰ ਰਚਨਾ ਅਰਥਾਤ ਸਥਾਈ ਅਤੇ ਉਤਰਾਂਗ ਵਾਦੀ ਰਾਗ ਦੀ ਸੁੰਦਰਤਾ ਅਵਰੋਹੀ ਦੀ ਸੁਰ ਰਚਨਾ ਅਰਥਾਤ ਅੰਤਰੇ ਵਿਚ ਹੁੰਦੀ ਹੈ।
3. ਪੂਰਵਾਂਗ ਵਾਦੀ ਰਾਗ ਦਾ ਖ਼ਾਸ ਟਿਕਾਉ ਮੱਧ ਸਪਤਕ ਦੇ 'ਸਾ' ਸੁਰ 'ਤੇ, ਅਤੇ ਉਤਰਾਂਗ ਵਾਦੀ ਰਾਗ ਦਾ ਟਿਕਾਉ ਮੱਧ ਸਪਤਕ ਦੇ 'ਪ' ਅਥਵਾ 'ਮ' ਸੁਰ 'ਤੇ ਹੁੰਦਾ ਹੈ।
4. ਪੂਰਵਾਂਗ ਵਾਦੀ ਰਾਗ ਖ਼ਾਸ ਕਰਕੇ ਦਿਨ ਦੇ 12 ਵਜੇ ਤੋਂ ਲੈ ਕੇ ਰਾਤ ਦੇ 12 ਵਜੇ ਤਕ ਅਤੇ ਉਤਰਾਂਗ ਵਾਦੀ ਰਾਗ ਰਾਤ ਦੇ 12 ਵਜੇ ਤੋਂ ਦਿਨ ਦੇ 12 ਵਜੇ ਤਕ ਗਾਏ ਵਜਾਏ ਜਾਂਦੇ ਹਨ।

5. ਪੂਰਵਾਂਗ ਵਾਦੀ ਰਾਗ ਦਾ ਸਰੂਪ ਮੰਦਰ ਤੇ ਮੱਧ ਸਪਤਕ ਵਿਚ ਅਤੇ ਉਤਰਾਂਗ ਵਾਦੀ ਰਾਗ ਦਾ ਸਰੂਪ ਮੱਧ ਤੇ ਤਾਰ ਸਪਤਕ ਵਿਚ ਖਿੜਦਾ ਹੈ ਅਥਵਾ ਤਾਰ ਸਪਤਕ ਵਿਚ ਜ਼ਿਆਦਾ ਜ਼ੋਰ ਰਹਿੰਦਾ ਹੈ।
6. ਪੂਰਵਾਂਗ ਵਾਦੀ ਰਾਗਾਂ ਵਿਚ ਵਾਦੀ ਸੁਰ ਸ਼ੜਜ ਸੁਰ ਦੇ ਨੇੜੇ ਹੋਣ ਕਾਰਣ ਉਹ ਰਾਗ ਜ਼ਿਆਦਾਤਰ ਵਾਦੀ ਸੁਰ ਤੋਂ ਆਰੰਭ ਹੁੰਦੇ ਹਨ।

## ਸੰਧੀ-ਪ੍ਰਕਾਸ਼-ਰਾਗ 'ਰੇ-ਧੁ' ਕੋਮਲ

ਜੋ ਰਾਗ਼ ਦਿਨ ਅਤੇ ਰਾਤ ਦੀ ਸੰਧਿਆ ਵੇਲੇ ਭਾਵ ਸਵੇਰੇ ਤੇ ਸ਼ਾਮ ਨੂੰ ਗਾਏ ਜਾਂਦੇ ਹਨ, ਉਨ੍ਹਾਂ ਨੂੰ ਸੰਧੀ-ਪ੍ਰਕਾਸ਼ ਰਾਗ ਕਹਿੰਦੇ ਹਨ। ਦਿਨ ਤੇ ਰਾਤ ਦੇ 24 ਘੰਟਿਆਂ ਵਿਚ ਦੋ ਵਾਰੀ ਸੰਧਿਆ ਹੁੰਦੀ ਹੈ; ਇਕ ਸਵੇਰੇ ਤੇ ਇਕ ਸ਼ਾਮ ਨੂੰ। ਸੂਰਜ ਚੜ੍ਹਨ ਸਮੇਂ ਨੂੰ ਸਵੇਰ ਦੀ ਸੰਧਿਆ ਜਾਂ ਪ੍ਰਾਤਹਿ ਕਾਲ ਅਤੇ ਸੂਰਜ ਛਿਪਣ ਸਮੇਂ ਨੂੰ ਸ਼ਾਮ ਦੀ ਸੰਧਿਆ ਜਾਂ ਸੰਝ-ਵੇਲਾ ਆਖਦੇ ਹਨ।

ਸੰਧੀ-ਪ੍ਰਕਾਸ਼ ਦਾ ਸਮਾਂ ਵਿਦਵਾਨਾਂ ਨੇ 4 ਵਜੇ ਤੋਂ 7 ਵਜੇ ਤਕ ਸਵੇਰ ਦਾ ਅਤੇ 4 ਵਜੇ ਤੋਂ 7 ਵਜੇ ਤਕ ਸ਼ਾਮ ਦਾ ਮੰਨਿਆ ਹੈ।

ਸੰਧੀ-ਪ੍ਰਕਾਸ਼ ਰਾਗਾਂ ਦੀ ਇਹ ਵਿਸ਼ੇਸ਼ਤਾ ਹੈ ਕਿ ਇਸ ਵਿਚ 'ਰੇ' 'ਧੁ' ਕੋਮਲ ਅਤੇ 'ਗ' ਸੁਰ ਸ਼ੁਧ ਹੁੰਦਾ ਹੈ, ਜੋ ਬਹੁਤ ਮਹੱਤਵਪੂਰਣ ਹੈ। ਜਿਵੇਂ ਰਾਗ ਭੈਰਵ, ਕਲਿੰਗੜਾ, ਪੂਰਵੀ ਆਦਿਕ। ਕੁਝ ਰਾਗ ਇਹੋ ਜਿਹੇ ਭੀ ਹਨ ਜਿਹੜੇ ਇਸ ਵਿਸ਼ੇਸ਼ਤਾ ਦੇ ਅਪਵਾਦ ਸਰੂਪ ਹਨ। ਜਿਵੇਂ ਰਾਗ ਮਾਰਵਾ; ਇਸ ਵਿਚ 'ਰੇ' ਕੋਮਲ ਅਤੇ 'ਗ' ਸੁਰ ਸ਼ੁਧ ਹੈ ਪਰ 'ਧ' ਸੁਰ ਭੀ ਸ਼ੁਧ ਲੱਗਦਾ ਹੈ ਕੋਮਲ ਨਹੀਂ। ਇਨ੍ਹਾਂ ਅਪਵਾਦਾਂ ਨੂੰ ਦੇਖਦੇ ਹੋਏ ਵਿਦਵਾਨਾਂ ਨੇ ਸੰਧੀ-ਪ੍ਰਕਾਸ਼ ਰਾਗ ਵਿਚ 'ਰੇ' ਕੋਮਲ ਅਤੇ 'ਗ' ਸੁਰ ਸ਼ੁਧ ਹੋਣਾ ਜ਼ਰੂਰੀ ਮੰਨਿਆ ਹੈ, 'ਧ' ਸੁਰ ਭਾਵੇਂ ਸ਼ੁਧ ਹੋਵੇ ਜਾਂ ਕੋਮਲ।

ਦੂਸਰਾ ਸੰਧੀ-ਪ੍ਰਕਾਸ਼ ਰਾਗਾਂ ਵਿਚ ਰਿਸ਼ਭ ਕਦੀ ਵੀ ਵਰਜਿਤ ਨਹੀਂ ਹੁੰਦਾ, ਕਿਉਂਕਿ ਇਸੇ ਸੁਰ ਨਾਲ ਹੀ ਰਾਗਾਂ ਦਾ ਵਰਗੀਕਰਣ ਹੁੰਦਾ ਹੈ। ਭੈਰਵ, ਮਾਰਵਾ, ਪੂਰਵੀ ਥਾਟ ਦੇ ਰਾਗ ਸੰਧੀ-ਪ੍ਰਕਾਸ਼ ਵੇਲੇ ਗਾਏ ਜਾਂਦੇ ਹਨ। ਜਿਵੇਂ ਭੈਰਵ, ਰਾਮਕਲੀ, ਪਰਜ, ਜੋਗੀਆ, ਕਲਿੰਗੜਾ ਅਤੇ ਭੈਰਵ ਦੇ ਬਾਕੀ ਪ੍ਰਕਾਰ ਪ੍ਰਾਤਹਿ ਕਾਲ ਅਤੇ ਪੂਰਵੀ, ਮਾਰਵਾ, ਸ੍ਰੀ, ਪੂਰੀਆ ਧਨਾਸਰੀ, ਪੂਰੀਆ ਆਦਿਕ ਸਾਂਝ-ਕਾਲੀਨ, ਰਾਗ ਹਨ।

## 'ਰੇ, ਧ' ਸ਼ੁਧ ਸੁਰਾਂ ਵਾਲੇ ਰਾਗ

ਜਿਨ੍ਹਾਂ ਰਾਗਾਂ ਵਿਚ 'ਰੇ' ਅਤੇ 'ਧ' ਸੁਰ ਸ਼ੁਧ ਲੱਗਦੇ ਹਨ, ਉਨ੍ਹਾਂ ਨੂੰ ਸੰਧੀ-ਪ੍ਰਕਾਸ਼ ਰਾਗਾਂ ਤੋਂ ਬਾਅਦ ਗਾਇਆ ਜਾਂਦਾ ਹੈ। ਇਨ੍ਹਾਂ ਰਾਗਾਂ ਦੇ ਗਾਉਣ ਦਾ ਸਮਾਂ 7 ਵਜੇ ਤੋਂ 12 ਵਜੇ ਤਕ ਮੰਨਿਆ ਜਾਂਦਾ ਹੈ, ਕਿਉਂਕਿ ਸੰਧੀ-ਪ੍ਰਕਾਸ਼ ਦਾ ਸਮਾਂ 4 ਵਜੇ ਤੋਂ 7 ਵਜੇ ਤਕ ਹੈ। ਇਸ ਲਈ ਇਸ ਵਰਗ ਦੇ ਰਾਗ 7 ਵਜੇ ਤੋਂ ਬਾਅਦ ਹੀ ਗਾਏ ਜਾਣਗੇ।

24 ਘੰਟਿਆਂ ਵਿਚ ਇਸ ਵਰਗ ਦਾ ਸਮਾਂ ਦੋ ਵਾਰ ਆਉਂਦਾ ਹੈ। ਪਹਿਲਾ, ਦਿਨ ਦੇ 7 ਵਜੇ ਤੋਂ 12 ਵਜੇ ਤਕ ਅਤੇ ਦੂਸਰਾ, ਰਾਤ ਦੇ 7 ਵਜੇ ਤੋਂ 12 ਵਜੇ ਤਕ। ਕੁਝ ਲੋਕਾਂ ਦਾ ਵਿਚਾਰ ਹੈ ਕਿ ਇਸ ਵਰਗ ਦੇ ਰਾਗਾਂ ਦਾ ਸਮਾਂ 7 ਵਜੇ ਤੋਂ 10 ਵਜੇ ਤਕ ਮੰਨਣਾ ਚਾਹੀਦਾ ਹੈ, ਕਿਉਂਕਿ ਅਗਲੇ ਆਉਣ ਵਾਲੇ ਰਾਗਾਂ ਦੇ ਸਮੇਂ ਦਾ ਵੀ ਧਿਆਨ

ਰੱਖਣਾ ਜ਼ਰੂਰੀ ਹੈ। ਇਹ ਦੇਖਿਆ ਜਾਂਦਾ ਹੈ ਕਿ 11 ਵਜੇ ਤੋਂ ਬਾਅਦ 'ਗੁ' ਤੇ 'ਨੀ' ਕੋਮਲ ਸੁਰਾਂ ਵਾਲੇ ਰਾਗਾਂ ਦਾ ਵਰਗ ਸ਼ੁਰੂ ਹੋ ਜਾਂਦਾ ਹੈ।

ਇਨ੍ਹਾਂ ਰਾਗਾਂ ਦੀ ਵਿਸ਼ੇਸ਼ਤਾ ਇਹ ਹੈ ਕਿ 'ਰੇ' ਅਤੇ 'ਧ' ਸੁਰ ਸ਼ੁਧ ਹੋਣੇ ਚਾਹੀਦੇ ਹਨ, ਪਰ 'ਗ' ਸੁਰ ਦਾ ਸ਼ੁਧ ਹੋਣਾ ਤਾਂ ਅਤੀ ਜ਼ਰੂਰੀ ਹੈ। ਇਸ ਵਰਗ ਵਿਚ ਬਿਲਾਵਲ, ਖਮਾਜ ਅਤੇ ਕਲਿਆਣ ਥਾਟ ਦੇ ਰਾਗ ਆਉਂਦੇ ਹਨ।

## 'ਗੁ' ਅਤੇ 'ਨੀ' ਕੋਮਲ ਸੁਰਾਂ ਵਾਲੇ ਰਾਗ

'ਰੇ' ਅਤੇ 'ਧ' ਸ਼ੁਧ ਸੁਰਾਂ ਵਾਲੇ ਰਾਗਾਂ ਤੋਂ ਬਾਅਦ 'ਗੁ' ਅਤੇ 'ਨੀ' ਕੋਮਲ ਸੁਰ ਵਾਲੇ ਰਾਗਾਂ ਦਾ ਵਰਗ ਆਉਂਦਾ ਹੈ। ਇਸ ਵਰਗ ਦੇ ਰਾਗਾਂ ਨੂੰ 'ਰੇ', 'ਧ' ਸ਼ੁਧ ਸੁਰਾਂ ਵਾਲੇ ਰਾਗਾਂ ਤੋਂ ਬਾਅਦ ਗਾਇਆ ਜਾਂਦਾ ਹੈ। ਇਨ੍ਹਾਂ ਰਾਗਾਂ ਦਾ ਸਮਾਂ 12 ਵਜੇ ਤੋਂ 4 ਵਜੇ ਤਕ ਮੰਨਿਆ ਜਾਂਦਾ ਹੈ, ਪਰ ਦੂਸਰੇ ਮਤ ਅਨੁਸਾਰ 10 ਵਜੇ ਤੋਂ 4 ਵਜੇ ਤਕ।

ਕਿਉਂਕਿ 'ਰੇ'-'ਧ' ਸ਼ੁਧ ਸੁਰ ਵਾਲੇ ਰਾਗਾਂ ਦਾ ਸਮਾਂ 7 ਵਜੇ ਤੋਂ 10 ਵਜੇ ਤਕ ਹੋਵੇ ਤਾਂ ਜ਼ਰੂਰੀ ਹੈ।

'ਗੁ'-'ਨੀ' ਕੋਮਲ ਸੁਰ ਵਾਲੇ ਰਾਗਾਂ ਦੇ ਗਾਉਣ ਦਾ ਸਮਾਂ 10 ਵਜੇ ਤੋਂ 4 ਵਜੇ ਤਕ ਹੋਵੇਗਾ।

ਇਸ ਵਰਗ ਦੀ ਇਹ ਵਿਸ਼ੇਸ਼ਤਾ ਹੈ ਕਿ ਇਸ ਵਿਚ 'ਗੁ-ਨੀ' ਸੁਰ ਕੋਮਲ ਲੱਗਣੇ ਚਾਹੀਦੇ ਹਨ। ਇਸ ਵਰਗ ਦੇ ਅੰਦਰ ਕਾਫੀ, ਆਸਾਵਰੀ, ਭੈਰਵੀ ਅਤੇ ਤੋੜੀ ਥਾਟ ਦੇ ਰਾਗ ਆਉਂਦੇ ਹਨ। ਕੁਝ ਰਾਗ ਇਸ ਨਿਯਮ ਦੇ ਅਪਵਾਦ ਵੀ ਹਨ; ਜਿਵੇਂ ਰਾਗ ਪਟਦੀਪ। ਇਸ ਵਿਚ 'ਗੁ' ਸੁਰ ਤਾਂ ਜ਼ਰੂਰ ਕੋਮਲ ਹੈ ਪਰ 'ਨੀ' ਸੁਰ ਸ਼ੁਧ ਹੈ। ਪੜਚੋਲ ਕਰਨ ਤੋਂ ਪਤਾ ਲੱਗਦਾ ਹੈ ਕਿ ਇਸ ਵਰਗ ਦੇ ਰਾਗਾਂ ਦੀ ਵਿਸ਼ੇਸ਼ਤਾ ਜੇ ਹੈ ਤਾਂ ਕੋਮਲ ਗੰਧਾਰ ਹੀ ਹੈ। ਪਰ ਇਸ ਅਪਵਾਦ ਕਾਰਣ ਇਹ ਉੱਚਿਤ ਨਹੀਂ ਕਿ ਸਹੀ ਨਿਯਮ ਨੂੰ ਤੋੜਿਆ ਜਾਵੇ।

ਆਧੁਨਿਕ ਸਮੇਂ ਵਿਚ ਨਿਯਮਾਂ ਦਾ ਬਹੁਤ ਉਲੰਘਣ ਹੋ ਰਿਹਾ ਹੈ। ਇਕ ਵਰਗ ਦੇ ਰਾਗਾਂ ਨੂੰ ਦੂਸਰੇ ਵਰਗ ਦੇ ਰਾਗਾਂ ਦੇ ਸਮੇਂ ਵਿਚ ਗਾਇਆ ਵਜਾਇਆ ਜਾਂਦਾ ਹੈ। ਜਿਵੇਂ ਰਾਗ ਆਸਾਵਰੀ, ਤੋੜੀ, ਭੈਰਵੀ ਆਦਿ ਰਾਗ 'ਗੁ'-'ਨੀ' ਕੋਮਲ ਸੁਰ ਵਾਲੇ ਵਰਗ ਦੇ ਰਾਗ ਹਨ ਪਰ ਇਨ੍ਹਾਂ ਨੂੰ ਸਵੇਰੇ ਨੌਂ ਵਜੇ ਤੋਂ ਪਹਿਲਾਂ ਹੀ ਗਾ ਲਿਆ ਜਾਂਦਾ ਹੈ, ਜਦ ਕਿ ਸੰਗੀਤ ਸ਼ਾਸਤਰਕਾਰਾਂ ਦੇ ਵਿਚਾਰ ਅਨੁਸਾਰ ਇਨ੍ਹਾਂ ਰਾਗਾਂ ਨੂੰ 10 ਵਜੇ ਤੋਂ ਬਾਅਦ ਹੀ ਗਾਉਣਾ ਚਾਹੀਦਾ ਹੈ।

ਕੁਝ ਰਾਗ ਤਾਂ ਇਹੋ ਜਿਹੇ ਹਨ ਕਿ ਜਿਨ੍ਹਾਂ ਦਾ ਕੋਈ ਵੀ ਸਮਾਂ ਨਿਯਤ ਨਹੀਂ ਹੈ। ਜਿਸ ਤਰ੍ਹਾਂ ਭੈਰਵੀ, ਪੀਲੂ, ਪਹਾੜੀ ਆਦਿਕ। ਭੈਰਵੀ ਨੂੰ ਤਾਂ ਜਦ ਵੀ ਕਿਸੇ ਦਾ ਜੀਅ ਚਾਹੁੰਦਾ ਹੈ ਉਸ ਵਕਤ ਹੀ ਗਾ ਲੈਂਦੇ ਹਨ ਅਤੇ ਪੀਲੂ ਤੇ ਪਹਾੜੀ ਬਾਰੇ ਵੀ ਇਹੋ ਹੀ ਵਤੀਰਾ ਹੈ। ਇਨ੍ਹਾਂ ਰਾਗਾਂ ਨੂੰ ਤਾਂ ਰਾਤ ਦੇ ਦਸ-ਗਿਆਰਾਂ ਵਜੇ ਤਕ ਵੀ ਗਾਉਂਦੇ ਹਨ। ਇਥੇ ਹੀ ਬਸ ਨਹੀਂ, ਭੈਰਵੀ ਨੂੰ ਤਾਂ ਸਦਾ-ਸੁਹਾਗਣ ਵੀ ਕਹਿੰਦੇ ਹਨ।

# ਅੱਧਵ-ਦਰਸ਼ਕ ਸੁਰ

ਹਿੰਦੁਸਤਾਨੀ ਰਾਗਾਂ ਦੇ ਸਮੇਂ ਨੂੰ ਨਿਰਧਾਰਿਤ ਕਰਨ ਵਿਚ ਅੱਧਵ-ਦਰਸ਼ਕ ਸੁਰ ਦਾ ਮਹੱਤਵਪੂਰਣ ਸਥਾਨ ਹੈ। ਮੱਧਮ ਸੁਰ ਨੂੰ ਅੱਧਵ-ਦਰਸ਼ਕ ਸੁਰ ਕਹਿੰਦੇ ਹਨ, ਕਿਉਂਕਿ ਇਹ ਸੁਰ ਆਪਣੇ ਸ਼ੁਧ ਅਤੇ ਵਿਕਰਤ ਦੋ ਰੂਪਾਂ ਦੇ ਕਾਰਣ ਸਾਰੇ ਰਾਗਾਂ ਨੂੰ ਦੋ ਹਿੱਸਿਆਂ ਵਿਚ ਵੰਡ ਦਿੰਦਾ ਹੈ। 'ਰੇ-ਧੁ' ਕੋਮਲ ਸੁਰ ਵਾਲੇ ਸੰਧੀ-ਪ੍ਰਕਾਸ਼ ਰਾਗਾਂ ਵਿਚ ਜੇ ਸ਼ੁਧ ਮੱਧਮ ਪ੍ਰਬਲ ਹੋਵੇ, ਉਨ੍ਹਾਂ ਨੂੰ ਸਵੇਰ ਅਤੇ ਜਿਨ੍ਹਾਂ ਵਿਚ ਤੀਬਰ ਮੱਧਮ ਪ੍ਰਬਲ ਹੋਵੇ, ਉਨ੍ਹਾਂ ਨੂੰ ਸ਼ਾਮ ਸਮੇਂ ਦਾ ਸਮਝਣਾ ਚਾਹੀਦਾ ਹੈ।

ਰਾਗ ਭੈਰਵ ਵਿਚ 'ਰੇ-ਧੁ' ਸੁਰ ਕੋਮਲ ਅਤੇ 'ਮ' ਸੁਰ ਸ਼ੁਧ ਲੱਗਦਾ ਹੈ, ਇਸ ਲਈ ਇਸ ਰਾਗ ਨੂੰ ਸਵੇਰ ਦਾ ਸੰਧੀ-ਪ੍ਰਕਾਸ਼ ਰਾਗ ਕਹਿੰਦੇ ਹਨ। ਜੇਕਰ ਇਸ ਰਾਗ ਵਿਚ ਸ਼ੁਧ ਮੱਧਮ ਦੀ ਜਗ੍ਹਾ ਤੀਬਰ ਮੱਧਮ ਲਗਾ ਦੇਈਏ ਤਾਂ ਇਹ ਰਾਗ ਪੂਰਵੀ ਬਣ ਜਾਵੇਗਾ ਅਤੇ ਪੂਰਵੀ ਰਾਗ ਸ਼ਾਮ ਦਾ ਸੰਧੀ-ਪ੍ਰਕਾਸ਼. ਰਾਗ ਹੈ।

ਉਪਰਲੀ ਉਦਾਹਰਣ ਤੋਂ ਪਤਾ ਲੱਗਦਾ ਹੈ ਕਿ ਕੇਵਲ ਮੱਧਮ ਸੁਰ ਹੀ ਸਮੇਂ ਨੂੰ ਨਿਯਤ ਕਰਨ ਵਿਚ ਮਾਰਗ ਦਰਸ਼ਕ ਦਾ ਕੰਮ ਕਰਦਾ ਹੈ। ਸਰਲ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਸ਼ੁਧ ਮੱਧਮ ਦਿਨ ਦੀ ਅਤੇ ਤੀਬਰ ਮੱਧਮ ਰਾਤ ਦੀ ਸੂਚਨਾ ਦਿੰਦਾ ਹੈ।

ਸ਼ੁਧ ਤੇ ਤੀਬਰ ਮੱਧਮ ਦੇ ਰੂਪ ਪਰਿਵਰਤਨ ਦਾ ਜੇ ਧਿਆਨ ਰੱਖਿਆ ਜਾਵੇ ਤਾਂ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਸ਼ੁਧ ਮੱਧਮ ਲੱਗਣ ਵਾਲੇ ਸੰਧੀ-ਪ੍ਰਕਾਸ਼ ਰਾਗ ਸਵੇਰ ਵੇਲੇ ਅਤੇ ਤੀਬਰ ਮੱਧਮ ਲੱਗਣ ਵਾਲੇ ਸੰਧੀ-ਪ੍ਰਕਾਸ਼ ਰਾਗ ਸ਼ਾਮ ਵੇਲੇ ਗਾਏ ਜਾਂਦੇ ਹਨ। ਇਸੇ ਪ੍ਰਕਾਰ ਸ਼ੁਧ ਮੱਧਮ ਲੱਗਣ ਵਾਲੇ 'ਰੇ, ਧ' ਸ਼ੁਧ ਅਤੇ 'ਗੁ, ਨੀ' ਕੋਮਲ ਸੁਰ ਵਾਲੇ ਰਾਗ ਦਿਨ ਵਿਚ ਅਤੇ ਤੀਬਰ ਮੱਧਮ ਲੱਗਣ ਵਾਲੇ ਇਨ੍ਹਾਂ ਵਰਗਾਂ ਦੇ ਰਾਗ ਰਾਤ ਨੂੰ ਗਾਏ ਜਾਂਦੇ ਹਨ।

ਹੁਣ ਇਹ ਵਿਚਾਰਨਾ ਚਾਹੀਦਾ ਹੈ ਕਿ ਸ਼ੁਧ ਮੱਧਮ ਦਿਨ ਦਾ ਸੰਕੇਤ ਕਿਸ ਤਰ੍ਹਾਂ ਦਿੰਦਾ ਹੈ ਅਤੇ ਤੀਬਰ ਮੱਧਮ ਰਾਤ ਦੇ ਆਗਮਨ ਦਾ; ਤਾਂ ਇਹ ਵਿਸ਼ਾ ਇਕ ਬਹੁਤ ਰੁਚੀ ਪੂਰਵਕ ਬਣ ਜਾਂਦਾ ਹੈ। ਸਭ ਤੋਂ ਪਹਿਲਾਂ ਰਾਗ ਬਸੰਤ, ਪਰਜ ਆਦਿਕ ਨੂੰ ਦੇਖੋ। ਇਨ੍ਹਾਂ ਰਾਗਾਂ ਦੇ ਗਾਉਣ ਦਾ ਸਮਾਂ ਦਿਨ ਚੜ੍ਹਨ ਤੋਂ ਪਹਿਲਾਂ ਮੰਨਿਆ ਗਿਆ ਹੈ। ਇਨ੍ਹਾਂ ਰਾਗਾਂ ਦੀ ਇਹ ਵਿਸ਼ੇਸ਼ਤਾ ਹੈ ਕਿ ਇਨ੍ਹਾਂ ਵਿਚ ਮੱਧਮ ਤਾਂ ਦੋਨੋਂ ਹੀ ਲੱਗਦੇ ਹਨ, ਪਰ ਤੀਬਰ ਮੱਧਮ ਦੀ ਪ੍ਰਧਾਨਤਾ ਸ਼ੁਧ ਮੱਧਮ ਨਾਲੋਂ ਜ਼ਿਆਦਾ ਹੁੰਦੀ ਹੈ। ਤੀਬਰ ਮੱਧਮ ਦੀ ਪ੍ਰਧਾਨਤਾ ਤੋਂ ਇਹ ਸੰਕੇਤ ਮਿਲਦਾ ਹੈ ਕਿ ਰਾਤ ਅਜੇ ਬਾਕੀ ਹੈ ਅਤੇ ਸ਼ੁਧ ਮੱਧਮ ਦੇ ਥੋੜੇ ਜਿਹੇ ਪ੍ਰਯੋਗ ਤੋਂ ਇਹ ਸੰਕੇਤ ਮਿਲਦਾ ਹੈ ਕਿ ਸੂਰਜ ਚੜ੍ਹਨ ਵਾਲਾ ਹੈ।

ਬਸੰਤ ਤੇ ਪਰਜ ਤੋਂ ਬਾਅਦ ਲਲਿਤ ਰਾਗ ਦਾ ਸਮਾਂ ਹੁੰਦਾ ਹੈ। ਇਸ ਰਾਗ ਵਿਚ ਤੀਬਰ ਮੱਧਮ ਨਾਲੋਂ ਸ਼ੁਧ.ਮੱਧਮ ਪ੍ਰਬਲ ਹੁੰਦਾ ਹੈ ਅਤੇ ਇਥੇ ਸ਼ੁਧ ਮੱਧਮ ਦੀ ਪ੍ਰਬਲਤਾ

ਤੋਂ ਪ੍ਰਤੀਤ ਹੁੰਦਾ ਹੈ ਕਿ ਹੁਣ ਦਿਨ ਚੜ੍ਹ ਚੁੱਕਾ ਹੈ ਅਤੇ ਤੀਬਰ ਮੱਧਮ ਦੇ ਥੋੜੇ ਪ੍ਰਯੋਗ ਤੋਂ ਪਤਾ ਲੱਗਦਾ ਹੈ ਕਿ ਹੁਣੇ ਹੀ ਥੋੜੀ ਦੇਰ ਪਹਿਲਾਂ ਰਾਤ ਦੀ ਸਮਾਪਤੀ ਹੋਈ ਹੈ।

ਜਿਉਂ-ਜਿਉਂ ਦਿਨ ਚੜ੍ਹਦਾ ਜਾਂਦਾ ਹੈ, ਸ਼ੁਧ ਮੱਧਮ ਦਾ ਮਹੱਤਵ ਵਧਦਾ ਜਾਂਦਾ ਹੈ ਅਤੇ ਸ਼ਾਮ ਤਕ ਸ਼ੁਧ ਮੱਧਮ ਦੀ ਪ੍ਰਧਾਨਤਾ ਰਹਿੰਦੀ ਹੈ, ਪਰ ਸ਼ਾਮ ਦੇ ਸੰਧੀ-ਵੇਲਾ ਵਿਚ ਫਿਰ ਤੀਬਰ ਮੱਧਮ ਦਾ ਅਹਿਸਾਸ ਹੋਣ ਲੱਗਦਾ ਹੈ ਅਤੇ ਤੀਬਰ ਮੱਧਮ ਦੇ ਪ੍ਰਕਾਸ਼ ਤੋਂ ਇਸ ਗੱਲ ਦਾ ਸੰਕੇਤ ਮਿਲਦਾ ਹੈ ਕਿ ਸੂਰਜ ਭਗਵਾਨ ਆਪਣੇ ਆਰਾਮ ਸਥਾਨ 'ਤੇ ਜਾ ਰਹੇ ਹਨ ਅਤੇ ਰਾਤ ਪੈ ਜਾਣ ਵਾਲੀ ਹੈ।

ਪੂਰਵੀ ਰਾਗ ਵਿਚ ਦੋਨੋਂ ਮੱਧਮ ਲੱਗਦੇ ਹਨ, ਪਰ ਬਾਅਦ ਵਿਚ ਜਿਉਂ-ਜਿਉਂ ਰਾਤ ਵਧਦੀ ਜਾਂਦੀ ਹੈ, ਤਿਉਂ-ਤਿਉਂ ਹੀ ਤੀਬਰ ਮੱਧਮ ਦੀ ਪ੍ਰਧਾਨਤਾ ਪ੍ਰਬਲ ਹੁੰਦੀ ਹੈ। ਜਿਵੇਂ: ਪੂਰੀਆ, ਪੂਰੀਆ ਧਨਾਸਿਰੀ, ਸ੍ਰੀ, ਮੁਲਤਾਨੀ, ਯਮਨ ਆਦਿਕ।

ਪਰ ਇਹ ਨਿਯਮ ਦੇਖਣੇ ਵਿਚ ਪੂਰਾ ਨਹੀਂ ਉਤਰਦਾ ਕਿਉਂਕਿ ਇਸ ਵਿਚ ਅਨੇਕਾਂ ਰਾਗ ਅਪਵਾਦ ਰੂਪ ਵੀ ਹਨ। ਸੰਧੀ-ਪ੍ਰਕਾਸ਼ ਰਾਗਾਂ ਵਿਚ ਤਾਂ ਇਸ ਨਿਯਮ ਦਾ ਰੂਪ ਕੁਝ ਸਪੱਸ਼ਟ ਦਿਖਾਈ ਦਿੰਦਾ ਹੈ, ਪਰ ਅੱਗੇ ਜਾ ਕੇ ਇਹ ਨਿਯਮ ਸਹੀ ਨਹੀਂ ਲੱਗਦਾ। 'ਰੇ-ਧ' ਸ਼ੁਧ ਸੁਰਾਂ ਵਾਲੇ ਰਾਤ ਦੇ ਰਾਗਾਂ ਵਿਚ ਤਾਂ ਤੀਬਰ ਮੱਧਮ ਲਗਭਗ ਅਲੋਪ ਹੀ ਹੋ ਜਾਂਦਾ ਹੈ ਅਤੇ ਇਸੇ ਪ੍ਰਕਾਰ 'ਗੁ-ਨੀ' ਕੋਮਲ ਸੁਰਾਂ ਵਾਲੇ ਵਰਗ ਦੇ ਰਾਗਾਂ ਵਿਚ ਵੀ ਇਸ ਨਿਯਮ ਦਾ ਪਾਲਣ ਨਹੀਂ ਹੁੰਦਾ। ਜਿਵੇਂ ਰਾਤ ਦੇ ਰਾਗ ਖਮਾਜ, ਬਾਗੇਸ੍ਰੀ, ਰਾਗੇ-ਸ੍ਰੀ, ਮਾਲਕੌਂਸ ਆਦਿਕ ਰਾਗਾਂ ਵਿਚ ਤੀਬਰ ਮੱਧਮ ਪ੍ਰਯੋਗ ਕੀਤਾ ਹੀ ਨਹੀਂ ਜਾਂਦਾ। ਇਸ ਲਈ ਇਸ ਨਿਯਮ ਨੂੰ ਰਾਗਾਂ ਦੇ ਸਮੇਂ ਨੂੰ ਨਿਰਧਾਰਣ ਕਰਨ ਦੇ ਲਈ ਅਟੱਲ ਨਹੀਂ ਕਿਹਾ ਜਾ ਸਕਦਾ। ਇਸ ਵਿਸ਼ੇ ਉੱਤੇ ਕਾਫ਼ੀ ਡੂੰਘੀ ਵਿਚਾਰ ਕਰਨੀ ਪਵੇਗੀ ਅਤੇ ਕੋਈ ਨਾ ਕੋਈ ਟੀਚਾ ਪੂਰਣ ਤੌਰ 'ਤੇ ਲੱਭਣਾ ਪਵੇਗਾ।

ਨੋਟ: ਅਸੀਂ ਇਸ ਬਾਰੇ ਵਿਚਾਰ ਇਸ ਕਿਤਾਬ ਦੇ ਅਗਲੇ ਭਾਗ ਵਿਚ ਦੱਸਾਂਗੇ।

## 'ਪਰਮੇਲ-ਪਰਵੇਸ਼ਕ' ਰਾਗ

ਇਹ ਨਾਮ ਤੋਂ ਹੀ ਸਪੱਸ਼ਟ ਹੁੰਦਾ ਹੈ ਕਿ ਜੋ ਰਾਗ ਇਕ ਥਾਟ ਤੋਂ ਦੂਸਰੇ ਥਾਟ ਵਿਚ ਪ੍ਰਵੇਸ਼ ਕਰਾਉਂਦੇ ਹਨ, ਉਨ੍ਹਾਂ ਨੂੰ 'ਪਰਮੇਲ-ਪਰਵੇਸ਼ਕ' ਰਾਗ ਕਹਿੰਦੇ ਹਨ। ਜਿਵੇਂ: ਰਾਗ ਜੈ ਜੈ ਵੰਤੀ ਪਰਮੇਲ-ਪਰਵੇਸ਼ਕ ਰਾਗ ਹੈ। ਇਸ ਦੇ ਗਾਉਣ ਦਾ ਸਮਾਂ ਰਾਤ ਦੇ ਪਹਿਲੇ ਪਹਿਰ ਦਾ ਅੰਤਮ ਸਮਾਂ ਹੈ। ਇਸ ਤੋਂ ਪਹਿਲਾਂ ਖਮਾਜ ਥਾਟ ਦੇ ਰਾਗਾਂ ਦਾ ਸਮਾਂ ਖ਼ਤਮ ਹੋ ਜਾਂਦਾ ਹੈ ਅਤੇ ਕਾਫੀ ਥਾਟ ਦੇ ਰਾਗਾਂ ਦਾ ਸਮਾਂ ਆਉਣ ਵਾਲਾ ਹੁੰਦਾ ਹੈ ਅਤੇ ਇਹ ਰਾਗ ਖਮਾਜ ਥਾਟ ਤੋਂ ਕਾਫੀ ਥਾਟ ਵਿਚ ਪ੍ਰਵੇਸ਼ ਕਰਾਉਂਦਾ ਹੈ, ਕਿਉਂਕਿ ਇਸ ਵਿਚ ਦੋਨੋਂ ਥਾਟ ਦੇ ਸੁਰ ਹੁੰਦੇ ਹਨ।

ਖਮਾਜ ਥਾਟ ਦੇ ਰਾਗਾਂ ਵਿਚ 'ਰੇ-ਗ' ਸੁਰ ਸ਼ੁਧ ਅਤੇ ਕੋਮਲ ਨਿਸ਼ਾਦ ਦਾ ਪ੍ਰਯੋਗ ਹੁੰਦਾ ਹੈ ਅਤੇ ਕਾਫੀ ਥਾਟ ਦੇ ਰਾਗਾਂ ਵਿਚ 'ਗੁ' ਸੁਰ ਦਾ ਕੋਮਲ ਹੋਣਾ ਜ਼ਰੂਰੀ ਹੈ, ਪਰ ਜ਼ਿਆਦਾਤਰ ਦੋਨੋਂ ਨਿਸ਼ਾਦ ਪ੍ਰਯੋਗ ਕੀਤੇ ਜਾਂਦੇ ਹਨ। ਸੋ ਜੈ ਜੈ ਵੰਤੀ ਰਾਗ ਵਿਚ ਇਹ ਦੋਨੋਂ ਗੁਣ ਹਨ। ਇਸ ਵਿਚ ਬਾਕੀ ਸ਼ੁਧ ਸੁਰਾਂ ਦੇ ਨਾਲ-ਨਾਲ ਦੋਨੋਂ ਗੰਧਾਰ ਅਤੇ ਦੋਨੋਂ ਨਿਸ਼ਾਦ ਪ੍ਰਯੋਗ ਕੀਤੇ ਜਾਂਦੇ ਹਨ। ਇਸ ਲਈ ਜੈ ਜੈ ਵੰਤੀ ਰਾਗ ਨੂੰ 'ਪਰਮੇਲ-ਪਰਵੇਸ਼ਕ' ਰਾਗ ਕਹਿੰਦੇ ਹਨ ਅਤੇ ਮੁਲਤਾਨੀ ਰਾਗ ਵੀ ਇਸੇ ਪ੍ਰਕਾਰ ਦਾ ਹੈ।

## ਪਕੜ

ਰਾਗ ਵਿਚ ਇਕ ਇਹੋ ਜਿਹਾ ਮਹੱਤਵਪੂਰਣ ਸੁਰ ਸਮੁਦਾਇ ਹੁੰਦਾ ਹੈ, ਜਿਸ ਨਾਲ ਉਸ ਰਾਗ ਦੀ ਪਹਿਚਾਨ ਹੁੰਦੀ ਹੈ। ਇਹੋ ਜਿਹੇ ਸੁਰ ਸਮੁਦਾਇ ਨੂੰ 'ਪਕੜ' ਕਹਿੰਦੇ ਹਨ। ਰਾਗ ਦੀ ਪਕੜ ਬਾਰ-ਬਾਰ ਕਹਿ ਕੇ ਰਾਗ ਦਾ ਸਰੂਪ ਸਰੋਤਾਵਾਂ ਦੇ ਸਾਹਮਣੇ ਰੱਖਿਆ ਜਾਂਦਾ ਹੈ।

ਜਿਵੇਂ : ਰਾਗ ਖਮਾਜ ਦੀ ਪਕੜ ਇਸ ਪ੍ਰਕਾਰ ਹੈ :

"ਨੀ ਧ, ਮ ਪ ਧ, ਮ ਗ।"

ਇਸ ਸੁਰ ਸਮੁਦਾਇ ਨੂੰ ਕਹਿਣ ਨਾਲ ਹੀ ਰਾਗ ਖਮਾਜ ਦੀ ਪਹਿਚਾਨ ਹੋ ਜਾਂਦੀ ਹੈ। ਪਕੜ ਸੁਰਾਂ ਨੂੰ ਰਾਗ ਵਿਚ ਬਾਰ-ਬਾਰ ਗਾਇਆ ਜਾਂਦਾ ਹੈ।

## ਵਰਜਿਤ ਸੁਰ

ਜੋ ਸੁਰ ਰਾਗ ਵਿਚ ਪ੍ਰਯੋਗ ਨਹੀਂ ਹੁੰਦੇ, ਉਹ ਰਾਗ ਦੇ ਵਰਜਿਤ ਸੁਰ ਕਹਿਲਾਂਦੇ ਹਨ। ਜਿਵੇਂ ਰਾਗ ਮਾਲਕੌਂਸ ਵਿਚ 'ਰੇ' ਤੇ 'ਪ' ਸੁਰ ਨਹੀਂ ਲੱਗਦੇ। ਇਸ ਲਈ ਮਾਲਕੌਂਸ ਰਾਗ ਵਿਚ 'ਰੇ', 'ਪ' ਸੁਰ ਵਰਜਿਤ ਹੋਏ। ਕਈਆਂ ਰਾਗਾਂ ਵਿਚ ਕੁਝ ਸੁਰ ਇਹੋ ਜਿਹੇ ਵੀ ਹਨ ਜੋ ਆਰੋਹ ਵਿਚ ਤਾਂ ਵਰਜਿਤ ਹਨ ਪਰ ਅਵਰੋਹ ਵਿਚ ਲੱਗਦੇ ਹਨ ਅਤੇ ਕਈਆਂ ਰਾਗਾਂ ਵਿਚ ਆਰੋਹ ਵਿਚ ਤਾਂ ਲੱਗਦੇ ਹਨ ਪਰ ਅਵਰੋਹ ਵਿਚ ਵਰਜਿਤ ਹੁੰਦੇ ਹਨ। ਜਿਵੇਂ ਰਾਗ ਖਮਾਜ ਦੇ ਆਰੋਹ ਵਿਚ 'ਰੇ' ਸੁਰ ਵਰਜਿਤ ਹੈ, ਪਰ ਅਵਰੋਹ ਵਿਚ ਪ੍ਰਯੋਗ ਹੁੰਦਾ ਹੈ। ਇਸੇ ਪ੍ਰਕਾਰ ਰਾਗ ਬਹਾਰ ਦੇ ਆਰੋਹ ਵਿਚ 'ਧ' ਸੁਰ ਪ੍ਰਯੋਗ ਕਰਦੇ ਹਨ ਪਰ ਅਵਰੋਹ ਵਿਚ ਵਰਜਿਤ ਹੈ।

## ਵਕਰ ਸੁਰ

ਰਾਗ ਦੀ ਸੁੰਦਰਤਾ ਵਧਾਉਣ ਲਈ ਰਾਗੀ ਵਕਰ ਸੁਰ ਦਾ ਪ੍ਰਯੋਗ ਕਰਦੇ ਹਨ। ਸੋ ਵਕਰ ਸੁਰ ਤੋਂ ਜਾਣੂ ਹੋਣਾ ਬੜਾ ਜ਼ਰੂਰੀ ਹੈ। ਵਕਰ ਦਾ ਅਰਥ ਹੈ ਟੇਡਾ ਅਰਥਾਤ ਆਰੋਹ ਅਤੇ ਅਵਰੋਹ ਵਿਚ ਸਿੱਧੇ ਨਾ ਜਾਣਾ ਸਗੋਂ ਵਿੰਗੇ ਹੋ ਕੇ ਜਾਣਾ।

ਉਦਾਹਰਣ ਦੇ ਲਈ : 'ਸਾ ਰੇ ਗ ਰੇ ਮ' ਵਿਚ 'ਗ' ਸੁਰ ਵਕਰ ਅਤੇ 'ਪ ਧ ਨੀ ਧ ਸਾਂ' ਵਿਚ 'ਨੀ' ਸੁਰ ਵਕਰ ਹੈ। ਸੋ ਆਰੋਹ ਵਿਚ ਵਕਰ ਸੁਰ ਇਸ ਪ੍ਰਕਾਰ ਲਗਾਉਂਦੇ ਹਨ ਅਤੇ ਅਵਰੋਹ ਵਿਚ ਧੈਵਤ ਦੀ ਅਤੇ ਰਿਸ਼ਭ ਦੀ ਵਕਰਤਾ ਇਸ ਪ੍ਰਕਾਰ ਦਰਸਾਈ ਜਾਂਦੀ ਹੈ। ਜਿਵੇਂ 'ਸਾਂ ਨੀ ਧ ਨੀ ਪ' ਅਤੇ 'ਮਗ ਰੇਗ ਸਾ' ਆਦਿਕ।

# ਆਸ਼ਰਿਅ ਰਾਗ

ਹਰ ਇਕ ਥਾਟ ਤੋਂ ਅਨੇਕਾਂ ਰਾਗਾਂ ਦੀ ਉਤਪਤੀ ਹੁੰਦੀ ਹੈ ਅਤੇ ਹਰ ਇਕ ਰਾਗ ਕਿਸੀ ਨਾ ਕਿਸੀ ਥਾਟ ਤੋਂ ਉਤਪੰਨ ਹੁੰਦਾ ਹੈ। ਇਸੇ ਕਾਰਣ ਥਾਟ ਜਨਕ ਹੁੰਦਾ ਹੈ ਅਤੇ ਰਾਗ ਜਨਯ।

ਇਹ ਇਕ ਪ੍ਰਸਿੱਧ ਨਿਯਮ ਹੈ ਕਿ ਥਾਟ ਦਾ ਨਾਮ ਕਿਸੀ ਪ੍ਰਸਿੱਧ ਉਤਪੰਨ ਹੋਣ ਵਾਲੇ ਰਾਗ ਦੇ ਨਾਉਂ 'ਤੇ ਹੀ ਰੱਖਿਆ ਜਾਂਦਾ ਹੈ। ਇਸ ਲਈ ਥਾਟ ਦਾ ਨਾਮ-ਕਰਣ ਸੁਤੰਤਰ ਨਹੀਂ ਹੁੰਦਾ। ਉਸ ਦਾ ਸੰਬੋਧਨ ਉਸੀ ਤੋਂ ਨਿਕਲੇ ਪ੍ਰਸਿੱਧ ਰਾਗ ਦੇ ਨਾਂ 'ਤੇ ਹੀ ਹੁੰਦਾ ਹੈ। ਜਿਸ ਰਾਗ ਦਾ ਨਾਮ ਥਾਟ ਨੂੰ ਦਿੱਤਾ ਜਾਂਦਾ ਹੈ, ਉਹ 'ਆਸ਼ਰਿਆ ਰਾਗ' ਕਹਿਲਾਂਦਾ ਹੈ।

ਉਦਾਹਰਣ ਨਾਲ ਇਹ ਗੱਲ ਸਪੱਸ਼ਟ ਹੋ ਜਾਵੇਗੀ। ਜਿਵੇਂ 'ਸਾ ਰੇ ਗ ਮ ਪ ਧ ਨੀ', ਇਹ ਇਕ ਸ਼ੁਧ ਥਾਟ ਹੈ ਅਤੇ ਇਸ ਥਾਟ ਤੋਂ ਰਾਗ ਬਿਲਾਵਲ ਦੀ ਉਤਪਤੀ ਹੁੰਦੀ ਹੈ। ਬਿਲਾਵਲ ਇਕ ਪ੍ਰਸਿੱਧ ਰਾਗ ਹੈ। ਉਪਰੋਕਤ ਲਿਖੇ ਸੁਰ ਸਮੂਹ ਨੂੰ ਬਿਲਾਵਲ ਥਾਟ ਦਾ ਨਾਮ ਦਿੱਤਾ ਗਿਆ ਹੈ। ਇਸ ਲਈ ਬਿਲਾਵਲ ਆਸ਼ਰਿਅ ਰਾਗ ਹੋਇਆ।

ਦੂਸਰੇ ਸ਼ਬਦਾਂ ਵਿਚ ਥਾਟ ਵਾਚਕ ਰਾਗ ਹੀ ਆਸ਼ਰਿਅ ਰਾਗ ਕਹਿਲਾਂਦਾ ਹੈ। ਹਿੰਦੁਸਤਾਨੀ ਸੰਗੀਤ ਪੱਧਤੀ ਵਿਚ 10 ਥਾਟ ਪ੍ਰਚਲਿਤ ਹੋਣ ਕਰਕੇ ਆਸ਼ਰਿਅ ਰਾਗ ਵੀ ਕੁਲ ਦਸ ਹੀ ਹੋਏ।

ਆਸ਼ਰਿਅ ਰਾਗ ਵਿਚ ਇਕ ਵੱਡਾ ਗੁਣ ਇਹ ਹੈ ਕਿ ਉਸ ਥਾਟ ਤੋਂ ਉਤਪੰਨ ਹੋਏ ਜਿਤਨੇ ਭੀ ਰਾਗ ਹੁੰਦੇ ਹਨ, ਉਨ੍ਹਾਂ ਸਾਰਿਆਂ ਵਿਚ ਆਸ਼ਰਿਅ ਰਾਗ ਦੀ ਥੋੜੀ ਬਹੁਤ ਛਾਇਆ ਜ਼ਰੂਰ ਆਉਂਦੀ ਹੈ। ਜਿਵੇਂ ਰਾਗ ਕਾਫੀ ਦੀ ਛਾਇਆ ਬਾਗੇ-ਸ੍ਰੀ, ਭੀਮ ਪਲਾਸੀ, ਸਿੰਦੂਰਾ ਆਦਿਕ ਰਾਗਾਂ ਵਿਚ ਕੁਝ ਨਾ ਕੁਝ ਜ਼ਰੂਰ ਪਾਈ ਜਾਂਦੀ ਹੈ।

# ਹਿੰਦੁਸਤਾਨੀ ਸੰਗੀਤ ਪੱਧਤੀ ਦੇ 10 ਥਾਟਾਂ ਦੇ
# ਅਤੇ
# ਉਨ੍ਹਾਂ ਤੋਂ ਉਤਪੰਨ ਹੋਏ 10 ਰਾਗਾਂ ਦੇ ਨਾਮ ਅਤੇ ਸੁਰ

| *ਲੜੀ ਨੰ:* | *ਥਾਟਾਂ ਦੇ ਨਾਮ ਤੇ ਸੁਰ* | *ਰਾਗਾਂ ਦੇ ਨਾਮ ਤੇ ਸੁਰ* |
|---|---|---|
| 1. | ਬਿਲਾਵਲ :<br>ਸਾ ਰੇ ਗ ਮ ਪ ਧ ਨੀ ਸਾਂ। | ਬਿਲਾਵਲ :<br>ਸਾ ਰੇ ਗ ਮ ਪ ਧ ਨੀ ਸਾਂ।<br>ਸਾਂ ਨੀ ਧ ਪ ਮ ਗ ਰੇ ਸਾ। |
| 2. | ਕਲਿਆਣ :<br>ਸਾ ਰੇ ਗ ਮ॑ ਪ ਧ ਨੀ ਸਾਂ। | ਯਮਨ :<br>ਸਾ ਰੇ ਗ ਮ॑ ਪ ਧ ਨੀ ਸਾਂ।<br>ਸਾਂ ਨੀ ਧ ਪ ਮ॑ ਗ ਰੇ ਸਾ। |
| 3. | ਖਮਾਜ :<br>ਸਾ ਰੇ ਗ ਮ ਪ ਧ ਨੀ̱ ਸਾਂ। | ਖਮਾਜ :<br>ਸਾ ਗ ਮ ਪ ਧ ਨੀ ਸਾਂ।<br>ਸਾਂ ਨੀ̱ ਧ ਪ ਮ ਗ ਰੇ ਸਾ। |
| 4. | ਕਾਫੀ :<br>ਸਾ ਰੇ ਗ̱ ਮ ਪ ਧ ਨੀ̱ ਸਾਂ। | ਕਾਫੀ :<br>ਸਾ ਰੇ ਗ̱ ਮ ਪ ਧ ਨੀ̱ ਸਾਂ।<br>ਸਾਂ ਨੀ̱ ਧ ਪ ਮ ਗ̱ ਰੇ ਸਾ। |
| 5. | ਆਸਾਵਰੀ :<br>ਸਾ ਰੇ ਗ̱ ਮ ਪ ਧ̱ ਨੀ̱ ਸਾਂ। | ਆਸਾਵਰੀ :<br>ਸਾ ਰੇ ਮ ਪ ਧ̱ ਸਾਂ।<br>ਸਾਂ ਨੀ̱ ਧ̱ ਪ ਮ ਗ̱ ਰੇ ਸਾ। |
| 6. | ਭੈਰਵੀ :<br>ਸਾ ਰੇ̱ ਗ̱ ਮ ਪ ਧ̱ ਨੀ̱ ਸਾਂ। | ਭੈਰਵੀ :<br>ਸਾ ਰੇ̱ ਗ̱ ਮ ਪ ਧ̱ ਨੀ̱ ਸਾਂ।<br>ਸਾਂ ਨੀ̱ ਧ̱ ਪ ਮ ਗ̱ ਰੇ̱ ਸਾ। |
| 7. | ਭੈਰਵ :<br>ਸਾ ਰੇ̱ ਗ ਮ ਪ ਧ̱ ਨੀ ਸਾਂ। | ਭੈਰਵ :<br>ਸਾ ਰੇ̱ ਗ ਮ ਪ ਧ̱ ਨੀ ਸਾਂ।<br>ਸਾਂ ਨੀ ਧ̱ ਪ ਮ ਗ ਰੇ̱ ਸਾ। |
| 8. | ਪੂਰਵੀ :<br>ਸਾ ਰੇ̱ ਗ ਮ॑ ਪ ਧ̱ ਨੀ ਸਾਂ। | ਪੂਰਵੀ :<br>ਨ਼ੀਸਾ ਰੇ̱ ਗ, ਮ॑ ਪ, ਮ॑ਧ̱ ਨੀ ਸਾਂ।<br>ਸਾਂ,ਰੇ̱ਂ,ਨੀਧ̱ਪ,ਮ॑ਧਗਮਗ,ਰੇ̱ਸਾ। |
| 9. | ਮਾਰਵਾ :<br>ਸਾ ਰੇ̱ ਗ ਮ॑ ਪ ਧ ਨੀ ਸਾਂ। | ਮਾਰਵਾ :<br>ਨ਼ੀ ਰੇ̱, ਗ ਮ॑ ਧ, ਨੀ ਰੇ̱ਂ ਸਾਂ।<br>ਸਾਂ ਨੀ ਧ, ਮ॑ ਗ ਰੇ̱, ਸਾ। |
| 10. | ਤੋੜੀ :<br>ਸਾ ਰੇ̱ ਗ̱ ਮ॑ ਪ ਧ̱ ਨੀ ਸਾਂ। | ਤੋੜੀ :<br>ਸਾ ਰੇ̱ ਗ̱, ਮ॑ ਧ̱ ਪ, ਮ॑ ਧ̱ ਨੀ ਸਾਂ।<br>ਸਾਂ ਨੀ ਧ̱, ਪ, ਮ॑ਗ ਰੇ̱ ਗ̱ ਰੇ̱ ਸਾ। |

*ਨੋਟ :* ਉਪਰੋਕਤ ਲਿਖੇ 10 ਰਾਗ ਹੀ ਆਸ਼ਰਿਅ ਰਾਗ ਹਨ। ਭਾਵੇਂ ਰਾਗ ਦੇ ਨਾਮ 'ਤੇ ਹੀ ਥਾਟ ਦਾ ਨਾਮ ਰੱਖਿਆ ਗਿਆ ਹੈ ਅਤੇ ਥਾਟ ਦੇ ਨਾਮ ਤੋਂ ਹੀ ਰਾਗ ਜਾਣਿਆ ਜਾਂਦਾ ਹੈ ਪਰ ਫਿਰ ਵੀ ਥਾਟ ਹਮੇਸ਼ਾ ਸੰਪੂਰਨ ਹੁੰਦਾ ਹੈ, ਰਾਗ ਭਾਵੇਂ ਸੰਪੂਰਨ ਹੋਵੇ ਜਾਂ ਨਾ। ਕਿਉਂਕਿ ਥਾਟ ਸਿਰਫ਼ ਆਰੋਹ ਤੋਂ ਹੀ ਪਹਿਚਾਨਿਆ ਜਾ ਸਕਦਾ ਹੈ, ਪਰ ਰਾਗ ਵਿਚ ਆਰੋਹ ਅਵਰੋਹ ਦੋਹਾਂ ਦਾ ਹੋਣਾ ਅਤੀ ਜ਼ਰੂਰੀ ਹੈ।

# ਸਥਾਈ ਤੇ ਅੰਤਰਾ ਕਿਸਨੂੰ ਕਹਿੰਦੇ ਹਨ ?

ਕੋਈ ਵੀ ਰਾਗ ਦੀ ਗੀਤ ਜਾਂ ਬੰਦਸ਼ ਤਿਆਰ ਕਰੀਏ, ਵੱਡੀ ਸਥਾਈ ਜਾਂ ਵੱਡੇ ਹਿੱਸੇ ਨੂੰ ਜ਼ਿਆਦਾ ਸੁਰਾਂ ਅਤੇ ਛੋਟੀ ਸਥਾਈ ਜਾਂ ਛੋਟੇ ਹਿੱਸੇ ਨੂੰ ਥੋੜੀਆਂ ਸੁਰਾਂ ਲੱਗਦੀਆਂ ਹਨ। ਹਰ ਚੀਜ਼ ਜਾਂ ਬੰਦਸ਼ ਦੇ ਪਹਿਲੇ ਹਿੱਸੇ ਨੂੰ ਸਥਾਈ ਅਤੇ ਦੂਸਰੇ ਹਿੱਸੇ ਨੂੰ ਅੰਤਰਾ ਕਹਿੰਦੇ ਹਨ। ਸਾਧਾਰਣ ਤੌਰ 'ਤੇ ਸਭ ਗੀਤਾਂ ਤੇ ਗਤਾਂ ਵਿਚ ਸਥਾਈ ਤੇ ਅੰਤਰਾ ਦੋ ਭਾਗ ਹੀ ਹੁੰਦੇ ਹਨ, ਪਰ ਧ੍ਰੁਪਦ ਗਾਇਨ ਵਿਚ ਆਮ ਕਰਕੇ ਚਾਰ ਭਾਗ ਹੁੰਦੇ ਹਨ ਜਿਨ੍ਹਾਂ ਨੂੰ ਸਥਾਈ, ਅੰਤਰਾ, ਸੰਚਾਰੀ ਅਤੇ ਅਭੋਗ ਕਹਿੰਦੇ ਹਨ।

ਸਥਾਈ ਵੱਡੀ ਵੀ ਹੋ ਸ਼ਕਦੀ ਹੈ ਅਤੇ ਛੋਟੀ ਵੀ, ਤਾਲ ਭਾਵੇਂ ਕੋਈ ਹੋਵੇ। ਜਿਵੇਂ ਕਹਿਰਵਾ ਚਾਰ ਮਾਤਰੇ ਦਾ, ਦਾਦਰਾ ਛੇ ਮਾਤਰੇ ਦਾ ਅਤੇ ਤਿੰਨ ਤਾਲ ਸੋਲ੍ਹਾਂ ਮਾਤਰਿਆਂ ਦਾ ਚੱਕਰ ਹੁੰਦਾ ਹੈ। ਸੋ ਗੁਣੀ ਜਨ ਇਕ ਆਵਰਤਨ ਜਾਂ ਦੋ ਆਵਰਤਨਾਂ ਦੀ ਸਥਾਈ ਬਣਾ ਲੈਂਦੇ ਹਨ। ਇਹ ਬੰਦਸ਼ ਅਤੇ ਗੀਤ ਦੇ ਬੋਲਾਂ ਅਨੁਸਾਰ ਹੀ ਹੁੰਦਾ ਹੈ।

## ਆਲਾਪ

ਕਿਸੇ ਰਾਗ ਦੇ ਸੁਰਾਂ ਦਾ ਉਸ ਦੇ ਵਾਦੀ, ਸੰਵਾਦੀ ਅਤੇ ਵਿਸ਼ੇਸ਼ ਸੁਰਾਂ ਨੂੰ ਦਿਖਾਉਂਦੇ ਹੋਏ ਵਿਸਥਾਰ ਕਰਨਾ ਅਤੇ ਨਾਲ ਹੀ ਉਸ ਨੂੰ ਵਰਣ, ਗਮਕ, ਅਲੰਕਾਰ ਆਦਿਕ ਨਾਲ ਸਜਾਉਣ ਨੂੰ ਅਲਾਪ ਕਹਿੰਦੇ ਹਨ। ਰਾਗ ਦਾ ਸਰੂਪ ਸਪੱਸ਼ਟ ਕਰਨ ਲਈ ਉਸ ਦੇ ਸੁਰਾਂ ਨੂੰ ਸਜਾ-ਸਜਾ ਕੇ ਧੀਮੀ ਲੈਅ ਵਿਚ ਉਸ ਦਾ ਆਲਾਪ ਕਰਦੇ ਹਨ। ਆਲਾਪ ਦੁਆਰਾ ਗਾਇਕ ਰਾਗ ਦੇ ਵਿਸ਼ੇਸ਼ ਸੁਰਾਂ ਨਾਲ ਰਾਗ ਦਾ ਸਰੂਪ ਸਰੋਤਾਵਾਂ ਦੇ ਸਨਮੁਖ ਪ੍ਰਗਟ ਕਰਦਾ ਹੈ ਅਤੇ ਆਪਣੇ ਦਿਲ ਦੀਆਂ ਭਾਵਨਾਵਾਂ ਨੂੰ ਰਾਗ ਦੇ ਸੁਰਾਂ ਦੁਆਰਾ ਦੂਸਰਿਆਂ ਤਕ ਪਹੁੰਚਾਂਦਾ ਹੈ। ਇਹ ਸਪੱਸ਼ਟ ਹੈ ਕਿ ਆਲਾਪ ਭਾਵ ਪ੍ਰਧਾਨ ਹੁੰਦੇ ਹਨ।

ਪ੍ਰਾਚੀਨ ਸਮੇਂ ਵਿਚ ਆਲਾਪ ਕਰਨ ਦੇ ਕਈ ਪ੍ਰਕਾਰ ਪ੍ਰਚਲਿਤ ਸਨ, ਜੋ ਕਿ ਰਾਗਾਲਾਪ, ਰੂਪਕਾ-ਲਾਪ, ਆਲਾਪਿਤ-ਗਾਨ ਆਦਿਕ ਨਾਵਾਂ ਨਾਲ ਸੰਬੋਧਨ ਕੀਤੇ ਜਾਂਦੇ ਸਨ।

ਆਧੁਨਿਕ ਸਮੇਂ ਵਿਚ ਗੀਤ ਤੋਂ ਪਹਿਲਾਂ ਆਲਾਪ ਗਾਇਨ ਦਾ ਕਾਫ਼ੀ ਮਹੱਤਵ ਹੈ। ਆਲਾਪ ਗਾਇਨ ਨੂੰ ਦੋ ਪ੍ਰਕਾਰ ਨਾਲ ਗਾਇਨ ਕੀਤਾ ਜਾਂਦਾ ਹੈ। ਇਕ ਤਾਂ ਗੀਤ ਆਰੰਭ ਕਰਨ ਤੋਂ ਪਹਿਲਾਂ ਜੋ ਕਿ ਤਾਲ ਰਹਿਤ ਹੁੰਦਾ ਹੈ ਅਤੇ ਜਿਸ ਨੂੰ ਗਾਇਕ 'ਨੋਮ, ਤੋਮ, ਤਾ, ਨਾ, ਰੀ, ਤਾਨਾ ਨਾ ਤਾਨਾ' ਆਦਿਕ ਸ਼ਬਦਾਂ ਦੁਆਰਾ ਜਾਂ ਆਕਾਰ ਵਿਚ ਗਾਉਂਦਾ ਹੈ ਅਤੇ ਦੂਸਰਾ ਗੀਤ ਦੇ ਨਾਲ ਤਾਲ ਵਿਚ ਬੰਨ੍ਹਿਆ ਹੋਇਆ ਹੋਇਆ ਹੁੰਦਾ ਹੈ, ਜਿਸ ਨੂੰ ਗਾਇਕ ਆਕਾਰ ਵਿਚ ਜਾਂ ਗੀਤ ਦੇ ਬੋਲਾਂ ਨਾਲ ਬੋਲ-ਤਾਨ ਬਣਾ ਕੇ ਗਾਉਂਦਾ ਹੈ। ਇਸ ਆਲਾਪ ਨੂੰ ਅਸੀਂ ਚਾਰ ਹਿੱਸਿਆਂ ਵਿਚ ਵੰਡ ਸਕਦੇ ਹਾਂ। ਜਿਵੇਂ : (1) ਸਥਾਈ, (2) ਅੰਤਰਾ, (3) ਸੰਚਾਰੀ, (4) ਅਭੋਗ।

### 1. ਸਥਾਈ

ਇਸ ਹਿੱਸੇ ਵਿਚ ਗਾਇਕ ਆਪਣੇ ਸੁਰ ਦੁਆਰਾ ਮੱਧ ਸਪਤਕ ਦੇ ਸ਼ੜਜ ਤੋਂ ਰਾਗ ਦਾ ਆਲਾਪ ਆਰੰਭ ਕਰਦਾ ਹੈ ਅਤੇ ਇਕ-ਇਕ ਸੁਰ ਨੂੰ ਵਿਸਥਾਰ ਕਰਦਾ ਹੋਇਆ ਮੰਦਰ ਅਤੇ ਮੱਧ ਸਪਤਕ ਵਿਚਕਾਰ ਇਸ ਦੇ ਸਰੂਪ ਦਾ ਪ੍ਰਗਟਾਵਾ ਕਰਦਾ ਹੈ। ਤਕਰੀਬਨ ਮੱਧ ਸਪਤਕ ਦੇ ਮੱਧਮ ਜਾਂ ਪੰਚਮ ਸੁਰ ਤਕ ਹੀ ਇਸ ਦਾ ਵਿਸਥਾਰ ਕਰਦਾ ਹੈ। ਆਲਾਪ ਦੇ ਇਸ ਹਿੱਸੇ ਨੂੰ ਗਾਇਕ ਵਿਲੰਬਿਤ ਵਿਚ ਮੀਂਡ, ਗਮਕ, ਮੁਰਕੀ, ਅੰਦੋਲਨ, ਫੰਦਾ, ਗਿਟਕਰੀ, ਖਟਕੇ ਆਦਿਕ ਨਾਲ ਸਜਾਉਂਦਾ ਹੋਇਆ ਪ੍ਰਸਤੁਤ ਕਰਦਾ ਹੈ। ਇਸ ਦੇ ਵਿਚਕਾਰ ਕਦੀ-ਕਦੀ ਆਲਾਪ ਦਾ ਸਮ ਵੀ ਦਿਖਾਉਂਦਾ ਹੈ।

### 2. ਅੰਤਰਾ

ਅੰਤਰੇ ਦੇ ਆਲਾਪ ਦੇ ਹਿੱਸੇ ਨੂੰ ਤਕਰੀਬਨ ਮੱਧ ਸਪਤਕ ਦੇ ਗੰਧਾਰ, ਮੱਧਮ ਜਾਂ ਪੰਚਮ ਸੁਰ ਤੋਂ ਆਰੰਭ ਕਰਦੇ ਹਨ। ਇਸ ਦਾ ਵਿਸਥਾਰ ਜ਼ਿਆਦਾਤਰ ਮੱਧ ਸਪਤਕ ਦੇ ਨਿਸ਼ਾਦ ਜਾਂ ਤਾਰ ਸਪਤਕ ਦੇ ਸ਼ੜਜ ਤੱਕ ਹੀ ਹੁੰਦਾ ਹੈ। ਇਸ ਹਿੱਸੇ ਨੂੰ ਵੀ ਵਿਲੰਬਿਤ ਲੈਅ ਵਿਚ ਮੀਂਡ, ਅੰਦੋਲਨ, ਖਟਕਾ, ਮੁਰਕੀ ਆਦਿਕ ਨਾਲ ਸਜਾ ਕੇ ਪ੍ਰਸਤੁਤ ਕੀਤਾ ਜਾਂਦਾ ਹੈ। ਕਦੀ-ਕਦੀ ਆਲਾਪ ਦਾ ਸਮ ਵੀ ਦਿਖਾਇਆ ਜਾਂਦਾ ਹੈ।

### 3. ਸੰਚਾਰੀ

ਇਸ ਹਿੱਸੇ ਵਿਚ ਮੱਧ ਤੇ ਤਾਰ ਸਪਤਕ ਦੇ ਸੁਰਾਂ ਦਾ ਸੁਮੇਲ ਕੀਤਾ ਜਾਂਦਾ ਹੈ। ਗਾਇਕ ਇਸ ਦੇ ਅਲਾਪ ਸਮੇਂ ਥੋੜੀ ਜਿਹੀ ਲੈ ਨੂੰ ਤੇਜ਼ ਕਰ ਦਿੰਦੇ ਹਨ। ਮੀਂਡ, ਗਮਕ, ਅੰਦੋਲਨ, ਮੁਰਕੀ, ਛੋਟੀਆਂ-ਛੋਟੀਆਂ ਤਾਨਾਂ ਆਦਿਕ ਦਾ ਪ੍ਰਯੋਗ ਕਰਦਾ ਹੈ ਅਤੇ ਇਸ ਦੇ ਵਿਚ-ਵਿਚ ਕਦੀ ਆਲਾਪ ਦਾ ਸਮ ਵੀ ਦਿਖਾ ਦਿੰਦਾ ਹੈ।

### 4. ਅਭੋਗ

ਆਲਾਪ ਦੇ ਆਖ਼ਰੀ ਹਿੱਸੇ ਨੂੰ ਅਭੋਗ ਕਹਿੰਦੇ ਹਨ। ਇਸ ਹਿੱਸੇ ਨੂੰ ਵੱਧ ਤੋਂ ਵੱਧ ਸੁੰਦਰ ਬਣਾ ਕੇ ਗਾਇਕ ਸ੍ਰੋਤਾਗਣਾਂ ਨੂੰ ਆਪਣੀ ਗਾਇਕੀ ਦੁਆਰਾ ਪ੍ਰੇਰਨਾ ਦੇ ਕੇ ਆਪਣੇ ਸੰਗੀਤ ਵੱਲ ਖਿੱਚ ਲੈਂਦਾ ਹੈ। ਇਸ ਵਿਚ ਤਾਰ ਸਪਤਕ ਦੇ ਸੁਰਾਂ ਦਾ ਜਿਥੋਂ ਤਕ ਸੰਭਵ ਹੋ ਸਕਦਾ ਹੈ ਉਥੋਂ ਤਕ ਪ੍ਰਯੋਗ ਕਰਦੇ ਹਨ, ਅਤੇ ਵਿਚ-ਵਿਚ ਆਲਾਪ ਦੀ ਲੈ ਦ੍ਰੁਤ ਕਰ ਦਿੱਤੀ ਜਾਂਦੀ ਹੈ, ਜਿਸ ਵਿਚ ਗਮਕ ਦਾ ਪ੍ਰਯੋਗ ਬਹੁਤ ਸੁੰਦਰ ਲੱਗਦਾ ਹੈ। ਗਾਇਕ ਤਾ, ਨਾ, ਨਾ ਨਾ, ਨੂਮ, ਤਾ ਨਾ ਨਾ ਨਾ ਆਦਿਕ ਸ਼ਬਦਾਂ ਦੁਆਰਾ ਅਨੇਕ ਪ੍ਰਕਾਰ ਦੀਆਂ ਲੈਅ-ਕਾਰੀਆਂ ਅਤੇ ਛੋਟੀਆਂ-ਛੋਟੀਆਂ ਤਾਨਾਂ ਪੇਸ਼ ਕਰਦਾ ਹੈ। ਅੰਤ ਵਿਚ ਤਾਰ ਸਪਤਕ ਦੀਆਂ ਸੁਰਾਂ ਨੂੰ ਦਿਖਾਉਂਦਾ ਹੋਇਆ ਮੱਧ ਸਪਤਕ ਦੇ ਸੁਰਾਂ ਦੇ ਸਰੂਪ ਨੂੰ ਸੁੰਦਰਤਾ ਨਾਲ ਪ੍ਰਗਟਾਵਾ ਕਰ ਕੇ ਦ੍ਰੁਤ ਲੈਅ ਦੁਆਰਾ ਮੱਧ ਸਪਤਕ ਦੇ ਸ਼ੜਜ 'ਤੇ ਆ ਕੇ ਰੀਤਾ, ਨਾਤਾ, ਨਾਨਾ, ਤਾਨਾ, ऽਤਾ, ਨਾऽ, ਤ੍ਰਾਨਾ, ਨਾਨਾऽ X, ਕਹਿ ਕੇ ਗੁਰ 'ਤੇ ਸਮਾਪਤੀ ਕਰ ਦਿੰਦਾ ਹੈ।

## ਮੰਦਰ ਤੇ ਤਾਰ

ਮੱਧ ਸਪਤਕ ਦੇ ਸ਼ੜਜ ਤੋਂ ਲੈ ਕੇ ਨਿਸ਼ਾਦ ਸੁਰ ਤਕ ਸੱਤ ਸੁਰ ਸਪਤਕ ਅਖਵਾਉਂਦੇ

ਹਨ। ਅਗਰ ਨਿਸ਼ਾਦ ਸੁਰ ਤੋਂ ਬਾਅਦ ਤਾਰ ਸਪਤਕ ਦਾ ਸ਼ੜਜ ਨਾ ਲਗਾਇਆ ਜਾਵੇ ਤਾਂ ਕਿਸੇ ਵੀ ਰਾਗ ਦਾ ਸਰੂਪ ਨਹੀਂ ਬਣਦਾ ਅਤੇ ਅੰਤਰੇ ਵਿਚ ਵੀ ਸਹਾਇਤਾ ਨਹੀਂ ਮਿਲਦੀ ਅਤੇ ਰਾਗ ਦੀ ਪੱਗ ਨਹੀਂ ਬਝਦੀ, ਨਾ ਹੀ ਰਾਗ ਦਾ ਅਸਲ ਸਰੂਪ ਬਣਦਾ ਹੈ।

ਹਰ ਇਕ ਚੀਜ਼ ਜਾਂ ਆਲਾਪ ਲਈ ਤਾਰ ਸਪਤਕ ਦੇ ਸ਼ੜਜ ਦਾ ਲੱਗਣਾ ਬੜਾ ਜ਼ਰੂਰੀ ਹੈ। ਸਿੱਧੇ ਤਾਰ ਸ਼ੜਜ ਨੂੰ ਛੂਹ ਕੇ ਉਤਰ ਜਾਣਾ ਜਾਂ ਲਗਾ ਕੇ ਨੀਚੇ ਆ ਜਾਣ ਨਾਲ ਵੀ ਗੱਲ ਨਹੀਂ ਬਣਦੀ, ਕਿਉਂਕਿ ਜਦ ਮੁਰਕੀ ਜਾਂ ਇਰਾਦਾ ਲਗਾਉਣਾ ਹੋਵੇ ਤਾਂ ਤਾਰ ਸਪਤਕ ਦੇ ਸ਼ੜਜ ਨਾਲ ਉਹ ਸੁਰ ਵੀ ਲਗਾਉਣੇ ਪੈਂਦੇ ਹਨ, ਜਿਹੜੇ ਸੁਰ ਰਾਗ ਵਿਚ ਲੱਗਦੇ ਹੋਣ।

ਸਿੱਧਾ ਤਾਰ ਸ਼ੜਜ ਲਗਾ ਕੇ ਆ ਜਾਣਾ ਹੋਵੇ ਤਾਂ ਕੋਈ ਗੱਲ ਨਹੀਂ, ਜੇਕਰ ਤਾਰ ਸ਼ੜਜ 'ਤੇ ਖਲੋ ਕੇ ਰਾਗ ਦਾ ਵਿਸਥਾਰ ਕਰਨਾ ਹੋਵੇ ਤਾਂ ਸੁਤੇ-ਸਿੱਧ ਹੀ ਕੋਈ ਨਾ ਕੋਈ ਸੁਰ ਲੱਗ ਜਾਂਦਾ ਹੈ।

ਇਸ ਲਈ ਆਰੋਹ ਅਤੇ ਅਵਰੋਹ ਲੱਗਣ ਵਾਲੇ ਸੁਰਾਂ ਦਾ ਖ਼ਿਆਲ ਰੱਖ ਕੇ ਹੀ ਰਿਸ਼ਭ, ਗੰਧਾਰ ਅਤੇ ਮੱਧਮ ਰਾਹੀਂ ਰਾਗ ਦਾ ਵਿਸਥਾਰ ਕਰ ਸਕਦੇ ਹਾਂ। ਬਗ਼ੈਰ ਰਾਗਾਂ ਦੇ ਚੱਲਣ ਤੋਂ ਤਾਰ ਸ਼ੜਜ ਰਾਹੀਂ ਰਾਗ ਦਾ ਵਿਸਥਾਰ ਨਹੀਂ ਕਰ ਸਕਦੇ। ਜੇ ਵਿਸਥਾਰ ਕਰਨਾ ਹੋਵੇ ਤਾਂ ਹਰ ਹਾਲਤ ਵਿਚ ਸਾਨੂੰ ਤਾਰ ਸਪਤਕ ਦੇ ਸ਼ੜਜ ਨਾਲ ਰਿਸ਼ਭ, ਗੰਧਾਰ ਜਾਂ ਮੱਧਮ ਲਗਾਉਣਾ ਪਵੇਗਾ।

ਇਸੇ ਤਰ੍ਹਾਂ ਜਿਥੇ ਰਾਗ ਲਈ ਤਾਰ ਸਪਤਕ ਦੇ ਸੁਰਾਂ ਦਾ ਹੋਣਾ ਜ਼ਰੂਰੀ ਹੈ, ਉਥੇ ਮੰਦਰ ਸਪਤਕ ਦੇ ਸੁਰ ਵੀ ਜ਼ਰੂਰੀ ਲੋੜੀਂਦੇ ਹਨ। ਜਿਵੇਂ ਪੂਰੀਆ ਤੇ ਦਰਬਾਰੀ ਆਦਿਕ ਮੱਧ ਸਪਤਕ ਦੇ ਸ਼ੜਜ ਤੋਂ ਨੀਚੇ ਮੰਦਰ ਸਪਤਕ ਦੇ 'ਮੱਧਮ' ਤਕ ਸੁਰ ਲਗਾਉਣ ਨਾਲ ਹੀ ਰਾਗ ਬਣਦੇ ਹਨ।

ਸੰਗੀਤ ਅੰਦਰ ਬਹੁ-ਗਿਣਤੀ ਇਹੋ ਜਿਹੇ ਰਾਗਾਂ ਦੀ ਹੈ, ਜਿਨ੍ਹਾਂ ਦਾ ਚਲਨ ਮੰਦਰ ਸਪਤਕ ਦੇ ਸੁਰਾਂ ਵਿਚ ਹੀ ਹੁੰਦਾ ਹੈ। ਇਸ ਕਰਕੇ ਮੰਦਰ ਸਪਤਕ ਨੂੰ ਸਮਝ ਲੈਣਾ ਅਤੀ ਜ਼ਰੂਰੀ ਹੈ।

ਰਾਗ ਵਿਚ ਮੰਦਰ ਸਪਤਕ ਦਾ 'ਚਲਨ' ਉਸੀ ਪ੍ਰਕਾਰ ਹੁੰਦਾ ਹੈ ਜਿਸ ਪ੍ਰਕਾਰ ਮੱਧ ਸਪਤਕ ਵਿਚ।

ਮੱਧ ਸਪਤਕ ਤੋਂ ਉਪਰਲੀਆਂ ਸੁਰਾਂ ਦੇ ਪ੍ਰਯੋਗ ਨੂੰ ਤਾਰ ਅਤੇ ਮੱਧ ਸਪਤਕ ਤੋਂ ਹੇਠਲੀਆਂ ਸੁਰਾਂ ਦੇ ਪ੍ਰਯੋਗ ਨੂੰ ਮੰਦਰ ਸਪਤਕ ਕਹਿੰਦੇ ਹਨ।

# ਜਾਤੀਆਂ ਤੇ ਉਪ-ਜਾਤੀਆਂ

ਰਾਗ ਵਿਚ ਘੱਟ ਤੋਂ ਘੱਟ ਪੰਜ ਸੁਰ ਅਤੇ ਵੱਧ ਤੋਂ ਵੱਧ ਸੱਤ ਸੁਰ ਹੁੰਦੇ ਹਨ, ਕਿਉਂਕਿ ਸੁਰ ਕੁਲ ਸੱਤ ਹੀ ਹਨ। 'ਸਾ, ਰੇ, ਗ, ਮ, ਪ, ਧ, ਨੀ' ਅਤੇ 'ਨੀ' ਸੁਰ ਤੋਂ ਬਾਅਦ ਫਿਰ 'ਸਾਂ' ਲੱਗਦਾ ਹੈ ਜੋ ਕਿ ਅੱਠਵਾਂ ਸੁਰ ਬਣਦਾ ਹੈ, ਪਰ ਇਸ ਦਾ ਸਰੂਪ ਪਹਿਲੇ 'ਸਾ' ਵਰਗਾ ਹੀ ਹੁੰਦਾ ਹੈ। ਸਿਰਫ਼ ਫ਼ਰਕ ਇਤਨਾ ਹੀ ਹੁੰਦਾ ਹੈ ਕਿ ਉਸ ਦੀ ਆਵਾਜ਼ ਦੁੱਗਣੀ ਉੱਚੀ ਹੋ ਜਾਂਦੀ ਹੈ। ਇਸ ਕਰਕੇ ਇਕ ਰਾਗ ਵਿਚ ਸੱਤ ਸੁਰਾਂ ਤੋਂ ਵੱਧ ਸੁਰ ਨਹੀਂ ਹੋ ਸਕਦੇ।

ਇਸੇ ਤਰ੍ਹਾਂ ਰਾਗ ਵਿਚ ਘੱਟ ਤੋਂ ਘੱਟ ਪੰਜ ਸੁਰ ਹੀ ਹੋ ਸਕਦੇ ਹਨ, ਕਿਉਂਕਿ ਚਾਰ ਸੁਰਾਂ ਵਾਲਾ ਤਾਂ ਰਾਗ ਮੰਨਿਆ ਹੀ ਨਹੀਂ ਜਾਂਦਾ। ਚਾਰ ਸੁਰਾਂ ਵਾਲੀ ਸਰਗਮ ਨੂੰ ਤਾਂ ਤਾਨ ਜਾਂ ਇਰਾਦਾ ਕਹਿ ਸਕਦੇ ਹਾਂ ਪਰ ਰਾਗ ਨਹੀਂ।

ਸ਼ਾਸਤਰੀ ਰਾਗਾਂ ਨੂੰ ਨਿਯਮਾਂ ਦੇ ਅਨੁਸਾਰ ਮੁੱਖ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ ਹੈ। ਇਨ੍ਹਾਂ ਹਿੱਸਿਆਂ ਨੂੰ ਜਾਤੀਆਂ ਕਹਿੰਦੇ ਹਨ, ਜਿਨ੍ਹਾਂ ਨੂੰ ਸੰਪੂਰਨ, ਛਾੜਵ ਤੇ ਔੜਵ ਦੇ ਨਾਵਾਂ ਨਾਲ ਸੰਬੋਧਨ ਕਰਦੇ ਹਨ।

ਸੱਤ ਸੁਰਾਂ ਵਾਲੇ ਰਾਗ ਨੂੰ ਸੰਪੂਰਨ, ਛੇ ਸੁਰਾਂ ਵਾਲੇ ਰਾਗ ਨੂੰ ਛਾੜਵ ਅਤੇ ਪੰਜ ਸੁਰਾਂ ਵਾਲੇ ਰਾਗ ਨੂੰ ਔੜਵ ਜਾਤੀ ਦਾ ਰਾਗ ਕਹਿੰਦੇ ਹਨ।

ਮੁੱਖ ਜਾਤੀਆਂ ਤਾਂ ਤਿੰਨ ਹੀ ਹਨ। ਪਰ ਰਾਗ ਦੇ ਨਿਯਮਾਂ ਨੂੰ ਦੇਖਦੇ ਹੋਏ ਕਿ ਕਿਸੇ ਰਾਗ ਦਾ ਆਰੋਹ ਸੰਪੂਰਨ ਹੈ ਪਰ ਅਵਰੋਹ ਔੜਵ ਜਾਂ ਛਾੜਵ ਹੁੰਦਾ ਹੈ। ਇਸੇ ਤਰ੍ਹਾਂ ਜੇ ਆਰੋਹ ਔੜਵ ਜਾਂ ਛਾੜਵ ਹੈ ਪਰ ਅਵਰੋਹ ਸੰਪੂਰਨ ਹੈ। ਇਸ ਲਈ ਹਰ ਇਕ ਜਾਤੀ ਤੋਂ ਤਿੰਨ-ਤਿੰਨ ਜਾਤੀਆਂ ਹੋਰ ਪੈਦਾ ਹੁੰਦੀਆਂ ਹਨ, ਜਿਨ੍ਹਾਂ ਦਾ ਨਾਮ ਉਪ-ਜਾਤੀਆਂ ਰੱਖਿਆ ਗਿਆ ਹੈ; ਕੁਲ ਨੌਂ ਉਪ-ਜਾਤੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

| | | | |
|---|---|---|---|
| **ਜਾਤੀ :** | | 1. ਸੰਪੂਰਨ | |
| **ਉਪ-ਜਾਤੀਆਂ :** | ਸੰਪੂਰਨ-ਸੰਪੂਰਨ | ਸੰਪੂਰਨ-ਛਾੜਵ | ਸੰਪੂਰਨ-ਔੜਵ |
| **ਜਾਤੀ :** | | 2. ਛਾੜਵ | |
| **ਉਪ-ਜਾਤੀਆਂ :** | ਛਾੜਵ-ਸੰਪੂਰਨ | ਛਾੜਵ-ਛਾੜਵ | ਛਾੜਵ-ਔੜਵ |
| **ਜਾਤੀ :** | | 3. ਔੜਵ | |
| **ਉਪ-ਜਾਤੀਆਂ :** | ਔੜਵ-ਸੰਪੂਰਨ | ਔੜਵ-ਛਾੜਵ | ਔੜਵ-ਔੜਵ |

**1. ਸੰਪੂਰਨ-ਸੰਪੂਰਨ :** ਜਿਸ ਰਾਗ ਦੇ ਆਰੋਹ-ਅਵਰੋਹ ਦੋਹਾਂ ਵਿਚ ਸੱਤ ਸੱਤ ਸੁਰ ਹਨ। ਜਿਵੇਂ ਰਾਗ ਬਿਲਾਵਲ।

**ਆਰੋਹ :** ਸਾ ਰੇ ਗ ਮ ਪ ਧ ਨੀ ਸਾਂ।

**ਅਵਰੋਹ :** ਸਾਂ ਨੀ ਧ ਪ ਮ ਗ ਰੇ ਸਾ।

**2. ਸੰਪੂਰਨ-ਛਾੜਵ :** ਜਿਸ ਰਾਗ ਦੇ ਆਰੋਹ ਵਿਚ ਸੱਤ ਅਤੇ ਅਵਰੋਹ ਵਿਚ ਛੇ ਸੁਰ ਲੱਗਦੇ ਹੋਣ। ਜਿਵੇਂ ਖੰਭਾਵੰਤੀ।

**ਆਰੋਹ :** ਸਾ ਰੇ ਗ ਮ ਪ ਨੀ ਧ ਸਾਂ।

**ਅਵਰੋਹ :** ਸਾਂ ਨੁੀ ਧ ਪ ਮ ਗ ਮ ਸਾ।

**3. ਸੰਪੂਰਨ-ਔੜਵ :** ਜਿਸ ਰਾਗ ਦੇ ਆਰੋਹ ਵਿਚ ਸੱਤ ਅਤੇ ਅਵਰੋਹ ਵਿਚ ਪੰਜ ਸੁਰ ਲੱਗਦੇ ਹੋਣ। ਜਿਵੇਂ ਰਾਗ ਨਟ।

**ਆਰੋਹ :** ਸਾ ਰੇ ਗ ਮ ਪ ਧ ਨੀ ਸਾਂ।

**ਅਵਰੋਹ :** ਸਾਂ ਨੀ ਪ ਮ ਰੇ ਸਾ।

**4. ਛਾੜਵ-ਸੰਪੂਰਨ :** ਜਿਸ ਰਾਗ ਦੇ ਆਰੋਹ ਵਿਚ ਛੇ ਅਤੇ ਅਵਰੋਹ ਵਿਚ ਸੱਤ ਸੁਰ ਲੱਗਦੇ ਹੋਣ। ਜਿਵੇਂ ਰਾਗ ਖਮਾਜ।

**ਆਰੋਹ :** ਸਾ ਗ ਮ ਪ ਧ ਨੀ ਸਾਂ।

**ਅਵਰੋਹ :** ਸਾ ਨੁੀ ਧ ਪ ਮ ਗ ਰੇ ਸਾ।

**5. ਛਾੜਵ-ਛਾੜਵ :** ਜਿਸ ਰਾਗ ਦੇ ਆਰੋਹ ਤੇ ਅਵਰੋਹ ਦੋਹਾਂ ਵਿਚ ਛੇ-ਛੇ ਸੁਰ ਲੱਗਦੇ ਹੋਣ। ਜਿਵੇਂ ਰਾਗ ਮਾਰਵਾ।

**ਆਰੋਹ :** ਸਾ ਰੁੇ ਗ ਮੇਂ ਧ ਨੀ ਸਾਂ।

**ਅਵਰੋਹ :** ਸਾਂ ਨੀ ਧ ਮੇਂ ਗ ਰੁੇ ਸਾ।

**6. ਛਾੜਵ-ਔੜਵ :** ਜਿਸ ਰਾਗ ਦੇ ਆਰੋਹ ਵਿਚ ਛੇ ਅਤੇ ਅਵਰੋਹ ਵਿਚ ਪੰਜ ਸੁਰ ਲੱਗਦੇ ਹੋਣ। ਜਿਵੇਂ ਆਸਾਵਰੀ-ਤੋੜੀ।

**ਆਰੋਹ :** ਸਾ ਰੇ ਮ ਪ ਧੁ ਨੁੀ ਸਾਂ।

**ਅਵਰੋਹ :** ਸਾਂ ਧੁ ਮ ਪ ਗੁ ਰੁੇ ਸਾ।

**7. ਔੜਵ-ਸੰਪੂਰਨ :** ਜਿਸ ਰਾਗ ਦੇ ਆਰੋਹ ਵਿਚ ਪੰਜ ਅਤੇ ਅਵਰੋਹ ਵਿਚ ਸੱਤ ਸੁਰ ਲੱਗਦੇ ਹੋਣ। ਜਿਵੇਂ ਰਾਗ ਆਸਾ।

**ਆਰੋਹ :** ਸਾ ਰੇ ਮ ਪ ਧਾ ਸਾਂ।

**ਅਵਰੋਹ :** ਸਾਂ ਨੀ ਧ ਪ ਮ ਗ ਰੇ ਸਾ।

**8. ਔੜਵ-ਛਾੜਵ :** ਜਿਸ ਰਾਗ ਦੇ ਆਰੋਹ ਵਿਚ ਪੰਜ ਅਤੇ ਅਵਰੋਹ ਵਿਚ ਛੇ ਸੁਰ ਲੱਗਦੇ ਹੋਣ। ਜਿਵੇਂ ਰਾਗ ਆਸਾ ਤੋੜੀ।

**ਆਰੋਹ :** ਸਾ ਰੁੇ ਮ ਪ ਧੁ ਸਾਂ।

**ਅਵਰੋਹ :** ਸਾਂ ਨੁੀ ਧੁ ਮ ਰੁੇ ਗੁ ਰੁੇ ਸਾ।

**9. ਔੜਵ-ਔੜਵ :** ਜਿਸ ਰਾਗ ਦੇ ਆਰੋਹ ਤੇ ਅਵਰੋਹ ਦੋਹਾਂ ਵਿਚ ਪੰਜ-ਪੰਜ ਸੁਰ ਲੱਗਦੇ ਹੋਣ। ਜਿਵੇਂ ਰਾਗ ਭੁਪਾਲੀ।

**ਆਰੋਹ :** ਸਾ ਰੇ ਗ ਪ ਧ ਸਾਂ।

**ਅਵਰੋਹ :** ਸਾਂ ਧ ਪ ਗ ਰੇ ਸਾ।

# ਗ੍ਰਹਿ, ਨਿਆਸ, ਅਪਨਿਆਸ, ਸੰਨਿਆਸ, ਵਿਨਿਆਸ

ਹੁਣ ਵਿਚਾਰ ਕਰਨੀ ਹੈ ਕਿ ਗ੍ਰਹਿ, ਨਿਆਸ, ਅਪਨਿਆਸ, ਸੰਨਿਆਸ ਤੇ ਵਿਨਿਆਸ ਕੀ ਹਨ ਅਤੇ ਕਿਸ ਨੂੰ ਕਹਿੰਦੇ ਹਨ?

## ਗ੍ਰਹਿ

ਸਥਾਈ ਦੇ ਪਹਿਲੇ ਹਿੱਸੇ ਦੇ ਜਿਸ ਸੁਰ ਤੋਂ ਰਾਗ ਜਾਂ ਸ਼ਬਦ ਸ਼ੁਰੂ ਕੀਤਾ ਜਾਂਦਾ ਹੈ, ਉਸ ਨੂੰ ਗ੍ਰਹਿ ਸੁਰ ਮੰਨਦੇ ਹਨ ਕਿਉਂਜੁ ਗ੍ਰਹਿ ਸੁਰ ਨੂੰ ਘਰ, ਕੇਂਦਰ ਜਾਂ ਮੁੱਢ ਕਿਹਾ ਜਾਂਦਾ ਹੈ।

## ਨਿਆਸ

ਜਿਸ ਸੁਰ 'ਤੇ ਕਿਸੇ ਗੀਤ ਜਾਂ ਆਲਾਪ ਦੀ ਸਮਾਪਤੀ ਹੁੰਦੀ ਹੈ, ਉਸ ਅੰਤਮ ਸੁਰ ਨੂੰ ਉਸ ਰਾਗ ਦਾ ਨਿਆਸ ਸੁਰ ਆਖਦੇ ਹਨ।

ਪੁਰਾਣੇ ਸਮੇਂ ਵਿਚ ਜਿਸ ਸੁਰ 'ਤੇ ਕਿਸੇ ਗੀਤ ਜਾਂ ਆਲਾਪ ਦੀ ਸਮਾਪਤੀ ਹੁੰਦੀ ਸੀ, ਉਸ ਅੰਤਿਮ ਸੁਰ ਨੂੰ ਉਸ ਦਾ ਨਿਆਸ ਸੁਰ ਆਖਦੇ ਸਨ। ਪਰ ਅੱਜ-ਕੱਲ੍ਹ ਨਿਆਸ ਸੁਰ ਦਾ ਉਸ ਰੂਪ ਵਿਚ ਮਹੱਤਵ ਜਾਂ ਪ੍ਰਯੋਗ ਨਹੀਂ ਮੰਨਿਆ ਜਾਂਦਾ। ਅੱਜ-ਕੱਲ੍ਹ ਕਿਸੇ ਵੀ ਰਾਗ ਨੂੰ ਕਿਸੇ ਵੀ ਸੁਰ 'ਤੇ ਸਮਾਪਤ ਕਰ ਲੈਂਦੇ ਹਨ ਅਤੇ ਜ਼ਿਆਦਾ ਕਰਕੇ ਤਾਂ ਸਮ ਦੇ ਸੁਰ 'ਤੇ ਗੀਤ ਨੂੰ ਸਮਾਪਤ ਕਰਦੇ ਹਨ ਅਤੇ ਆਲਾਪ ਨੂੰ ਮੱਧ ਸਪਤਕ ਦੇ 'ਸਾ' ਸੁਰ 'ਤੇ। ਪਰ ਇਹ ਵੀ ਕੋਈ ਪੱਕਾ ਨਿਯਮ ਨਹੀਂ ਹੈ।

ਕੁਝ ਕੁ ਅਜੇਹੇ ਸੁਰ ਵੀ ਮੰਨ ਲਏ ਜਾਂਦੇ ਹਨ, ਜਿਹਨਾਂ 'ਤੇ ਥੋੜਾ ਥੋੜਾ ਵਿਚਕਾਰੋਂ ਠਹਿਰਨ ਨਾਲ ਰਾਗ ਦੀ ਸ਼ੋਭਾ ਵਧਦੀ ਹੈ ਅਤੇ ਉਸਦਾ ਰੂਪ ਨਿਖਰਦਾ ਹੈ। ਇਹਨਾਂ ਸਾਰੇ ਸੁਰਾਂ ਨੂੰ ਅਜੋਕੇ ਸੰਗੀਤ ਵਿਚ ਨਿਆਸ ਦੇ ਸੁਰ ਕਹਿਣ ਲੱਗ ਪਏ ਹਨ। ਉਦਾਹਰਣ ਦੇ ਤੌਰ 'ਤੇ ਭੀਮ ਪਲਾਸੀ ਰਾਗ ਵਿਚ ਨਿਆਸ ਦੇ ਮੁਖ ਸੁਰ 'ਸਾ, ਗੁ, ਮ ਤੇ ਪ' ਹਨ, ਜਿਹਨਾਂ 'ਤੇ ਛੋਟੇ ਛੋਟੇ ਆਲਾਪ ਲੈ ਕੇ ਸਮਾਪਤ ਕੀਤੇ ਜਾਂਦੇ ਹਨ। ਸ਼ੜਜ ਤਾਂ ਸਭ ਰਾਗਾਂ ਵਿਚ ਨਿਆਸ ਦਾ ਸੁਰ ਹੁੰਦਾ ਹੀ ਹੈ। ਰਾਗ ਦੇ ਹਰ ਨਿਆਸ ਦੇ ਸੁਰ 'ਤੇ ਵੱਖ ਵੱਖ ਢੰਗ ਨਾਲ ਆਲਾਪ ਕਰਦਿਆਂ ਹੋਇਆਂ ਆ ਕੇ ਟਿਕਾਉ ਕਰਨਾ ਅੱਜ ਦੇ ਸੰਗੀਤ ਵਿਚ ਇਕ ਪ੍ਰਸ਼ੰਸਾ ਯੋਗ ਗੱਲ ਮੰਨੀ ਜਾਂਦੀ ਹੈ।

ਕਦੇ ਕਦੇ ਨਿਆਸ ਦੇ ਸੁਰਾਂ ਨੂੰ ਬਦਲਣ 'ਤੇ ਹੀ ਰਾਗ ਬਦਲ ਜਾਂਦਾ ਹੈ। ਜਿਵੇਂ ਭੀਮ ਪਲਾਸੀ ਵਿਚ ਮਾਧਿਅਮ ਦੇ ਟਾਕਰੇ ਪੰਚਮ 'ਤੇ ਜ਼ਿਆਦਾ ਨਿਆਸ ਕਰਨ ਨਾਲ ਧਨਾਸਰੀ ਦੀ ਝਲਕ ਆਉਣ ਦਾ ਡਰ ਰਹਿੰਦਾ ਹੈ। ਇਸ ਕਰਕੇ ਨਿਆਸ ਦੇ ਸੁਰਾਂ ਦਾ ਧਿਆਨ ਰੱਖਣਾ ਅਤੀ ਜ਼ਰੂਰੀ ਹੈ।

ਬਾਕੀ ਹਰ ਇਕ ਸਥਾਈ ਵਿਚ ਦੋ ਚਾਰ ਹਿੱਸੇ ਹੁੰਦੇ ਹਨ। ਉਹਨਾਂ ਹਿੱਸਿਆਂ ਦੇ ਅੰਤਮ ਸੁਰਾਂ ਦੇ ਨਾਮ ਹੀ ਅਪਨਿਆਸ, ਸੰਨਿਆਸ, ਵਿਨਿਆਸ ਆਦਿਕ ਰੱਖੇ ਗਏ ਹਨ।

## ਅਪਨਿਆਸ

ਰਾਗ ਦੇ ਇਕ ਹਿੱਸੇ ਦੀ ਸਮਾਪਤੀ ਜਿਸ ਸੁਰ 'ਤੇ ਹੁੰਦੀ ਹੈ, ਉਸ ਸੁਰ ਨੂੰ 'ਅਪਨਿਆਸ' ਸੁਰ ਕਹਿੰਦੇ ਹਨ।

ਪ੍ਰਾਚੀਨ ਸਮੇਂ ਵਿਚ ਗੀਤ ਜਾਂ ਆਲਾਪ ਦੇ ਵਿਚਕਾਰ ਦੇ ਕਈ ਛੋਟੇ ਛੋਟੇ ਉਪ-ਵਿਭਾਗਾਂ ਦੇ ਸੁਰਾਂ ਨੂੰ ਅਪਨਿਆਸ ਕਹਿੰਦੇ ਸਨ। ਜਿਵੇਂ ਗੀਤਾਂ ਦੀ ਅੰਤਮ ਸਮਾਪਤੀ ਦੇ ਸੁਰ ਨੂੰ ਨਿਆਸ ਅਤੇ ਅੰਤਮ ਸਮਾਪਤੀ ਤੋਂ ਬਿਨਾਂ ਗੀਤਾਂ ਦੇ ਬਾਕੀ ਸਭ ਛੋਟੇ ਵੱਡੇ ਵਿਭਾਗ ਅਤੇ ਉਪਵਿਭਾਗਾਂ ਦੇ ਅੰਤਮ ਸੁਰਾਂ ਨੂੰ ਅਪਨਿਆਸ ਕਹਿੰਦੇ ਸਨ। ਹਰ ਇਕ ਰਾਗ ਵਿਚ ਅਪਨਿਆਸ ਸੁਰ ਦੋ ਹੁੰਦੇ ਸਨ, ਇਕ ਪੂਰਵਾਂਗ ਵਿਚ ਅਤੇ ਦੂਸਰਾ ਉਤਰਾਂਗ ਵਿਚ। ਇਹ ਜ਼ਰੂਰੀ ਨਹੀਂ ਕਿ ਕਿਸੀ ਰਾਗ ਦੇ ਦੋਨੋਂ ਅਪਨਿਆਸ ਸੁਰਾਂ ਦਾ ਪਰਸਪਰ ਸੰਵਾਦ ਵੀ ਹੋਵੇ। ਬੰਦਸ਼ ਦੀ ਤੁਕ ਜਦ ਤਾਲ ਦੀ ਇਕ ਆਵਰਤੀ ਵਿਚ ਪੂਰੀ ਹੋ ਜਾਂਦੀ ਸੀ ਤਾਂ ਸਮਾਪਤੀ ਦੇ ਸੁਰ ਨੂੰ ਨਿਆਸ ਸੁਰ ਕਹਿੰਦੇ ਸਨ ਅਤੇ ਬੰਦਸ਼ ਦੀਆਂ ਤੁਕਾਂ ਦੇ ਹਿੱਸੇ ਹੀ ਵਿਦਾਰੀ ਕਹਾਉਂਦੇ ਸਨ। ਜਿਵੇਂ ਰਾਗ ਭੈਰਵ ਦੀ ਤਿੰਨ ਤਾਲ ਦੀ ਬੰਦਸ਼ "ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ" ਸ਼ਬਦ ਦੀ ਸਥਾਈ ਦੀ ਪਹਿਲੀ ਤੁਕ 'ਪੰਚਮ' 'ਤੇ ਖ਼ਤਮ ਹੁੰਦੀ ਹੈ ਅਤੇ ਅੰਤਰੇ ਦੀ ਪਹਿਲੀ ਤੁਕ 'ਸ਼ੜਜ' 'ਤੇ ਸਮਾਪਤ ਹੁੰਦੀ ਹੈ।

ਅਪਨਿਆਸ ਦੇ ਦੋ ਭੇਦ ਹੁੰਦੇ ਹਨ ਜੋ ਕਿ ਸੰਨਿਆਸ ਤੇ ਵਿਨਿਆਸ ਹਨ।

## ਸੰਨਿਆਸ

ਜਿਸ ਸੁਰ 'ਤੇ ਗੀਤ ਦੇ ਪਹਿਲੇ ਹਿੱਸੇ ਦੇ ਭਿੰਨ ਭਿੰਨ ਛੋਟੇ ਭਾਗ (ਅੰਗ) ਸਮਾਪਤ ਹੁੰਦੇ ਹਨ, ਉਹਨਾਂ ਸੁਰਾਂ ਨੂੰ ਸੰਨਿਆਸ ਸੁਰ ਕਹਿੰਦੇ ਹਨ। ਜਿਵੇਂ ਇਕ ਗੀਤ ਦੀ ਬੰਦਸ਼ ਦੇ ਅਸਥਾਈ ਤੇ ਅੰਤਰਾ ਦੋ ਹਿੱਸੇ ਹੁੰਦੇ ਹਨ ਅਤੇ ਹਰ ਇਕ ਹਿੱਸੇ ਵਿਚ ਚਾਰ ਚਾਰ ਚਰਣ ਹਨ। ਹੁਣ ਸਥਾਈ ਦੇ ਚੌਹਾਂ ਚਰਣਾਂ ਵਿੱਚੋਂ ਇਕ ਚਰਣ ਦੇ ਅੰਤਮ ਸੁਰ ਨੂੰ ਸੰਨਿਆਸ ਸੁਰ ਕਹਾਂਗੇ। ਉਦਾਹਰਣ ਦੇ ਤੌਰ 'ਤੇ ਰਾਗ ਭੈਰਉ ਦੀ ਤਿੰਨ ਤਾਲ ਦੀ ਬੰਦਸ਼ ਵਿਚ "ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ" ਸ਼ਬਦ ਹੈ। ਉਸਦੀ ਸਥਾਈ ਵਿਚ ਚਾਰ ਚਰਣ ਹਨ। ਸੋ ਉਸਦਾ ਪਹਿਲਾ ਚਰਣ ਪੰਚਮ 'ਤੇ, ਦੂਸਰਾ 'ਮੱਧ ਸ਼ੜਜ' 'ਤੇ, ਤੀਸਰਾ ਪੰਚਮ 'ਤੇ ਅਤੇ ਚੌਥਾ ਫਿਰ ਮੱਧ ਸ਼ੜਜ 'ਤੇ ਸਮਾਪਤ ਹੁੰਦਾ ਹੈ। ਇਸ ਪ੍ਰਕਾਰ ਇਸ ਸ਼ਬਦ ਦੀ ਸਥਾਈ ਦੇ 'ਮੱਧ ਸ਼ੜਜ' ਅਤੇ ਪੰਚਮ ਸੰਨਿਆਸ ਸੁਰ ਹੋਏ।

ਇਸੇ ਤਰ੍ਹਾਂ ਅੰਤਰੇ ਦਾ ਪਹਿਲਾ ਚਰਣ 'ਤਾਰ ਸ਼ੜਜ' 'ਤੇ, ਦੂਸਰਾ 'ਪੰਚਮ' 'ਤੇ, ਤੀਸਰਾ 'ਮੱਧ ਸ਼ੜਜ' ਅਤੇ ਚੌਥਾ ਪੰਚਮ 'ਤੇ ਸਮਾਪਤ ਹੁੰਦਾ ਹੈ। ਸੋ ਇਸ ਉਦਾਹਰਣ ਤੋਂ ਪਤਾ ਲੱਗਦਾ ਹੈ ਕਿ ਇਸ ਸ਼ਬਦ ਵਿਚ ਤਾਰ 'ਸ਼ੜਜ' ਤੇ 'ਪੰਚਮ' ਸੁਰ ਸੰਨਿਆਸ ਹੋਏ।

## ਵਿਨਿਆਸ

ਜਿਸ ਸੁਰ 'ਤੇ ਗੀਤ ਦੇ ਸਾਰੇ ਹਿੱਸਿਆਂ ਦੇ ਪਹਿਲੇ ਛੋਟੇ ਭਾਗ ਸਮਾਪਤ ਹੁੰਦੇ

ਹਨ, ਉਹਨਾਂ ਨੂੰ ਵਿਨਿਆਸ ਸੁਰ ਕਹਿੰਦੇ ਹਨ। ਜਿਵੇਂ ਇਕ ਚੀਜ਼ ਜਾਂ ਬੰਦਸ਼ ਦੇ ਦੋ ਹਿੱਸੇ ਹਨ: ਸਥਾਈ ਤੇ ਅੰਤਰਾ। ਸਥਾਈ ਦੇ ਚਾਰ ਚਰਣ ਹਨ ਤਾਂ ਸਥਾਈ ਦੇ ਪਹਿਲੇ ਚਰਣ ਦੇ ਅੰਤਮ ਸੁਰ ਨੂੰ ਵਿਨਿਆਸ ਸੁਰ ਕਹਾਂਗੇ। ਉਦਾਹਰਣ ਦੇ ਤੌਰ 'ਤੇ ਰਾਗ ਭੈਰਉ ਦੇ ਤਿੰਨ ਤਾਲ ਦੀ ਬੰਦਸ਼ "ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ" ਸ਼ਬਦ ਹੈ। ਉਸਦੀ ਸਥਾਈ ਦਾ ਪਹਿਲਾ ਚਰਣ 'ਪੰਚਮ' ਅਤੇ ਅੰਤਰੇ ਦਾ ਪਹਿਲਾ ਚਰਣ 'ਤਾਰ ਸ਼ੜਜ' 'ਤੇ ਸਮਾਪਤ ਹੁੰਦਾ ਹੈ। ਇਸ ਲਈ ਇਸ ਸ਼ਬਦ ਦੇ ਪੰਚਮ ਤੇ ਤਾਰ ਸ਼ੜਜ ਵਿਨਿਆਸ ਸੁਰ ਹੋਏ।

ਸੋ ਸੰਨਿਆਸ ਤੇ ਵਿਨਿਆਸ ਵਿਚ ਕੇਵਲ ਇਤਨਾ ਹੀ ਅੰਤਰ ਹੈ ਕਿ ਸੰਨਿਆਸ ਸੁਰ ਤਾਂ ਗੀਤ ਦੇ ਪਹਿਲੇ ਭਾਗਾਂ ਦੇ ਛੋਟੇ ਛੋਟੇ ਚਰਣਾਂ ਦੀ ਸਮਾਪਤੀ ਜਿਹਨਾਂ ਸੁਰਾਂ 'ਤੇ ਹੁੰਦੀ ਹੈ, ਉਹਨਾਂ ਸੁਰਾਂ ਨੂੰ ਕਹਿੰਦੇ ਹਨ ਅਤੇ ਵਿਨਿਆਸ ਸੁਰ ਗੀਤ ਦੇ ਵੱਖੋ-ਵੱਖ ਛੋਟੇ ਛੋਟੇ ਚਰਣਾਂ ਵਿੱਚੋਂ ਪਹਿਲੇ ਚਰਣ ਦਾ ਅਖ਼ੀਰਲਾ ਸੁਰ ਮੰਨਿਆ ਜਾਂਦਾ ਹੈ।

*ਨੋਟ:* "ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ" ਸ਼ਬਦ ਦੀ ਸੁਰ ਲਿਪੀ *ਸੁਰ ਸਿਮਰਨ ਸੰਗੀਤ* ਦੇ ਪਹਿਲੇ ਭਾਗ ਵਿਚ ਦੇ ਆਏ ਹਾਂ।

## ਅੰਸ਼

ਜਿਹੜਾ ਸੁਰ ਚੀਜ਼ ਦੀ ਸਜਾਵਟ ਕਰਨ ਲਈ ਜਾਂ ਰਾਗ ਦਾ ਸਰੂਪ ਦਰਸਾਉਣ ਲਈ ਲਗਾਇਆ ਜਾਂਦਾ ਹੈ, ਉਸ ਨੂੰ ਅੰਸ਼ ਸੁਰ ਕਿਹਾ ਜਾਂਦਾ ਹੈ। ਅੰਸ਼ ਤੋਂ ਭਾਵ ਹੈ ਰਾਗ ਦਾ ਅਸਲ ਸਰੂਪ ਜਾਂ ਜਾਨ।

ਇਹ ਵਾਦੀ ਸੁਰ 'ਤੇ ਆਧਾਰਤ ਹੁੰਦਾ ਹੈ ਅਤੇ ਕਈ ਇਸ ਨੂੰ ਵਾਦੀ ਸੁਰ ਭੀ ਕਹਿੰਦੇ ਹਨ। ਜਿਹਨਾਂ ਨੇ ਸਹੀ ਕਲਾਸੀਕਲ ਰਾਗ ਗਾਉਣਾ ਹੈ, ਉਹ ਅਜੇ ਵੀ ਇਹਨਾਂ ਨਿਯਮਾਂ ਦਾ ਪੂਰਾ ਧਿਆਨ ਰੱਖਦੇ ਹਨ। ਮੰਨਣਾ ਪਵੇਗਾ ਕਿ ਨਾਵਾਂ ਕਰਕੇ ਉਪਭੇਦ ਹੈ ਪਰ ਵਾਸਤਵ ਵਿਚ ਅਸੀਂ ਇਹਨਾਂ ਨਿਯਮਾਂ ਨੂੰ ਆਮ ਕਰਕੇ ਆਪਣੀ ਗਾਇਨ ਸ਼ੈਲੀ ਅੰਦਰ ਪ੍ਰਯੋਗ ਕਰਦੇ ਹਾਂ।

ਪਰ ਇਤਨਾ ਫ਼ਰਕ ਜ਼ਰੂਰ ਪੈ ਗਿਆ ਕਿ ਪ੍ਰਾਚੀਨ ਕਾਲ ਵਿਚ ਇਹਨਾਂ ਨਿਯਮਾਂ ਦੀ ਪੱਕੀ ਬੰਦਸ਼ ਸੀ ਕਿ ਇਸ ਰਾਗ ਦਾ ਇਹੀ ਸੁਰ ਗ੍ਰਹਿ ਹੈ ਅਤੇ ਇਹੀ ਸੁਰ ਨਿਆਸ; ਜਿਵੇਂ ਕਿ ਆਸਾਵਰੀ ਰਾਗ ਦਾ ਗ੍ਰਹਿ ਸੁਰ ਮੱਧਮ ਅਤੇ ਨਿਆਸ ਸੁਰ ਪੰਚਮ ਮੰਨਦੇ ਹਨ। ਜੇਕਰ ਕੋਈ ਗਵੱਈਆ ਰਾਗ ਆਸਾਵਰੀ ਨੂੰ ਮੱਧਮ ਤੋਂ ਆਰੰਭ ਅਤੇ ਪੰਚਮ 'ਤੇ ਸਮਾਪਤ ਨਹੀਂ ਕਰਦਾ ਸੀ ਤਾਂ ਰਾਗ ਨੂੰ ਅਸ਼ੁਧ ਮੰਨਿਆ ਜਾਂਦਾ ਸੀ।

ਪਰ ਆਧੁਨਿਕ ਕਾਲ ਵਿਚ ਭਾਵ ਅੱਜ-ਕੱਲ੍ਹ ਆਪਣੀ ਮਰਜ਼ੀ ਅਨੁਸਾਰ ਸੁਰਾਂ ਦੀ ਬੰਦਸ਼ ਨਿਯਤ ਕਰ ਲੈਂਦੇ ਹਨ, ਪਰ ਨਿਯਮ ਜ਼ਰੂਰ ਪਾਲਣੇ ਪੈਂਦੇ ਹਨ। ਸੋ ਸਥਾਨ ਨਿਯਤ ਨਹੀਂ, ਪਰ ਨਿਯਮ ਜ਼ਰੂਰ ਨਿਯਤ ਹਨ। ਨਿਯਮ ਪਾਲੇ ਜ਼ਰੂਰ ਜਾਂਦੇ ਹਨ, ਪਰ ਗੁਪਤ ਸ਼ਕਲ ਨਾਲ। ਇਸ ਦਾ ਜਵਾਬ ਇਕ ਨਿੱਕੀ ਜਿਹੀ ਕਹਾਣੀ ਤੋਂ ਮਿਲ ਜਾਂਦਾ ਹੈ:

ਇਕ ਸਮੇਂ ਅਕਬਰ ਬਾਦਸ਼ਾਹ ਨੇ ਸਭਾ ਵਿਚ ਬੈਠੇ ਹੋਏ ਆਪਣੇ ਸਾਰੇ ਵਜ਼ੀਰਾਂ ਨੂੰ ਪੁੱਛਿਆ, "ਉਹ ਜੋ ਸਾਹਮਣੇ ਤਲਾਬ ਹੈ, ਉਸ ਵਿਚ ਕਿੰਨੇ ਪਿਆਲੇ ਪਾਣੀ ਹੋਵੇਗਾ।" ਇਹ ਸੁਣ ਕੇ ਸਾਰਾ ਮੰਤਰੀ ਮੰਡਲ ਡੂੰਘੀਆਂ ਸੋਚਾਂ ਵਿਚ ਪੈ ਗਿਆ ਅਤੇ ਉਹਨਾਂ ਵਿੱਚੋਂ ਕੋਈ ਵੀ ਜਵਾਬ ਨਾ ਦੇ ਸਕਿਆ। ਉਥੇ ਵਜ਼ੀਰ ਬੀਰਬਲ ਵੀ ਬੈਠਾ ਹੋਇਆ ਸੀ, ਉਸ ਨੇ ਅੱਗੋਂ ਜਵਾਬ ਦਿੱਤਾ, "ਬਾਦਸ਼ਾਹ ਸਲਾਮਤ! ਜਿੰਨਾ ਵੱਡਾ ਤਲਾਬ ਹੈ, ਉਸ ਤੋਂ ਅੱਧਾ

ਇਕ ਪਿਆਲਾ ਬਣਾਇਆ ਜਾਵੇ ਤਾਂ ਤਲਾਬ ਵਿਚ ਦੋ ਪਿਆਲੇ ਪਾਣੀ ਹੈ। ਜੇਕਰ ਤਲਾਬ ਦੇ ਚੌਥੇ ਹਿੱਸੇ ਜਿੰਨਾ ਇਕ ਪਿਆਲਾ ਬਣਾਇਆ ਜਾਵੇ ਤਾਂ ਤਲਾਬ ਵਿਚ ਕੁਲ ਚਾਰ ਪਿਆਲੇ ਪਾਣੀ ਹੋਵੇਗਾ। ਇਸ ਤੋਂ ਜ਼ਿਆਦਾ ਨਹੀਂ।" ਬੀਰਬਲ ਦਾ ਇਹ ਜਵਾਬ ਸੁਣ ਕੇ ਸਾਰੀ ਸਭਾ ਬੀਰਬਲ ਦੀ ਸਿਫ਼ਤ ਕਰਨ ਲੱਗ ਪਈ।

ਸੋ ਲੋੜ ਤਾਂ ਹੈ ਗੱਲ ਨੂੰ ਸਮਝ ਲੈਣ ਦੀ। ਜਿਸਨੇ ਸਮਝ ਲਈ, ਉਸ ਲਈ ਛੋਟੀ ਜਿਹੀ ਗੱਲ ਹੈ; ਜਿਸਨੇ ਨਹੀਂ ਸਮਝੀ, ਉਹ ਵਰ੍ਹਿਆਂ ਬੱਧੀ ਝੱਖ ਮਾਰਦਾ ਰਹੇ, ਉਸ ਦੇ ਪੱਲੇ ਕੁਝ ਨਹੀਂ ਪੈਂਦਾ।

ਜਿਵੇਂ ਕਈ ਸ਼ਾਗਿਰਦ ਉਸਤਾਦ ਦੀ ਥੋੜਾ ਸਮਾਂ ਹੀ ਸੇਵਾ ਕਰ ਕੇ ਇੰਨਾ ਕੁਝ ਪ੍ਰਾਪਤ ਕਰ ਜਾਂਦੇ ਹਨ, ਜਿੰਨਾ ਕਿ ਬਹੁਤ ਸਮੇਂ ਵਿਚ ਵੀ ਕੋਈ ਪ੍ਰਾਪਤ ਨਹੀਂ ਕਰ ਸਕਦਾ। ਉਹਨਾਂ ਦਾ ਸੁਰ, ਗਾਇਕੀ, ਬੋਲ-ਚਾਲ ਹਰ ਸਭਾ ਨੂੰ ਚੰਗੀ ਲੱਗਦੀ ਹੈ ਅਤੇ ਕੁਝ ਦਿਨਾਂ ਵਿਚ ਹੀ ਉਹਨਾਂ ਦਾ ਨਾਮ ਸਾਰੇ ਸੰਸਾਰ ਅੰਦਰ ਰੋਸ਼ਨ ਹੋ ਜਾਂਦਾ ਹੈ, ਅਤੇ ਕਈ ਮੇਰੇ ਵਰਗੇ ਵਿਚਾਰੇ ਸਾਲਾਂ-ਬੱਧੀ ਉਸਤਾਦਾਂ ਕੋਲ ਵਕਤ ਗੁਜ਼ਾਰਦੇ ਹਨ ਪਰ ਫਿਰ ਵੀ ਉਹਨਾਂ ਕੋਲੋਂ ਉਹ ਕੁਝ ਨਹੀਂ ਬਣ ਆਉਂਦਾ, ਜਿੰਨਾ ਕੁਝ ਚਾਹੀਦਾ ਹੈ। ਇਥੇ ਤਾਂ ਗੁਰੂ ਸਾਹਿਬ ਦਾ ਹੁਕਮ ਹੀ ਸਹੀ ਲੱਗਦਾ ਹੈ:

**ਪੂਰਬਿ ਲਿਖਤ ਲਿਖੇ ਗੁਰੁ ਪਾਇਆ, ਮਨਿ ਹਰਿ ਲਿਵ ਮੰਡਲ ਮੰਡਾ ਹੇ ॥**
*(ਗਉੜੀ ਪੂਰਬੀ ਮਹਲਾ ੪, ਪੰਨਾ 13)*

**ਜੰਮੇ ਪੂਰਬਿ ਬੀਜਿਆ ਵਿਚਿ, ਵਿਚਿ ਹੋਰੁ ਕੂੜੀ ਚਤੁਰਾਈ ॥੪੬॥੧॥**
*(ਵਾਰ ਭਾਈ ਗੁਰਦਾਸ ਜੀ)*

**ਬਿਬੇਕ ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ ॥**
**ਜਨ ਨਾਨਕ ਨਾਮੁ ਗੁਰੂ ਤੇ ਪਾਇਆ ਧੁਰਿ ਮਸਤਕਿ ਭਾਗੁ ਲਿਖੇਰਾ ॥** *(ਟੋਡੀ ਮ: ੪, ਪੰਨਾ 711)*

ਕਈ ਥਾਂ ਪੜ੍ਹਨ ਵਿਚ ਆਉਂਦਾ ਹੈ ਕਿ ਪੁਰਾਤਨ ਸੰਗੀਤਕਾਰ ਗ੍ਰਹਿ, ਅੰਸ਼, ਨਿਆਸ ਆਦਿਕ ਨਿਯਮਾਂ ਅਨੁਸਾਰ ਗਾਉਂਦੇ ਸਨ ਪਰ ਅਜੋਕੇ ਸੰਗੀਤਕਾਰ ਨਹੀਂ।

ਪਰ ਮੇਰਾ ਆਪਣਾ ਨਿੱਜੀ ਵਿਚਾਰ ਤਾਂ ਇਹ ਹੈ ਕਿ ਵਾਦੀ, ਸੰਵਾਦੀ, ਵਿਵਾਦੀ ਆਦਿਕ ਰਾਗ ਦੇ ਨਿਯਮਾਂ ਵੱਲ ਪੁਰਾਤਨ ਸੰਗੀਤਕਾਰ ਵੀ ਧਿਆਨ ਰੱਖਦੇ ਸਨ ਅਤੇ ਅੱਜ ਦੇ ਵੀ। ਕਿਉਂਕਿ ਹਰ ਇਕ ਉਸਤਾਦ ਦਾ ਕਹਿਣਾ ਹੈ ਕਿ ਵਾਦੀ, ਸੰਵਾਦੀ, ਅਨੁਵਾਦੀ ਆਦਿਕ ਨਿਯਮਾਂ ਤੋਂ ਬਿਨਾਂ ਰਾਗ ਨਹੀਂ ਬਣਦਾ। ਹੁਣ ਤੁਸੀਂ ਆਪ ਹੀ ਦੱਸੋ ਕਿ ਗ੍ਰਹਿ, ਨਿਆਸ, ਅਪਨਿਆਸ, ਵਿਨਿਆਸ, ਸੰਨਿਆਸ ਤੋਂ ਬਿਨਾਂ ਜੋ ਕਿ ਗਾਉਣ ਵਾਲੀਆਂ ਚੀਜ਼ਾਂ ਖ਼ਿਆਲ, ਧ੍ਰੁਪਦ, ਧਮਾਰ ਆਦਿਕ ਦੇ ਜੋ ਨਿਯਮ ਹਨ, ਇਨ੍ਹਾਂ ਤੋਂ ਬਿਨਾਂ ਰਾਗ ਦਾ ਸਰੂਪ ਕਿਸ ਤਰ੍ਹਾਂ ਬਣ ਸਕਦਾ ਹੈ।

ਉਦਾਹਰਣ ਦੇ ਤੌਰ 'ਤੇ ਜਿਵੇਂ ਨੇਤ੍ਰਾਂ ਰਾਹੀਂ ਵੇਖਣ ਵਾਲਾ ਜੋ ਸਰੀਰ ਹੈ, ਇਸ ਦੇ ਦੋ ਹੱਥ, ਦੋ ਬਾਹਵਾਂ, ਦੋ ਪੈਰ, ਦੋ ਕੰਨ, ਦੋ ਨਾਸਿਕਾ ਅਤੇ ਇਕ ਇਕ ਹੱਥ ਅਤੇ ਪੈਰ ਦੀਆਂ ਪੰਜ-ਪੰਜ ਉਂਗਲੀਆਂ ਹਨ। ਸਰੀਰ ਦੇ ਸੁਹੱਪਣ ਲਈ ਲੰਬੀ ਗਰਦਨ, ਚੌੜਾ ਮਸਤਕ, ਭਰਵੱਟੇ, ਨੱਕ, ਮੁਖ, ਸਿਰ 'ਤੇ ਸੁੰਦਰ ਲੰਬੇ ਕਾਲੇ ਕੇਸ ਆਦਿਕ ਸਾਰਾ ਕੁਝ ਹੋਵੇ ਤਾਂ ਹੀ ਆਦਮੀ ਵੇਖਣ ਵਿਚ ਚੰਗਾ ਅਤੇ ਸੁੰਦਰ ਲੱਗਦਾ ਹੈ।

ਪਤਾ ਨਹੀਂ, ਪਰਮੇਸ਼ੁਰ ਨੇ ਇਨਸਾਨ ਦੇ ਸਰੀਰ ਨੂੰ ਠੀਕ ਰੱਖਣ ਲਈ ਇਸ ਦੇ ਅੰਦਰ ਕਿਤਨੀਆਂ ਸੈਂਕੜੇ, ਹਜ਼ਾਰਾਂ ਨਾੜੀਆਂ ਬਣਾਈਆਂ ਅਤੇ ਸਾਰੇ ਅੰਗਾਂ ਦੀ ਰਚਨਾ ਕੀਤੀ। ਇਸ ਬਾਰੇ ਇਹ ਅਲਪਗ ਜੀਵ ਕੁਝ ਨਹੀਂ ਦੱਸ ਸਕਦਾ। ਇਹ ਸਭ ਕੁਝ ਉਹ

ਅੰਤਰਜਾਮੀ, ਸਰਬ-ਸ਼ਕਤੀਮਾਨ ਪਰਮ ਰੂਪ ਪਰਮੇਸ਼੍ਵਰ ਕਰਤਾ ਪੁਰਖ ਪਰਮਾਤਮਾ ਆਪ ਹੀ ਜਾਣਦੇ ਹਨ:

ਤੁਮਰਾ ਲਖਾ ਨ ਜਾਇ ਪਸਾਰਾ॥
ਕਿਹ ਬਿਧਿ ਸਜਾ ਪ੍ਰਥਮ ਸੰਸਾਰਾ॥੧੭॥ *(ਬੇਨਤੀ ਚੌਪਈ)*

ਜਿਸ ਤਰ੍ਹਾਂ ਨੇਤ੍ਰਾਂ ਰਾਹੀਂ ਵੇਖਣ ਵਾਲਿਆਂ ਦੀ ਦੁਨੀਆ ਵਿਚ ਇਕ ਪੰਜ ਭੌਤਿਕ ਸਰੀਰ ਸਰਬ ਅੰਗ ਸੁਸ਼ੋਭਿਤ ਹੈ, ਉਸੀ ਪ੍ਰਕਾਰ ਸੰਗੀਤ ਦੀ ਦੁਨੀਆ ਅੰਦਰ ਭੈਰਵ, ਮਲ੍ਹਾਰ, ਮੇਘ, ਭੈਰਵੀ, ਬਿਲਾਵਲੀ ਆਦਿਕ ਰਾਗ ਵੀ ਸਰਬ ਅੰਗ ਸੁਸ਼ੋਭਿਤ ਹੋ ਕੇ ਸਹੀ ਰਾਗ ਸਰੂਪ ਸਰੀਰ ਹੈ। ਉਸ ਰਾਗ ਸਰੂਪ ਸਰੀਰ ਦੇ ਅੰਗਾਂ ਨੂੰ ਪ੍ਰਗਟ ਕਰਨ ਦਾ ਹੀ ਨਾਂ ਵਾਦੀ, ਸੰਵਾਦੀ, ਅਨੁਵਾਦੀ, ਗ੍ਰਹਿ, ਅੰਸ਼, ਨਿਆਸ, ਅਪਨਿਆਸ, ਵਿਨਿਆਸ, ਮੰਦਰ, ਤਾਰ, ਅਲਪਤੱਵ, ਬਹੁਤੱਵ, ਔੜਵਤੱਵ, ਛਾੜਵਤੱਵ ਆਦਿਕ ਕਈ ਨਿਯਮ ਹਨ, ਜੋ ਕਿ ਹਰ ਇਕ ਰਾਗ ਨੂੰ ਇਨ੍ਹਾਂ ਦੇ ਪਾਲਣ ਦੀ ਲੋੜ ਹੈ।

ਜੇਕਰ ਰਾਗ ਦੇ ਆਰੰਭ ਅਤੇ ਸਮਾਪਤੀ ਕਰਨ ਦੀ ਥਾਂ ਠੀਕ ਨਿਯਤ ਨਾ ਹੋਵੇ ਤਾਂ ਰਾਗ ਦਾ ਸਰੂਪ ਸਪੱਸ਼ਟ ਨਹੀਂ ਹੁੰਦਾ। ਜਿਸ ਤਰ੍ਹਾਂ ਰਾਗ ਦਾ ਸਰੂਪ ਉਪਰੋਕਤ ਦੱਸੇ ਨਿਯਮਾਂ ਤੋਂ ਬਿਨਾਂ ਨਹੀਂ ਬਣਦਾ, ਉਸੀ ਤਰ੍ਹਾਂ ਰਾਗ ਵਿਚ ਗਾਉਣ ਵਾਲੇ ਗੀਤ ਜਾਂ ਸ਼ਬਦ ਨਿਯਮਾਂ ਤੋਂ ਬਿਨਾਂ ਤਿਆਰ ਨਹੀਂ ਹੋ ਸਕਦੇ। ਇਸ ਕਰਕੇ ਜਿੰਨੇ ਵੀ ਅਸੀਂ ਖ਼ਿਆਲ, ਧ੍ਰੁਪਦ, ਧਮਾਰ, ਠੁਮਰੀ, ਭਜਨ, ਸ਼ਬਦ ਆਦਿਕ ਗਾਉਂਦੇ ਹਾਂ, ਉਹ ਸਾਰੇ ਹੀ ਰਾਗ ਦੇ ਸ਼ਾਸਤਰਿਕ ਨਿਯਮਾਂ ਦੇ ਅੰਦਰ ਹੀ ਗਾਉਂਦੇ ਹਾਂ। ਪ੍ਰੰਪਰਾ ਅਨੁਸਾਰ ਭਾਵੇਂ ਅੱਜ ਵੀ ਪ੍ਰੈਕਟੀਕਲ ਘੱਟ ਹੈ ਅਤੇ ਥਿਊਰੈਟਿਕਲ ਜ਼ਿਆਦਾ, ਪਰ ਗਾਇਨ ਸ਼ੈਲੀ ਤਾਂ ਉਪਰ ਦੱਸੇ ਨਿਯਮਾਂ ਅਨੁਸਾਰ ਹੀ ਚੱਲ ਰਹੀ ਹੈ ਨਾ।

ਸੋ ਇਸ ਲਈ ਰਾਗ ਦੇ ਨਿਯਮਾਂ ਤੋਂ ਬਿਨਾਂ ਪੁਰਾਤਨ ਸੰਗੀਤਕਾਰ ਵੀ ਕੋਈ ਬੰਦਸ਼, ਰੀਤ ਜਾਂ ਗੀਤ ਨਾ ਤਿਆਰ ਕਰਦੇ ਸਨ ਅਤੇ ਨਾ ਹੀ ਗਾਉਂਦੇ ਸਨ ਅਤੇ ਅਜੋਕੇ ਵੀ, ਜੋ ਵੱਡੇ ਵੱਡੇ ਸੰਗੀਤ ਕਲਾਕਾਰ ਕਲਾਸੀਕਲ ਸੰਗੀਤ ਦੇ ਗਾਉਣ ਵਾਲੇ ਹਨ, ਜਿਵੇਂ ਕਿ ਸ੍ਰ: ਸੋਹਣ ਸਿੰਘ ਜੀ 'ਲੁਧਿਆਣਾ', ਪੰਡਿਤ ਓਮਕਾਰ ਨਾਥ, ਪੰਡਿਤ ਵਿਸ਼ਨੂ ਦਿਗੰਬਰ, ਬੜੇ ਗ਼ੁਲਾਮ ਅਲੀ ਖ਼ਾਂ, ਸਲਾਮਤ ਅਲੀ, ਨਿਜਾਮਤ ਅਲੀ, ਵਿਨਾਇਕ ਰਾਇ 'ਪਟਵਰਧਨ', ਰਾਗੀ ਸੰਤਾ ਸਿੰਘ ਜੀ 'ਦਿੱਲੀ', ਦੇਸ਼ ਬੰਧੂ, ਰਾਗੀ ਵਿਸਾਖਾ ਸਿੰਘ ਜੀ ਅਤੇ ਮੇਰੇ ਵਿੱਦਿਆ ਗੁਰੂ ਪੰਡਿਤ ਰਵੀ ਸ਼ੰਕਰ ਜੀ ਆਦਿਕ।

ਇਹ ਕਲਾਕਾਰ ਜਿਹੜੀਆਂ ਵੀ ਗਾਇਨ ਸ਼ੈਲੀਆਂ ਗਾਉਂਦੇ ਵਜਾਉਂਦੇ ਹਨ, ਜਿਵੇਂ ਧ੍ਰੁਪਦ, ਧਮਾਰ, ਵੱਡੇ ਛੋਟੇ ਖ਼ਿਆਲ, ਠੁਮਰੀ, ਟੱਪਾ, ਭਜਨ, ਸ਼ਬਦ, ਗੀਤ, ਰੀਤ ਆਦਿਕ ਇਹ ਸਾਰੀਆਂ ਉਪਰੋਕਤ ਨਿਯਮਾਂ ਅੰਦਰ ਹੀ ਹੁੰਦੀਆਂ ਹਨ। ਜੇਕਰ ਕਿਸੀ ਬੰਦਸ਼ ਵਿਚ ਪੂਰੇ ਨਿਯਮ ਨਾ ਹੋਣਗੇ ਤਾਂ ਘੱਟ ਤੋਂ ਘੱਟ ਦੋ, ਚਾਰ, ਪੰਜ ਨਿਯਮ ਤਾਂ ਜ਼ਰੂਰ ਹੀ ਪਾਲੇ ਗਏ ਹੋਣਗੇ।

ਸੋ ਨਿਯਮ ਪਹਿਲੇ ਵੀ ਪਾਲੇ ਜਾਂਦੇ ਸਨ ਅਤੇ ਅੱਜ ਵੀ ਪਾਲੇ ਜਾਂਦੇ ਹਨ, ਪਰ ਸਾਨੂੰ ਉਨ੍ਹਾਂ ਨਿਯਮਾਂ ਦੇ ਨਾਵਾਂ ਜਾਂ ਅਸਥਾਨਾਂ ਦਾ ਪਤਾ ਨਹੀਂ ਅਤੇ ਨਾ ਹੀ ਅਸੀਂ ਇਸ ਖੋਜ ਵਿਚ ਪਏ ਹਾਂ ਕਿ ਗ੍ਰਹਿ, ਅੰਸ਼, ਨਿਆਸ ਆਦਿਕ ਰਾਗ ਦੇ ਨਿਯਮ ਕਿਸ ਨੂੰ ਆਖਦੇ ਹਨ।

ਉਪਰ ਜਿਹੜੇ ਸੰਗੀਤਕਾਰਾਂ ਦੇ ਨਾਂ ਅਸੀਂ ਦੱਸ ਆਏ ਹਾਂ, ਉਨ੍ਹਾਂ ਸਭਨਾਂ ਨੂੰ ਇਨ੍ਹਾਂ ਨਿਯਮਾਂ ਦਾ ਗਿਆਨ ਹੈ ਅਤੇ ਨਿਯਮਾਂ ਦੇ ਅੰਦਰ ਹੀ ਗਾਉਂਦੇ ਵਜਾਉਂਦੇ ਹਨ।

ਪ੍ਰੈਕਟੀਕਲ ਦੇ ਮਾਹਿਰ ਹੋਣ ਦੇ ਨਾਤੇ ਉਹ ਥਿਊਰੀ ਵੱਲ ਧਿਆਨ ਘੱਟ ਦਿੰਦੇ ਹਨ, ਪਰ ਜਿਹੜੇ ਥਿਰੋੱਟਿਕਲ ਕਲਾਕਾਰ ਹਨ, ਉਹ ਪ੍ਰੈਕਟੀਕਲ ਕਰ ਨਹੀਂ ਸਕਦੇ, ਕਿਉਂਕਿ ਪ੍ਰੈਕਟੀਕਲ ਸੰਗੀਤ ਬਹੁਤ ਜਪ, ਤਪ, ਜਤ, ਸਤ ਦਾ ਕੰਮ ਹੈ। ਇਸ ਲਈ ਥਿਰੋੱਟਿਕਲ ਕਰਨ ਵਾਲੇ ਸੰਗੀਤਕਾਰ ਆਪਣੀ ਕਲਮ ਨਾਲ ਹੀ ਗ੍ਰਹਿ, ਅੰਸ਼, ਨਿਆਸ, ਅਪਨਿਆਸ ਆਦਿਕ ਨਿਯਮਾਂ ਦੀ ਗਿਣਤੀ ਮਿਣਤੀ ਕਰਦੇ ਰਹਿੰਦੇ ਹਨ। ਜਿਸ ਤਰ੍ਹਾਂ ਕਿ ਵਿਯੰਕਟ ਮੁਖੀ ਦੇ 72 ਥਾਟ! ਇਹ ਵਿਚਾਰਧਾਰਾ ਜੋ ਅਸੀਂ ਇਥੇ ਦੇ ਰਹੇ ਹਾਂ, ਇਹ ਸਿਰਫ਼ ਗੁਣਵਾਨ ਪੁਰਸ਼ਾਂ ਲਈ ਹੈ। ਜਿਹੜੇ ਮੇਰੇ ਵਰਗੇ ਬੇ-ਉਸਤਾਦੇ, ਜਾਂ ਬੇ-ਗੁਰੇ ਹਨ ਅਤੇ ਜਿਨ੍ਹਾਂ ਨੂੰ ਪੰਜਾਬੀ ਵਿਚ ਲੈਅ ਭੱਜ ਵੀ ਕਿਹਾ ਜਾਂਦਾ ਹੈ, ਮਤਲਬ ਇਹ ਹੈ ਕਿ ਜਿਹੜੇ ਅੱਧੀ ਬਿੱਸਮਿਲਾ ਲੈ ਕੇ ਭੱਜੇ ਹੋਏ ਹਨ, ਇਹ ਵਿਚਾਰ ਉਨ੍ਹਾਂ ਲਈ ਨਹੀਂ ਹੈ ਕਿਉਂਜੁ ਉਨ੍ਹਾਂ ਨੇ ਨਾ ਤਾਂ ਕੋਈ ਗੁਣ ਜਾਂ ਇਲਮ ਨਿਯਮ ਵਿਚ ਰਹਿ ਕੇ ਸਿੱਖਿਆ ਹੁੰਦਾ ਹੈ ਅਤੇ ਨਾ ਹੀ ਕਿਸੇ ਉਸਤਾਦ ਜਾਂ ਗੁਰੂ ਦੀ ਦਿਲੋਂ ਸੇਵਾ ਹੀ ਕੀਤੀ ਹੋਈ ਹੁੰਦੀ ਹੈ।

ਜਦ ਚੰਗੀ ਤਰ੍ਹਾਂ ਗੁਰੂ ਦੀ ਸੇਵਾ ਹੀ ਨਹੀਂ ਕੀਤੀ ਅਤੇ ਪੂਰਨ ਤੌਰ 'ਤੇ ਗੁਣ ਨੂੰ ਗ੍ਰਹਿਣ ਵੀ ਨਹੀਂ ਕੀਤਾ, ਤਾਂ ਉਨ੍ਹਾਂ ਨੂੰ ਰਾਗਾਂ ਦੇ ਨਿਯਮਾਂ ਦਾ ਅਤੇ ਸੰਗੀਤ ਅੰਦਰ ਦੀਆਂ ਹੋਰ ਸੂਖਮ ਕਲਾਵਾਂ ਜੋ ਕਿ ਤਾਨ, ਪਲਟੇ, ਮੁਰਕੀ, ਫੰਦਾ, ਮੀਂਡ, ਗਮਕ, ਕਣ, ਗਿਟਕਰੀ, ਇਰਾਦੇ ਆਦਿਕ ਦਾ ਕੀ ਗਿਆਨ ਹੋ ਸਕਦਾ ਹੈ। ਲੈਆਂ ਦੀ ਵੰਡ ਕਰਨੀ ਅਤੇ ਤਾਲ ਦੇ ਭਿੰਨ-ਭਿੰਨ ਸਰੂਪਾਂ ਦਾ ਜਾਣੂ ਹੋਣਾ ਤਾਂ ਬੜੀ ਦੂਰ ਦੀ ਗੱਲ ਹੈ।

ਸੰਗੀਤ ਵਰਗੇ ਕੋਮਲ ਹੁਨਰ ਤੇ ਕਲਾ ਨੂੰ ਨਾ ਕੋਈ ਸਿੱਖ ਸਕਦਾ ਹੈ ਅਤੇ ਨਾ ਹੀ ਕੋਈ ਗਾ ਸਕਦਾ ਹੈ, ਜਦ ਤਕ ਵਾਹਿਗੁਰੂ ਦੀ ਬਖ਼ਸ਼ਿਸ਼ ਨਾ ਹੋਵੇ। ਪ੍ਰਮਾਣ ਵਜੋਂ ਇਥੇ ਇਕ ਛੋਟੀ ਜਿਹੀ ਸਾਖੀ ਦੇ ਰਹੇ ਹਾਂ:

ਸਮਰਾਟ ਅਕਬਰ ਬੜਾ ਪਾਰਖੂ ਬੰਦਾ ਸੀ। ਬਾਦਸ਼ਾਹਾਂ ਵਿੱਚੋਂ ਸ਼ਾਇਦ ਹੀ ਕੋਈ ਇਹੋ ਜਿਹਾ ਗੁਣਾਂ ਦਾ ਪਾਰਖੂ ਬਾਦਸ਼ਾਹ ਹੋਵੇ। ਉਹ ਕਵੀਆਂ ਅਤੇ ਗਾਇਕਾਂ ਦੀ ਕਦਰ ਹੀਰੇ, ਲਾਲ, ਮੋਤੀ, ਰਤਨ, ਜਵਾਹਰ, ਮਾਣਿਕ ਆਦਿ ਨਾਲੋਂ ਵੀ ਜ਼ਿਆਦਾ ਕਰਦਾ ਸੀ। ਸੰਸਾਰ ਭਰ ਵਿਚ ਨੌਂ ਰਤਨ ਮਸ਼ਹੂਰ ਹਨ ਤੇ ਉਹ ਗੁਣਵਾਨ ਪੁਰਸ਼ਾਂ ਨੂੰ ਨੌਂ ਰਤਨਾਂ ਦੇ ਨਾਵਾਂ ਨਾਲ ਹੀ ਬੁਲਾਉਂਦਾ ਤੇ ਇੱਜ਼ਤ ਕਰਦਾ। ਇਥੇ ਹੀ ਬਸ ਨਹੀਂ, ਗਾਇਕਾਂ ਦੇ ਸ਼ਿਰੋਮਣੀ ਤਾਨਸੈਨ ਨੂੰ ਉਹ ਹਮੇਸ਼ਾ ਆਪਣੇ ਬਰਾਬਰ ਹੀ ਬਿਠਾਇਆ ਕਰਦਾ ਸੀ।

ਇਕ ਦਿਨ ਭਰੀ ਹੋਈ ਸਭਾ ਵਿਚ ਬੈਠਦਿਆਂ ਹੋਇਆਂ ਬਾਦਸ਼ਾਹ ਨੇ ਤਾਨਸੈਨ ਨੂੰ ਪੁੱਛਦਿਆਂ ਹੋਇਆਂ ਕਿਹਾ ਕਿ ਸਾਨੂੰ ਹੁਣ ਪੂਰੀ ਉਮੀਦ ਹੈ ਕਿ ਤੁਹਾਡੇ ਨਾਲੋਂ ਵੱਡਾ ਸੰਗੀਤਕਾਰ ਇਸ ਵਕਤ ਜਗਤ ਭਰ ਵਿਚ ਕੋਈ ਹੋਰ ਨਹੀਂ ਹੈ। ਇਸ ਮਹਾਨ ਸੰਗੀਤ ਸ਼ਾਸਤਰ ਦਾ, ਅਨੰਦਮਈ, ਆਤਮਿਕ ਕਲਾ ਦਾ, ਅਨਹਦ ਨਾਦ ਵਿੱਦਿਆ ਦਾ ਤੁਹਾਨੂੰ ਪੂਰਨ ਗਿਆਨ ਅਤੇ ਪੂਰਨ ਨਿਪੁੰਨਤਾ ਪ੍ਰਾਪਤ ਹੈ। ਸੋ ਹੁਣ ਤੁਹਾਡੇ ਕੋਲੋਂ ਇਸ ਵਿੱਦਿਆ ਦਾ ਕੋਈ ਵੀ ਭੇਤ ਛੁਪਿਆ ਨਹੀਂ ਰਹਿਆ ਹੋਵੇਗਾ।

ਅੱਗੋਂ ਤਾਨਸੈਨ ਨੇ ਜਵਾਬ ਦਿੰਦਿਆਂ ਹੋਇਆਂ ਕਿਹਾ ਕਿ ਬਾਦਸ਼ਾਹ ਸਲਾਮਤ! ਇਸ ਸਵਾਲ ਦਾ ਜਵਾਬ ਮੈਂ ਦੇਵਾਂਗਾ ਤਾਂ ਜ਼ਰੂਰ, ਪਰ ਫਿਰ ਕਦੇ।

ਕੁਝ ਸਮਾਂ ਬਤੀਤ ਹੋ ਜਾਣ ਉਪਰੰਤ ਅਕਬਰ ਆਪਣੀ ਸੈਨਾ ਸਮੇਤ ਜੰਗਲ ਵਿਚ ਸ਼ਿਕਾਰ ਖੇਡਣ ਗਿਆ। ਸ਼ਿਕਾਰ ਖੇਡਦਿਆਂ ਖੇਡਦਿਆਂ ਬਾਦਸ਼ਾਹ ਨੂੰ ਬੜੀ ਡਾਢੀ ਪਿਆਸ ਲੱਗੀ ਤਾਂ ਉਹ ਪਾਣੀ ਦੀ ਤਲਾਸ਼ ਕਰਦਾ ਕਰਦਾ ਬੜੀ ਮੁਸ਼ਕਲ ਨਾਲ ਇਕ ਨਦੀ ਕੰਢੇ ਪੁੱਜਿਆ, ਨਦੀ ਦਾ ਸੀਤਲ ਠੰਢਾ ਜਲ ਛਕ, ਘਣੀ ਠੰਢੀ ਸੁੰਦਰ ਛਾਇਆ ਦੇਖ ਦਰੱਖ਼ਤ ਥੱਲੇ ਆਰਾਮ ਕਰਨ ਲੱਗਾ।

ਇਸ ਬਾਦਸ਼ਾਹ ਵਿਚ ਕਈ ਇਕ ਵਾਧੇ ਸਨ ਜਿਹੜੇ ਕਿ ਕਿਸੇ ਆਮ ਰਾਜੇ ਜਾਂ ਬਾਦਸ਼ਾਹ ਵਿਚ ਹੋਣੇ ਅਸੰਭਵ ਹਨ। ਤਾਨਸੈਨ ਵਰਗੇ ਗੁਣੀਆਂ ਨੂੰ ਤਾਂ ਉਹ ਹਮੇਸ਼ਾ ਆਪਣੇ ਨਾਲ ਹੀ ਰੱਖਿਆ ਕਰਦਾ ਸੀ, ਕਿਉਂਜੁ ਜਦ ਕਦੇ ਉਸ ਦਾ ਮਨ ਅਸ਼ਾਂਤ ਜਾਂ ਫ਼ਿਕਰਮੰਦ ਹੁੰਦਾ, ਉਦੋਂ ਹੀ ਉਹ ਗੁਣਵਾਨ ਪੁਰਸ਼ਾਂ ਕੋਲੋਂ ਕਵਿਤਾ ਜਾਂ ਸੰਗੀਤ ਸੁਣਨ ਲੱਗ ਪੈਂਦਾ।

ਇਸੇ ਸਮੇਂ ਤਾਨਸੈਨ ਜੀ ਨੇ ਵੀ ਸੁੰਦਰ, ਸੋਹਣਾ ਸੀਤਲ ਜਲ ਵੇਖ ਨਦੀ ਵਿਚ ਇਸ਼ਨਾਨ ਕੀਤਾ, ਸਫ਼ੈਦ ਬਸਤਰ ਪਹਿਨੇ। ਪੁਰਸਕਾਰ ਵਜੋਂ ਮਿਲੀ ਹੋਈ ਤਲਵਾਰ ਦਾ ਇਸ਼ਨਾਨ ਕਰਵਾ, ਜਲ ਵਿਚ ਭਿੱਜੀ ਹੋਈ ਤਲਵਾਰ ਲੈ, ਜਲਦੀ ਹੀ ਬਾਦਸ਼ਾਹ ਦੇ ਸਨਮੁਖ ਜਾ ਖਲੋਏ ਅਤੇ ਆਖਿਆ, "ਬਾਦਸ਼ਾਹ ਸਲਾਮਤ! ਮੈਂ ਤਾਂ ਬਸ, ਇੰਨਾ ਕੁ ਹੀ ਸੰਗੀਤ ਜਾਣਦਾ ਹਾਂ, ਜ਼ਿਆਦਾ ਨਹੀਂ।"

ਅੱਗੋਂ ਬਾਦਸ਼ਾਹ ਨੇ ਆਖਿਆ, "ਮੈਂ ਇਸ ਤੁਹਾਡੀ ਨੰਗੀ ਤਲਵਾਰ ਤੋਂ ਕੁਝ ਨਹੀਂ ਸਮਝ ਸਕਿਆ ਕਿ ਇਸ ਦਾ ਭਾਵ ਕੀ ਹੈ।"

ਤਾਨਸੈਨ ਨੇ ਦੁਬਾਰਾ ਉੱਤਰ ਦਿੱਤਾ, "ਇਹ ਸੰਗੀਤ ਸ਼ਾਸਤਰ ਇਕ ਮਹਾਨ ਵੱਡਾ ਦਰਿਆ ਹੈ। ਜੋ ਪਾਣੀ ਦੇ ਵਗਦੇ ਆਉਂਦੇ ਦਰਿਆ ਵਿੱਚੋਂ ਜਿੰਨਾ ਕੁ ਪਾਣੀ ਇਹ ਮੇਰੀ ਤਲਵਾਰ ਲਿਆਈ ਹੈ, ਉਤਨਾ ਕੁ ਹੀ ਸੰਗੀਤ ਦੀਆਂ ਦੋ ਚਾਰ ਬੂੰਦਾਂ ਮੈਂ ਇਸ ਸੰਗੀਤ ਰੂਪੀ ਦਰਿਆ ਵਿੱਚੋਂ ਪ੍ਰਾਪਤ ਕੀਤੀਆਂ ਹਨ, ਜ਼ਿਆਦਾ ਨਹੀਂ।"

ਤਾਨਸੈਨ ਦਾ ਇਹ ਜਵਾਬ ਸੁਣ ਕੇ ਬਾਦਸ਼ਾਹ ਹੈਰਾਨ ਹੋਇਆ ਅਤੇ ਇਸ ਨਿਮਰਤਾ ਦੇ ਕਾਰਣ ਪਹਿਲੇ ਤੋਂ ਵੀ ਵਧੀਕ ਤਾਨਸੈਨ ਦੀ ਕਦਰ ਕੀਤੀ।

ਨਿਮਰਤਾ ਦਾ ਉਪਦੇਸ਼ ਜਿੰਨਾ ਗੁਰੂ ਸਾਹਿਬ ਜੀ ਦੀ ਬਾਣੀ ਤੋਂ ਮਿਲਦਾ ਹੈ, ਇੰਨਾ ਕਿਤਿਓਂ ਵੀ ਪ੍ਰਾਪਤ ਨਹੀਂ ਹੁੰਦਾ।

ਪ੍ਰਮਾਣਿਕ ਤੌਰ 'ਤੇ:

**ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ ॥**
**ਸਾਧਸੰਗਿ ਜਾ ਕਾ ਮਿਟੈ ਅਭਿਮਾਨੁ ॥**
**ਆਪਸ ਕਉ ਜੋ ਜਾਣੈ ਨੀਚਾ ॥**
**ਸੋਊ ਗਨੀਐ ਸਭ ਤੇ ਊਚਾ ॥** *(ਗਉੜੀ ਸੁਖਮਨੀ ਮ: ੫, ਪੰਨਾ 266)*

ਇਹ ਤਾਂ ਪਿਛਲੇ ਜਨਮ ਵਿਚ ਦਾਨ ਕੀਤਾ ਹੋਵੇ, ਸਾਰੀ ਉਮਰ ਨਾਮ ਜਪਿਆ ਹੋਵੇ, ਨਾਮ ਵੀ ਪਰਮੇਸ਼ੁਰ ਵਾਹਿਗੁਰੂ ਦਾ ਹੋਵੇ, ਦਾਨ ਵੀ ਹੀਰੇ ਮੋਤੀਆਂ ਦਾ ਹੋਵੇ, ਮੋਤੀ ਵੀ ਸੁੱਚੇ ਹੋਣ ਅਤੇ ਮੋਤੀ ਵੀ ਦੋ ਜਾਂ ਚਾਰ ਨਾ ਹੋਣ, ਸਗੋਂ ਥਾਲ ਭਰ ਭਰ ਕੇ ਦਾਨ ਕੀਤੇ ਹੋਏ ਹੋਣ, ਤਾਂ ਜਾ ਕੇ ਸੰਗੀਤ ਵਰਗਾ ਕੋਮਲ ਹੁਨਰ ਅਤੇ ਗੁਰਬਾਣੀ ਦੇ ਕੀਰਤਨ ਵਰਗੀ ਅਮੋਲਕ ਦਾਤ ਪ੍ਰਾਪਤ ਹੁੰਦੀ ਹੈ।

ਸਤਿਗੁਰੂ ਜੀ ਵੀ ਫ਼ੁਰਮਾਉਂਦੇ ਹਨ:

**ਨਾਮੁ ਅਮੋਲਕੁ ਰਤਨੁ ਹੈ, ਪੂਰੇ ਸਤਿਗੁਰ ਪਾਸਿ ॥**
**ਸਤਿਗੁਰ ਸੇਵੈ ਲਗਿਆ, ਕਢਿ ਰਤਨੁ ਦੇਵੈ ਪਰਗਾਸਿ ॥**
**ਧੰਨੁ ਵਡਭਾਗੀ ਵਡ ਭਾਗੀਆ, ਜੋ ਆਇ ਮਿਲੇ ਗੁਰ ਪਾਸਿ ॥**
*(ਸਿਰੀ ਰਾਗੁ ਮਹਲਾ ੪, ਪੰਨਾ 40)*

**ਵਤ ਲਗੀ ਸਚੇ ਨਾਮ ਕੀ, ਜੋ ਬੀਜੇ ਸੋ ਖਾਇ ॥**
**ਤਿਸਹਿ ਪਰਾਪਤਿ ਨਾਨਕਾ, ਜਿਸ ਨੋ ਲਿਖਿਆ ਆਇ ॥**
*(ਸਲੋਕ ਮਹਲਾ ੫, ਪੰਨਾ 321)*

ਹਰਿ ਕੀਰਤਿ ਸਾਧਸੰਗਤਿ ਹੈ, ਸਿਰਿ ਕਰਮਨ ਕੈ ਕਰਮਾ॥
ਕਹੁ ਨਾਨਕ ਤਿਸੁ ਭਇਓ ਪਰਾਪਤਿ, ਜਿਸੁ ਪੁਰਬ ਲਿਖੇ ਕਾ ਲਹਨਾ॥

*(ਸੋਰਠਿ ਮਹਲਾ ੫, ਪੰਨਾ 642)*

ਕਈ ਗੁਰਮੁਖ ਪਿਆਰੇ ਤਾਂ ਇਹ ਅਮੋਲਕ ਦਾਤ ਪ੍ਰਾਪਤ ਕਰ ਕੇ ਇਸ ਆਤਮਾ ਦੁਆਰਾ ਰੱਬੀ ਗੁਰਬਾਣੀ ਦਾ ਗੁਰ ਕੀਰਤਨ ਕਰ ਕੇ ਆਪਣਾ ਮਾਨਸ ਜਨਮ ਸਫਲ ਕਰ ਲੈਂਦੇ ਹਨ, ਪਰ ਕਈ ਮੇਰੇ ਵਰਗੇ ਭੁੱਲੜ ਜੀਵ "ਤਪੋਂ ਰਾਜ ਤੇ ਰਾਜੋਂ ਨਰਕ" ਵਾਲੀ ਗੱਲ ਬਣਾ ਲੈਂਦੇ ਹਨ, ਭਾਵ ਇਹ ਕਿ ਰੱਬ ਦਾ ਸੱਚਾ ਨਾਮ ਜਪਣ ਨਾਲ ਅਤੇ ਦਸਾਂ ਨਹੁੰਆਂ ਦੀ ਸੱਚੀ ਕਿਰਤ ਕਰ ਕੇ, ਦਾਨ ਕਰਨ ਨਾਲ ਸੰਗੀਤ ਵਰਗਾ ਕੋਮਲ ਹੁਨਰ ਅਤੇ ਗੁਰ ਕੀਰਤਨ ਦੀ ਅਮੋਲਕ ਦਾਤ ਤਾਂ ਪ੍ਰਾਪਤ ਹੋ ਜਾਂਦੀ ਹੈ, ਪਰ ਉਹ ਹਲਕੇ ਫੁਲਕੇ ਆਪਣੀ ਮਨ-ਮਰਜ਼ੀ ਦੇ ਗੀਤ ਗਾ ਕੇ, ਫ਼ਿਲਮਾਂ ਵਿਚ ਭਰਤੀ ਹੋ ਕੇ, ਆਪਣਾ ਸਾਰਾ ਜੀਵਨ ਵਿਸ਼ੇ-ਵਿਕਾਰਾਂ ਰਾਹੀਂ ਖ਼ਰਾਬ ਕਰ ਇਹ ਅਮੋਲਕ ਦਾਤ ਹੱਥੋਂ ਖੁਹਾ ਲੈਂਦੇ ਹਨ ਅਤੇ ਮਾਣਸ ਦੇਹੀ ਦੀ ਉਹ ਬਾਜ਼ੀ ਹਾਰ ਜਾਂਦੇ ਹਨ। ਆਏ ਤਾਂ ਸਨ ਚੁਰਾਸੀ ਦਾ ਗੇੜ ਮੁਕਾਉਣ, ਪਰ ਦੁਬਾਰਾ ਫਿਰ ਚੁਰਾਸੀ ਦੇ ਗੇੜ ਵਿਚ ਪੈ ਜਾਂਦੇ ਹਨ, ਚੁਰਾਸੀ ਵਾਲੇ ਜੀਵਾਂ ਦਾ ਕੰਮ ਕਰ ਕੇ। ਜਿਵੇਂ ਗੁਰਬਾਣੀ ਵਿਚ ਵੀ ਆਉਂਦਾ ਹੈ:

ਲਖ ਚਉਰਾਸੀਹ ਭ੍ਰਮਤੇ ਭ੍ਰਮਤੇ, ਦੁਲਭ ਜਨਮੁ ਅਬ ਪਾਇਓ॥
ਰੇ ਮੂੜੇ ਤੂ ਹੋਛੈ ਰਸਿ ਲਪਟਾਇਓ॥
ਅੰਮ੍ਰਿਤੁ ਸੰਗਿ ਬਸਤੁ ਹੈ ਤੇਰੈ, ਬਿਖਿਆ ਸਿਉ ਉਰਝਾਇਓ॥
ਰਤਨ ਜਵੇਹਰ ਬਨਜਨਿ ਆਇਓ, ਕਾਲਰੁ ਲਾਦਿ ਚਲਾਇਓ॥

*(ਮਾਰੂ ਮਹਲਾ ੫, ਪੰਨਾ 1017)*

ਸੰਤਾ ਸੇਤੀ ਰੰਗੁ ਨ ਲਾਏ॥ ਸਾਕਤ ਸੰਗਿ ਵਿਕਰਮ ਕਮਾਏ॥
ਦੁਲਭ ਦੇਹ ਖੋਈ ਅਗਿਆਨੀ, ਜੜ ਅਪੁਣੀ ਆਪਿ ਉਪਾੜੀ ਜੀਉ॥

*(ਮਾਝ ਮਹਲਾ ੫, ਪੰਨਾ 105)*

ਲੋਭ ਵਿਕਾਰ ਜਿਨਾ ਮਨੁ ਲਾਗਾ, ਹਰਿ ਵਿਸਰਿਆ ਪੁਰਖੁ ਚੰਗੇਰਾ॥
ਓਇ ਮਨਮੁਖ ਮੂੜ ਅਗਿਆਨੀ ਕਹੀਅਹਿ ਤਿਨ ਮਸਤਕਿ ਭਾਗੁ ਮੰਦੇਰਾ॥

*(ਟੋਡੀ ਮਹਲਾ ੫, ਪੰਨਾ 711)*

ਆਓ! ਹੁਣ ਉਥੇ ਹੀ ਜਿਥੋਂ ਅਸੀਂ ਰਾਗ ਦੇ ਨਿਯਮਾਂ ਜਾਂ ਅੰਗਾਂ ਦਾ ਵਿਚਾਰ ਕਰਦੇ ਸੀ। ਜੇਕਰ ਇਹ ਮੰਨ ਲਿਆ ਜਾਵੇ ਕਿ ਰਾਗ ਦੇ ਨਿਯਮ ਧ੍ਰਪਦ, ਧਮਾਰ ਆਦਿ ਗਾਇਨ ਸ਼ੈਲੀਆਂ ਦੇ ਵਿਚ ਹੀ ਹੁੰਦੇ ਹਨ ਤਾਂ ਤਿੰਨ ਤਾਲ ਅਤੇ ਬਾਕੀ ਦੀਆਂ ਹੋਰ ਤਾਲਾਂ ਵਿਚ ਕਿਹੜੇ ਨਿਯਮ ਹੋਣਗੇ। ਸੋ ਇਸ ਗੱਲ ਨੂੰ ਸਮਝਣ ਦੀ ਲੋੜ ਹੈ।

ਜੇਕਰ ਧ੍ਰਪਦ ਧਮਾਰ ਹੀ ਨਿਯਮਾਂ ਦੇ ਅੰਦਰ ਗਾਏ ਜਾਂਦੇ ਸਨ ਤਾਂ ਠੁਮਰੀ, ਟੱਪਾ, ਗੀਤ, ਰੀਤ, ਸ਼ਬਦ ਆਦਿਕ ਵੀ ਕੁਝ ਥੋੜੇ ਬਹੁਤੇ ਨਿਯਮਾਂ ਦੇ ਅੰਦਰ ਹੀ ਸਨ ਅਤੇ ਅੱਜ ਵੀ ਹਨ। ਜਿਹੜਾ ਸ਼ਬਦ ਚਾਰ ਤਾਲ, ਧ੍ਰਪਦ ਵਿਚ ਗਾਇਆ ਜਾਂਦਾ ਹੈ, ਉਹੋ ਹੀ ਸ਼ਬਦ ਉਸ ਹੀ ਰਾਗ ਵਿਚ ਤਿੰਨ ਤਾਲ, ਸੂਲਫਾਕ, ਰੂਪਕ, ਯੱਕਾ, ਝਪਤਾਲ, ਜੱਤ ਤਾਲ ਆਦਿਕ ਤਾਲਾਂ ਵਿਚ ਵੀ ਗਾਇਆ ਜਾਂਦਾ ਹੈ। ਰਾਗ ਦਾ ਚਲਣ, ਰੰਗ, ਰੂਪ ਅਤੇ ਸੁਰਾਂ ਵੀ ਉਹੋ ਜਿਹੀਆਂ ਹੁੰਦੀਆਂ ਹਨ।

ਇਹ ਸਭ ਗੁਣੀ-ਜਨਾਂ ਦੀ ਅਕਲ ਦਾ ਹੀ ਕ੍ਰਿਸ਼ਮਾ ਹੈ ਕਿ ਮਾਤਰਾਵਾਂ ਦਾ ਹੇਰ-ਫੇਰ ਕਰ ਕੇ ਚੀਜ਼ ਨੂੰ ਕਈ ਪ੍ਰਕਾਰ ਨਾਲ ਕਈ ਤਾਲਾਂ ਵਿਚ ਬੰਦਸ਼ ਬਣਾ ਕੇ ਗਾ ਲੈਂਦੇ ਹਨ।

ਵਿਗਿਆਨੀਆਂ ਨੇ ਅੱਜ-ਕੱਲ੍ਹ ਦੀ ਦੁਨੀਆ ਵਿਚ ਬੜੇ ਕੰਮ ਕੀਤੇ ਹਨ। ਉਹਨਾਂ ਨੇ ਪੁਰਾਤਨ ਖੋਜਾਂ, ਪੁਰਾਤਨ ਨਿਸ਼ਾਨ ਅਤੇ ਪੁਰਾਤਨ ਕਿਵਦੰਤੀਆਂ ਤੋਂ ਬੜਾ ਲਾਭ ਉਠਾਇਆ ਹੈ। ਧਰਤੀ 'ਤੇ ਤੁਰਨ ਵਾਲਾ ਬੰਦਾ ਅੱਜ ਆਕਾਸ਼ 'ਤੇ ਉਡਾਰੀਆਂ ਲਾਉਂਦਾ ਅਤੇ ਚੰਨ ਦੀ ਧਰਤੀ 'ਤੇ ਵੀ ਤੁਰ ਕੇ ਵੇਖਦਾ ਹੈ। ਹੁਣ ਇਸ ਦੀ ਅੱਖ ਸ਼ੁਕਰ ਤੇ ਮੰਗਲ ਤਾਰੇ ਵੱਲ ਵੀ ਲੱਗੀ ਹੋਈ ਹੈ।

ਜੇ ਸਰਜਰੀ ਦੇ ਲਿਹਾਜ਼ ਨਾਲ ਵੇਖਿਆ ਜਾਵੇ ਤਾਂ ਅੱਜ ਮੁਰਦੇ ਜਿਊਂਦੇ ਕਰਨ ਵਾਲੇ ਕੰਮ ਕੀਤੇ ਜਾਂਦੇ ਹਨ। ਇਕ ਆਦਮੀ ਦੇ ਦਿਲ ਨੂੰ ਦੂਸਰੇ ਦੇ ਦਿਲ੍ਹ ਵਿਚ ਪਾਇਆ ਜਾਂਦਾ ਹੈ। ਇਕ ਦੀ ਅੱਖ ਦੂਜੇ ਨੂੰ ਲਾਈ ਜਾਂਦੀ ਹੈ ਅਤੇ ਤੰਦਰੁਸਤ ਬੰਦੇ ਦਾ ਖ਼ੂਨ ਬਿਮਾਰ ਨੂੰ ਚੜ੍ਹਾ ਕੇ ਉਸ ਦਾ ਜੀਵਨ ਬਚਾਇਆ ਜਾਂਦਾ ਹੈ।

ਜਿਸ ਤਰ੍ਹਾਂ ਵਿਗਿਆਨੀਆਂ ਨੇ ਆਪਣੇ ਖੋਜ ਭਰੇ ਜੀਵਨ ਦੁਆਰਾ ਰਾਤ ਦਿਨ ਇਕ ਕਰ ਕੇ ਇੰਨਾ ਕੁਝ ਕੀਤਾ ਅਤੇ ਅੱਗੋਂ ਲਈ ਹੋਰ ਕਰ ਰਹੇ ਹਨ। ਇਸੇ ਤਰ੍ਹਾਂ ਸੰਗੀਤਕਾਰ ਵੀ ਸੰਗੀਤ ਦੇ ਖੇਤਰ ਵਿਚ ਕੋਈ ਘੱਟ ਕੰਮ ਨਹੀਂ ਕਰ ਰਹੇ। ਜੇਕਰ ਇਸੇ ਪ੍ਰਕਾਰ ਹੋਰ ਵੀ ਕੋਸ਼ਿਸ਼ ਕਰੀ ਜਾਣਗੇ ਤਾਂ ਮੇਰਾ ਖ਼ਿਆਲ ਹੈ ਕਿ ਦੀਪਕ ਰਾਗ ਰਾਹੀਂ ਦੀਵੇ ਜਗਾਉਣੇ ਅਤੇ ਮੇਘ-ਮਲ੍ਹਾਰ ਰਾਹੀਂ ਮੀਂਹ ਵਰਸਾਉਣਾ ਕੋਈ ਔਖਾ ਨਹੀਂ, ਜੇ ਗੁਰਬਾਣੀ ਦਾ ਕੀਰਤਨ ਕਰਨ ਵਾਲੇ ਸੱਜਣ ਹਠ, ਜਪ, ਤਪ ਕਰਨ ਤਦ।

ਹੁਣ ਤਾਂ ਸੰਗੀਤ ਨਾਲ ਦੂਹਰੀ ਸ਼ਕਤੀ ਅਰਥਾਤ ਦੁਗਣੀ ਸਹਾਇਤਾ ਹੈ। ਜਿਹੜੇ ਸਮਿਆਂ ਵਿਚ ਰਾਗ ਦੀਪਕ ਰਾਹੀਂ ਦੀਵੇ ਜਗਾਏ ਗਏ ਅਤੇ ਮੇਘ-ਮਲ੍ਹਾਰ ਰਾਹੀਂ ਬੱਦਲ ਵਰਸਾਏ, ਉਨ੍ਹਾਂ ਸਮਿਆਂ ਵਿਚ ਕੇਵਲ ਇਕ ਸੰਗੀਤ ਹੀ ਸੀ। ਪਰ, ਅੱਜ ਗੁਰੂ ਨਾਨਕ ਸਾਹਿਬ ਜੀ ਦੀ ਰਸਨਾ ਤੋਂ ਉਚਾਰੀ ਹੋਈ ਧੁਰੋਂ ਆਈ ਇਲਾਹੀ ਬਾਣੀ ਵੀ ਸੰਗੀਤ ਦੇ ਨਾਲ ਸ਼ਾਮਲ ਹੈ।

ਜੇਕਰ ਰਾਗ ਨਾਲ ਸ਼ਾਮਲ ਹੋਈ ਬਾਣੀ ਨੂੰ ਆਪਣੀ ਆਤਮਾ ਰਾਹੀਂ, ਪ੍ਰੇਮ, ਸ਼ਰਧਾ, ਦ੍ਰਿੜ੍ਹ ਵਿਸ਼ਵਾਸ, ਅਟੁੱਟ ਪਿਆਰ ਨਾਲ ਗਾਵਿਆ ਜਾਵੇ ਤਾਂ ਉਹ ਦਿਨ ਦੂਰ ਨਹੀਂ ਹੋਵੇਗਾ ਜਦ ਕਿ ਉਹ ਸਭ ਕੁਝ ਹੋ ਜਾਵੇਗਾ ਜੋ ਕੁਝ ਅਸੀਂ ਉੱਪਰ ਦੱਸ ਆਏ ਹਾਂ। ਦੀਵੇ ਜਗਾਉਣਾ ਅਤੇ ਮੀਂਹ ਵਰ੍ਹਾਉਣਾ ਕੋਈ ਇੰਨਾ ਵੱਡਾ ਕੰਮ ਨਹੀਂ, ਜਿਹੜਾ ਕਿ ਹੋ ਨਾ ਸਕੇ। ਕਿਉਂਜੁ ਮੁਰਦਿਆਂ ਨੂੰ ਜਿਊਂਦੇ ਕਰਨਾ, ਅਸ਼ਾਂਤ ਮਨ ਨੂੰ ਸ਼ਾਂਤ ਕਰਨਾ, ਰਾਖਸ਼ਾਂ ਤੋਂ ਦੇਵਤੇ ਬਣਾਉਣੇ, ਦੁਖੀਆਂ ਦੇ ਦੁਖ ਦੂਰ ਤਾਂ ਗੁਰਬਾਣੀ ਇਕੱਲੀ ਹੀ ਕਰਦੀ ਆਈ ਹੈ ਅਤੇ ਅੱਜ ਵੀ ਕਰਦੀ ਹੈ:

**ਪ੍ਰਭ ਕੈ ਸਿਮਰਨਿ ਗਰਭਿ ਨ ਬਸੈ॥ ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ॥**
**ਪ੍ਰਭ ਕੈ ਸਿਮਰਨਿ ਕਾਲੁ ਪਰਹਰੈ॥ ਪ੍ਰਭ ਕੈ ਸਿਮਰਨਿ ਦੁਸਮਨੁ ਟਰੈ॥**

*(ਗਉੜੀ ਸੁਖਮਨੀ ਮ: ੫, ਪੰਨਾ 262)*

**ਜਿਸੁ ਸਿਮਰਤ ਦੁਖ ਡੇਰਾ ਢਹੈ॥ ਜਿਸੁ ਸਿਮਰਤ ਜਮੁ ਕਿਛੂ ਨ ਕਹੈ॥**
**ਜਿਸੁ ਸਿਮਰਤ ਹੋਤ ਸੂਕੇ ਹਰੇ॥ ਜਿਸੁ ਸਿਮਰਤ ਡੂਬਤ ਪਾਹਨ ਤਰੇ॥**

*(ਗਉੜੀ ਗੁਆਰੇਰੀ ਮਹਲਾ ੫, ਪੰਨਾ 182)*

**ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸੁ॥**
**ਸਗਲ ਮਨੋਰਥ ਪਾਵੈ ਨਾਨਕ, ਪੂਰਨ ਹੋਵੈ ਆਸ॥**

*(ਕਾਨੜਾ ਮਹਲਾ ੫, ਪੰਨਾ 1300)*

ਭਗਤ ਕਬੀਰ ਜੀ ਨੇ ਹਾਥੀ ਜਿਊਂਦਾ ਕੀਤਾ ਸੀ। ਰਵਿਦਾਸ ਜੀ ਦੀ ਭਗਤੀ

ਦੇ ਪ੍ਰਭਾਵ ਨਾਲ ਗੰਗਾ ਨੇ ਆਪਣਾ ਵਹਿਣ ਸਥਾਨ ਉਨ੍ਹਾਂ ਦੇ ਚਰਨਾਂ ਵਿਚ ਹੀ ਬਣਾ ਲਿਆ ਅਤੇ ਬਾਬਾ ਨਾਮਦੇਵ ਜੀ ਨੇ ਤਾਂ ਸੰਗੀਤ ਦੁਆਰਾ ਇਹੋ ਜਿਹੀ ਆਰਾਧਨਾ ਕੀਤੀ ਕਿ ਉਨ੍ਹਾਂ ਦੀ ਕੀਰਤਨ ਸ਼ਕਤੀ ਨੇ ਦੇਹੁਰੇ ਨੂੰ ਫੇਰਿਆ ਅਤੇ ਗਊ ਨੂੰ ਵੀ ਸੁਰਜੀਤ ਕੀਤਾ :

ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ,

*(ਮਲਾਰ ਨਾਮਦੇਵ, ਪੰਨਾ 1292)*

ਭਗਤ ਜਨਾ ਕੰਉ ਆਪਿ ਤੁਠਾ ਮੇਰਾ ਪਿਆਰਾ,
ਆਪੇ ਲਇਅਨੁ ਜਨ ਲਾਇ ॥
ਪਾਤਿਸਾਹੀ ਭਗਤ ਜਨਾ ਕਉ ਦਿਤੀਅਨੁ,
ਸਿਰਿ ਛਤੁ ਸਚਾ ਹਰਿ ਬਣਾਇ ॥ *(ਵਾਰ ਵਡਹੰਸ ਮ: ੪, ਪੰਨਾ 590)*

ਜੈਸੇ ਤਉ ਸਕਲ ਨਿਧਿ, ਪੂਰਨ ਸਮੁੰਦ੍ਰ ਬਿਖੈ,
ਹੰਸ ਮਰਜੀਵਾ ਨਿਹਚੈ ਪ੍ਰਸਾਦੁ ਪਾਵਈ ॥
ਜੈਸੇ ਪਰਬਤਿ ਹੀਰਾ ਮਾਨਕ, ਪਾਰਸ ਸਿਧ,
ਖਨਵਾਰਾ ਖਨਿ, ਜਗ ਵਿਖੇ ਪ੍ਰਗਟਾਵਈ ॥
ਜੈਸੇ ਬਨ ਬਿਖੈ, ਮਲਿਆਗਰ ਸੌਧਾ ਕਪੂਰ,
ਸੋਧ ਕੈ ਸੁਬਾਸੀ, ਸੁਬਾਸ ਬਿਹਸਾਵਈ ॥
ਤੈਸੇ ਗੁਰਬਾਨੀ ਬਿਖੈ, ਸਕਲ ਪਦਾਰਥ ਹੈ,
ਜੋਈ ਜੋਈ ਖੋਜੈ, ਸੋਈ ਸੋਈ ਨਿਪਜਾਵਈ ॥੫੪੬॥

*(ਕਬਿੱਤ ਸਵੱਯੇ, ਭਾਈ ਗੁਰਦਾਸ ਜੀ)*

ਸੋ ਅੱਜ ਵੀ ਗੁਰੂਆਂ ਦੀ ਅਤੇ ਭਗਤਾਂ ਦੀ ਬਾਣੀ ਸਾਡੇ ਕੋਲ ਹੈ ਅਤੇ ਤਾਂਨਸੈਨ ਤੇ ਬੈਜੂਬਾਵਰੇ ਦਾ ਸੰਗੀਤ ਵੀ।

ਗੱਲ ਬਣ ਸਕਦੀ ਹੈ, ਪਰ ਲੋੜ ਹੈ, ਥੋੜਾ ਜਿਹਾ ਧਿਆਨ ਦੇਣ ਦੀ ਅਤੇ ਸੱਚੇ ਤੇ ਸੁੱਚੇ ਆਚਰਣ ਦੀ।

# ਮਾਤਰੇ ਬਾਰੇ ਵਿਚਾਰ

ਜਿਥੇ ਸੰਗੀਤ ਦੇ ਵਿਦਿਆਰਥੀ ਨੂੰ ਸੁਰ ਸਮਝਣ ਦੀ ਲੋੜ ਹੈ, ਉਥੇ ਮਾਤਰੇ ਦਾ ਸਮਝਣਾ ਵੀ ਅਤੀ ਜ਼ਰੂਰੀ ਹੈ। ਕਿਉਂਕਿ ਤਿੰਨ ਚੀਜ਼ਾਂ ਦੇ ਸੰਗਠਨ ਦਾ ਨਾਮ ਹੀ ਸੰਗੀਤ ਹੈ, ਭਾਵ ਸੁਰ, ਤਾਲ ਅਤੇ ਲੈਅ।

ਆਮ ਵਿਦਿਆਰਥੀਆਂ ਲਈ *ਸੁਰ ਸਿਮਰਨ ਸੰਗੀਤ* ਦੇ ਪਹਿਲੇ ਭਾਗ ਵਿਚ ਅਸੀਂ ਸੁਰ ਦੀ ਸਾਧਨਾ, ਸੁਖੈਨ ਜਿਹੀਆਂ ਲੈਅਕਾਰੀਆਂ ਅਤੇ ਲੈਅ ਬਾਰੇ ਦੱਸ ਚੁੱਕੇ ਹਾਂ। ਇਥੇ ਹੁਣ ਮਾਤਰਾ, ਤਾਲ ਅਤੇ ਕੁਝ ਕਠਿਨ ਲੈਅਕਾਰੀਆਂ ਬਾਰੇ ਵਿਚਾਰ ਦੇ ਰਹੇ ਹਾਂ ਕਿ ਮਾਤਰਾ ਕਿਸ ਨੂੰ ਕਹਿੰਦੇ ਹਨ, ਤਾਲ ਕਿਸ ਤਰ੍ਹਾਂ ਬਣਾਏ ਜਾਂਦੇ ਹਨ ਅਤੇ ਭਿੰਨ ਭਿੰਨ ਪ੍ਰਕਾਰ ਦੀਆਂ ਕਿਹੜੀਆਂ ਕਿਹੜੀਆਂ ਲੈਅਕਾਰੀਆਂ ਹੁੰਦੀਆਂ ਹਨ।

## ਮਾਤਰਾ

ਆਮ ਗੱਲਾਂ ਕਰਨ ਵਿਚ ਜਾਂ ਕਿਸੇ ਕੋਲੋਂ ਕੋਈ ਵਸਤੂ ਲੈਣ ਸਮੇਂ ਕਿਹਾ ਜਾਂਦਾ ਹੈ ਕਿ ਮੈਨੂੰ ਇਹ ਚੀਜ਼ ਇੰਨੀ ਕੁ ਮਾਤਰਾ 'ਚ ਪਾਈਂ ਜਾਂ ਇੰਨੀ ਮਾਤਰਾ 'ਚ ਦੇਈਂ ਜਾਂ ਇਹ ਵਸਤੂ ਥੋੜੀ ਮਾਤਰਾ ਵਿਚ ਦਿਓ। ਦੂਸਰੇ ਸ਼ਬਦਾਂ ਵਿਚ ਭੋਰਾ ਜਾਂ ਰੰਚਕ ਮਾਤਰ ਦਿਓ। ਇਹ ਮਾਤਰ ਸ਼ਬਦ ਪਦ ਵੀ ਮਾਤਰਾ ਵਿੱਚੋਂ ਆਇਆ ਹੈ। ਸੋ ਮਾਤਰਾ ਸ਼ਬਦ ਦਾ ਅਰਥ ਇਹੋ ਹੀ ਹੈ ਕਿ ਥੋੜੀ ਚੀਜ਼ ਜਾਂ ਥੋੜਾ ਸਮਾਂ। ਹੁਣ ਮਾਤਰੇ ਦੀ ਸਮੇਂ ਦੀ ਵੰਡ ਬੰਦਸ਼ਾਂ ਵਿਚ ਕਿਵੇਂ ਕੀਤੀ ਜਾਵੇ।

ਪੁਰਾਣੇ ਬਜ਼ੁਰਗਾਂ ਤੋਂ ਸੁਣਿਆ ਹੈ ਕਿ ਖੱਬੇ ਹੱਥ ਦੀ ਹਥਿਆਲੀ ਨੂੰ ਬਰਾਬਰ ਸਾਹਮਣੇ ਰੱਖ ਕੇ ਅਤੇ ਸੱਜੇ ਹੱਥ ਨੂੰ ਖੱਬੇ ਹੱਥ ਦੀ ਹਥਿਆਲੀ ਉੱਤੇ ਮਾਰ ਕੇ ਕੰਨ ਤਕ ਲਿਆਉਣ ਲਿਜਾਉਣ ਨਾਲ ਅਤੇ ਵਾਪਸ ਉਸੇ ਹੀ ਰਫ਼ਤਾਰ ਵਿਚ ਮੁੜ ਕੇ ਖੱਬੇ ਹੱਥ ਦੀ ਹਥਿਆਲੀ 'ਤੇ ਮਾਰਨਾ ਹੀ ਇਕ ਮਾਤਰੇ ਦਾ ਸਮਾਂ ਹੈ। ਭਾਵ ਕਿ ਹਥਿਆਲੀ ਤੋਂ ਕੰਨ ਤਕ ਹੱਥ ਦੇ ਆਉਣ ਵਿਚ ਜਿੰਨਾ ਸਮਾਂ ਲੱਗਦਾ ਹੈ, ਉਸ ਦਾ ਹੀ ਨਾਂ ਮਾਤਰਾ ਹੈ।

ਪ੍ਰਾਚੀਨ ਕਾਲ ਵਿਚ ਸਾਮ ਵੇਦ ਦੇ ਸ਼ਲੋਕ ਉਚਾਰਣ ਸਮੇਂ ਵੀ ਵਿਦਵਾਨ ਪੰਡਤ ਲੋਕ ਹੱਥ ਦਾ ਇਸ਼ਾਰਾ ਮਾਤਰਾ ਦੇ ਰੂਪ ਵਿਚ ਦਿੰਦੇ ਸਨ ਅਤੇ ਮਾਤਰੇ ਦੀ ਚਾਲ ਦਾ ਸਮਾਂ ਬੰਨ੍ਹ ਕੇ ਰੱਖਿਆ ਕਰਦੇ ਸਨ ਅਤੇ ਨਾਲ ਨਾਲ ਵੇਦਾਂ ਦੇ ਸ਼ਲੋਕਾਂ ਦਾ ਉਚਾਰਣ ਕਰਿਆ ਕਰਦੇ ਸਨ।

ਮਾਤਰੇ ਦੇ ਸਮਝਾਉਣ ਜਾਂ ਮਾਤਰੇ ਦੇ ਸਮਝਣ ਲਈ ਪੁਰਾਤਨ ਅਤੇ ਨਵੀਨ ਗ੍ਰੰਥਾਂ ਵਿੱਚੋਂ ਕਾਫ਼ੀ ਵੱਖੋ ਵੱਖਰੇ ਵਿਚਾਰ ਮਿਲਦੇ ਹਨ, ਪਰ ਇਥੇ ਅਸੀਂ ਬਹੁਤ ਹੀ ਸਰਲ ਤੇ ਸੁਖੈਨ ਪ੍ਰਣਾਲੀ ਦੁਆਰਾ ਸਿਖਿਆਰਥੀਆਂ ਦੇ ਮਾਤਰਾ ਸਮਝਣ ਲਈ ਇਕ ਸੰਖੇਪ ਜਿਹਾ ਸੁਝਾਓ ਦਿੱਤਾ ਹੈ। ਬਾਕੀ ਅਸੀਂ ਮਾਤਰੇ ਉੱਤੇ ਵਿਸਥਾਰ ਪੂਰਵਕ ਵਿਚਾਰ ਅਗਲੇ ਭਾਗ

ਵਿਚ ਕਰਾਂਗੇ। ਇਥੇ ਸਿਰਫ਼ ਇਤਨਾ ਹੀ ਦੇਣਾ ਕਾਫ਼ੀ ਹੈ। ਜੇਕਰ ਇਥੇ ਮਾਤਰਾ ਅਤੇ ਤਾਲ ਦਾ ਵਿਸਥਾਰ ਕਰਨ ਲੱਗੀਏ ਤਾਂ ਸਾਡਾ ਜੋ ਅਸਲ ਨਿਸ਼ਾਨਾ ਹੈ, ਉਸ ਤੋਂ ਦੂਰ ਚਲੇ ਜਾਵਾਂਗੇ।

## ਤਾਲ

ਤਾਲ ਚੀਜ਼ ਕੀ ਹੈ ? ਤਾਲ ਦਾ ਸਰੂਪ ਕੀ ਹੈ ਅਤੇ ਤਾਲ ਬਣਦੇ ਕਿਵੇਂ ਹਨ ?

ਅਸਲ ਵਿਚ ਤਾਲ ਦੀ ਹੋਂਦ ਮਾਤਰੇ ਵਿੱਚੋਂ ਆਈ ਹੈ। ਭਿੰਨ ਭਿੰਨ ਮਾਤਰਾਵਾਂ ਦੇ ਇਕੱਠ ਨਾਲ ਹੀ ਅਨੇਕਾਂ ਤਾਲਾਂ ਦੀ ਉਤਪਤੀ ਹੁੰਦੀ ਹੈ। ਜਿਸ ਤਰ੍ਹਾਂ ਇਕ ਮਾਤਰੇ ਦੇ ਲੰਬੇ ਸਮੇਂ ਵਿਚ ਇਕ, ਦੂਸਰੇ ਮਾਤਰੇ ਦੇ ਸਮੇਂ ਵਿਚ ਦੋ, ਤੀਸਰੇ ਮਾਤਰੇ ਦੇ ਸਮੇਂ ਵਿਚ ਤਿੰਨ ਅਤੇ ਚੌਥੇ ਮਾਤਰੇ ਦੇ ਸਮੇਂ ਵਿਚ ਚਾਰ ਉਚਾਰਣ ਕਰ ਕੇ ਫਿਰ ਦੁਬਾਰਾ ਇਕ ਅੰਕ ਕਿਹਾ ਜਾਵੇ ਤਾਂ ਉਹ ਚਾਰ ਮਾਤਰਿਆਂ ਵਾਲਾ ਤਾਲ ਬਣ ਜਾਂਦਾ ਹੈ। ਉਦਾਹਰਣ ਦੇ ਤੌਰ 'ਤੇ ਇਕ, ਦੋ, ਤਿੰਨ, ਚਾਰ ਦੇ ਚੱਕਰ ਨੂੰ ਬਾਰ ਬਾਰ ਦੁਹਰਾਉਣ ਦੀ ਕ੍ਰਿਆ ਨੂੰ ਹੀ ਤਾਲ ਕਿਹਾ ਗਿਆ ਅਤੇ ਪਹਿਚਾਣ ਲਈ ਕਹਿਰਵਾ ਨਾਂ ਰੱਖ ਦਿੱਤਾ।

ਇਹ ਹੁਣ ਵਿਦਵਾਨਾਂ ਦੀ ਆਪਣੀ ਮਰਜ਼ੀ ਹੈ ਕਿ ਕਿੰਨੇ ਮਾਤਰਿਆਂ ਦਾ ਚੱਕਰ ਲਿਆਉਣਾ ਹੈ। ਕਿਉਂਕਿ ਚਾਰ ਮਾਤਰਾਵਾਂ ਦੇ ਚੱਕਰ ਨੂੰ ਕਹਿਰਵਾ, ਪੰਜ ਦਾ ਸੂਲਫਾਕਤਾ, ਛੇ ਦਾ ਦਾਦਰਾ, ਸੱਤ ਦਾ ਰੂਪਕ, ਅੱਠ ਦਾ ਧੁਮਾਲੀ, ਨੌਂ ਦਾ ਬਸੰਤ, ਦਸ ਦਾ ਝਪਤਾਲ, ਗਿਆਰਾਂ ਦਾ ਰੁਦ੍ਰ, ਬਾਰਾਂ ਦਾ ਚਾਰ ਤਾਲ, ਤੇਰਾਂ ਦਾ ਜੈਤਾਲ, ਚੌਦਾਂ ਦਾ ਧਮਾਰ, ਪੰਦਰਾਂ ਦੀ ਸਵਾਰੀ ਅਤੇ ਸੋਲ੍ਹਾਂ ਮਾਤਰਾਵਾਂ ਦੇ ਚੱਕਰ ਨੂੰ ਤਿੰਨ ਤਾਲ ਦਾ ਨਾਮ ਦਿੱਤਾ ਗਿਆ।

ਇਸੇ ਤਰ੍ਹਾਂ ਮਾਤਰਾਵਾਂ ਦੀ ਵਰਤੋਂ ਤੋਂ ਅਨੇਕਾਂ ਤਾਲ ਬਣ ਸਕਦੇ ਹਨ ਪਰ ਮਾਤਰੇ ਦਾ ਜੋ ਸਰੂਪ ਹੈ ਜਾਂ ਮਾਤਰੇ ਦੀ ਸਮੇਂ ਦੀ ਵੰਡ ਹੈ, ਉਸ ਨੂੰ ਪੂਰਾ ਰੱਖਣਾ ਪਵੇਗਾ।

ਹਰ ਇਕ ਤਾਲ ਵਿਚ ਬਰੀਕੀਆਂ ਅਤੇ ਡੂੰਘਾਈਆਂ ਪਾਈਆਂ ਜਾਂਦੀਆਂ ਹਨ।

ਕਹਿਰਵੇ ਤਾਲ ਵਿਚ ਰਚਿਤ ਕੀਤੀਆਂ ਹੋਈਆਂ ਬੰਦਸ਼ਾਂ ਬਹੁਤ ਹੀ ਸੌਖੀਆਂ ਹੁੰਦੀਆਂ ਹਨ। ਜਿਵੇਂ ਕਿ ਲੋਕ ਗੀਤ, ਭੰਗੜਾ, ਗਿੱਧਾ ਆਦਿਕ। ਪਰ ਕਈ ਗੀਤਾਂ ਜਾਂ ਬੰਦਸ਼ਾਂ ਇਹੋ ਜਿਹੀਆਂ ਵੀ ਹਨ, ਜੋ ਕਿ ਗਾਉਣ ਅਤੇ ਸਮਝਣ ਵਿਚ ਔਖੀਆਂ ਹਨ। ਸੋ ਜਿਹੜੀ ਗੀਤ ਸਮ ਤੋਂ ਸ਼ੁਰੂ ਹੋਵੇ, ਉਹ ਸੌਖੀ ਜਾਪਦੀ ਹੈ ਪਰ ਜਿਸ ਦਾ ਉਠਾਵ ਸਮ ਦੇ ਮਾਤਰੇ ਤੋਂ ਬਾਅਦ, ਜਾਂ ਡੇਢ ਮਾਤਰੇ ਤੋਂ ਬਾਅਦ, ਜਾਂ ਸਮ ਤੋਂ ਪਹਿਲਾਂ ਹੋਵੇ, ਉਹ ਬੰਦਸ਼ ਔਖੀ ਜਾਪਦੀ ਹੈ ਅਤੇ ਬਹੁਤੀਆਂ ਬੰਦਸ਼ਾਂ ਜਾਂ ਗੀਤਾਂ ਦਾ ਉਠਾਵ ਤੀਸਰੇ ਜਾਂ ਚੌਥੇ ਮਾਤਰੇ 'ਤੇ ਹੁੰਦਾ ਹੈ। ਸੋ ਤਾਲ ਦਾ ਗਿਆਨ ਨਾ ਰੱਖਣ ਵਾਲੇ ਸਿਖਿਆਰਥੀ ਨੂੰ ਇਹੋ ਜਿਹੀਆਂ ਗੀਤਾਂ ਦਾ ਸਾਹਮਣਾ ਕਰਨਾ ਬਹੁਤ ਹੀ ਕਠਿਨ ਹੁੰਦਾ ਹੈ।

## ਲੈਅ ਕੀ ਹੈ ?

ਸੰਗੀਤ ਵਿਚ ਜਿਥੇ ਸੁਰ ਅਤੇ ਤਾਲ ਦੀ ਵੱਡੀ ਮਹੱਤਤਾ ਹੈ, ਉਥੇ ਲੈਅ ਦਾ ਹੋਣਾ ਵੀ ਬਹੁਤ ਜ਼ਰੂਰੀ ਹੈ। ਸੋਚਣਾ ਤਾਂ ਇਹ ਹੈ ਕਿ ਲੈਅ ਕੀ ਹੈ ? ਲੈਅ ਦਾ ਸੰਗੀਤ ਵਿਚ ਕੀ ਸਥਾਨ ਹੈ, ਲੈਅ ਕਿਸ ਨੂੰ ਕਹਿੰਦੇ ਹਨ ਅਤੇ ਲੈਅ ਨੂੰ ਸਮਝਿਆ ਕਿਵੇਂ ਜਾਵੇ ?

ਅਸਲ ਵਿਚ ਲੈਅ ਨਾਂ ਹੈ ਸਪੀਡ ਦਾ। ਸਪੀਡ ਦਾ ਦੂਸਰਾ ਨਾਂ ਚਾਲ ਹੈ, ਜਿਸ ਨੂੰ ਠੇਠ ਪੰਜਾਬੀ ਵਿਚ ਰਫ਼ਤਾਰ ਵੀ ਕਿਹਾ ਜਾਂਦਾ ਹੈ। ਉਦਾਹਰਣ ਦੇ ਤੌਰ 'ਤੇ ਜਦ

ਡਰਾਇਵਰ ਆਪਣੀ ਕਾਰ ਜਾਂ ਬੱਸ ਨੂੰ ਚਲਾਉਂਦਾ ਹੈ, ਜੇਕਰ ਉਹ ਸਪੀਡ ਨੂੰ ਵੱਧ ਘੱਟ ਕਰਦਾ ਹੈ, ਜਾਂ ਫਿਰ ਐਕਸੀਲੇਟਰ ਦਾ ਧਿਆਨ ਹੀ ਨਹੀਂ ਰੱਖਦਾ ਕਿ ਘੱਟ ਦਬਿਆ ਹੋਇਆ ਹੈ ਕਿ ਵੱਧ! ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਵਿਚ ਨਾ ਲਿਆਉਣ ਕਰਕੇ ਉਹ ਸੜਕ (Road) ਉੱਤੇ ਕਾਰ ਜਾਂ ਬੱਸ ਦੁਆਰਾ ਆਪਣਾ ਸਫ਼ਰ ਠੀਕ ਨਹੀਂ ਕਰ ਸਕਦਾ। ਸਗੋਂ ਆਪਣੀ ਮਸ਼ੀਨਰੀ ਅਤੇ ਸਵਾਰੀਆਂ ਨੂੰ ਖ਼ਤਰਾ ਵੀ ਪਹੁੰਚਾ ਸਕਦਾ ਹੈ। ਇਸ ਲਈ ਲੈਅ ਜਾਂ ਰਫ਼ਤਾਰ ਦਾ ਟਿਕਾਉ ਹੋਣਾ ਬਹੁਤ ਜ਼ਰੂਰੀ ਹੈ!

ਦੂਸਰੀ ਮਿਸਾਲ ਘੜੀ ਦੀ ਹੈ। ਘੜੀ ਸਾਜ਼ ਸਭ ਤੋਂ ਪਹਿਲਾਂ ਘੜੀ ਦੇ ਰੇਗੂਲੇਟ੍ਰ ਨੂੰ ਸੈੱਟ ਕਰਦਾ ਹੈ। ਜੇ ਉਸ ਦੀ ਟਿੱਕ-ਟਿੱਕ ਠੀਕ ਰਫ਼ਤਾਰ ਨਾਲ ਨਹੀਂ ਚੱਲਦੀ ਤਾਂ ਕਦੀ ਵੀ ਗੁੱਟ ਨਾਲ ਬੰਨ੍ਹੀ ਹੋਈ ਜਾਂ ਦੀਵਾਰ ਨਾਲ ਲਟਕਾਈ ਹੋਈ ਘੜੀ ਦਾ ਟਾਇਮ ਸੈੱਟ ਨਹੀਂ ਹੋ ਸਕਦਾ। ਇਸ ਲਈ ਘੜੀ ਸਾਜ਼ ਸਭ ਤੋਂ ਪਹਿਲਾਂ ਘੜੀ ਦੀ ਟਿੱਕ-ਟਿੱਕ ਦੀ ਚਾਲ ਨੂੰ ਮੁਕੱਰਰ ਕਰਦਾ ਹੈ, ਜਿਸ ਨਾਲ ਟਾਇਮ ਆਪਣੇ ਆਪ ਸਹੀ ਹੋ ਜਾਂਦਾ ਹੈ।

ਇਥੇ ਹੀ ਬਸ ਨਹੀਂ, ਸਗੋਂ ਅੱਜ ਦੇ ਵਿਗਿਆਨਕ ਯੁਗ ਨੇ ਵਾਈਂਡਿੰਗ ਤੋਂ ਬੜਾ ਹੀ ਕੰਮ ਲਿਆ ਹੈ। ਕੁਆਰਟਰ ਹੌਰਸ ਪਾਵਰ ਤੋਂ ਲੈ ਕੇ ਵੱਡੀ ਤੋਂ ਵੱਡੀ ਮਸ਼ੀਨਰੀ ਬਣਾਈ ਹੈ। ਪਰ ਉਸ ਨੂੰ ਚਲਾਉਣ ਤੋਂ ਪਹਿਲਾਂ ਉਸ ਦਾ ਟਾਇਮ ਅਤੇ ਗੇੜਾ ਬਿਲਕੁਲ ਸਹੀ ਰੱਖਿਆ ਹੈ। ਉਹ ਦੂਸਰੇ ਬੰਦੇ ਨੂੰ ਦੱਸਦੇ ਹੋਏ ਕਹਿੰਦੇ ਹਨ ਕਿ ਇਸ ਮੋਟਰ ਦੇ 1470 ਜਾਂ 2560 ਗੇੜੇ ਹਨ।

ਜੇਕਰ ਉਨ੍ਹਾਂ ਦੀ ਗਿਣਤੀ ਸਹੀ ਨਾ ਉਤਰੇ ਤਾਂ ਮੋਟਰ ਕਦੇ ਵੀ ਚੱਲ ਨਹੀਂ ਸਕਦੀ। ਸੋ ਜਿੰਨੀ ਵੀ ਮਸ਼ੀਨਰੀ ਲਗਾਈ ਹੋਈ ਹੈ, ਜਾਂ ਆਧੁਨਿਕ ਟਾਇਮ ਵਿਚ ਬਣੀ ਹੈ, ਉਹ ਸਾਰੀ ਦੀ ਸਾਰੀ ਲੈਅ ਦੀ ਹੀ ਦੇਣ ਹੈ।

ਚੌਥੀ ਮਿਸਾਲ ਜਿਵੇਂ ਮਿਲਟਰੀ ਟ੍ਰੇਨਿੰਗ ਵਿਚ ਪਰੇਡ ਕਰਨ ਸਮੇਂ ਬੰਦੇ ਦਾ ਹੱਥ ਜਾਂ ਪੈਰ ਤਾਲ ਵਿਚ ਸਹੀ ਨਾ ਉਤਰੇ ਤਾਂ ਉਸ ਬੰਦੇ ਨੂੰ ਉਸੀ ਵੇਲੇ ਲਾਇਨ ਵਿੱਚੋਂ ਬਾਹਰ ਕੱਢਿਆ ਜਾਂਦਾ ਹੈ ਅਤੇ ਫਿਰ ਸਖ਼ਤੀ ਨਾਲ ਪਰੇਡ ਸਿਖਾਈ ਜਾਂਦੀ ਹੈ।

ਮੇਰਾ ਤਾਂ ਆਪਣਾ ਇਹ ਵਿਚਾਰ ਹੈ ਕਿ ਸੰਸਾਰ ਭਰ ਵਿਚ ਜੋ ਵੀ ਚੀਜ਼ ਤੁਰਦੀ ਫਿਰਦੀ ਦੇਖੀ ਜਾਂਦੀ ਹੈ, ਜਾਂ ਇਕ ਥਾਂ ਤੋਂ ਦੂਜੀ ਥਾਂ 'ਤੇ ਜਾਣ ਲਈ ਹਰਕਤ ਕਰਦੀ ਹੈ, ਉਹ ਸਾਰੀ ਦੀ ਸਾਰੀ ਲੈਅ ਦੀ ਹੀ ਦੇਣ ਹੈ। ਇਸ ਦੁਨੀਆ ਵਿਚ ਜਿੰਨੇ ਵੀ ਆਲੇ ਜਾਂ ਜੰਤਰ ਬਣੇ ਹਨ ਜਾਂ ਉਪ ਗ੍ਰਹਿ ਛੱਡੇ ਜਾ ਰਹੇ ਹਨ, ਚਾਹੇ ਉਹ ਪਾਣੀ ਵਿਚ ਹਨ ਜਾਂ ਆਕਾਸ਼ ਵਿਚ, ਉਹ ਵੀ ਸਾਰੇ ਦੇ ਸਾਰੇ ਲੈਅ ਵਿਚ ਹੀ ਬੱਝੇ ਹੋਏ ਹਨ।

ਪ੍ਰਮਾਣੂ ਸ਼ਕਤੀ ਤਿਆਰ ਕਰਨ ਵਾਲੇ ਜੋ ਸਾਇੰਸਦਾਨ ਹਨ, ਉਨ੍ਹਾਂ ਦੀ ਸ਼ੁਰੂਆਤ ਵੀ ਲੈਅ ਤੋਂ ਹੀ ਮੰਨੀ ਜਾ ਸਕਦੀ ਹੈ। ਜਿਵੇਂ ਅਮਰੀਕਾ ਵੱਲੋਂ ਛੱਡਿਆ ਹੋਇਆ ਸਕਾਈਲੈਬ ਆਕਾਸ਼ ਵਿਚ ਕਈ ਸਾਲਾਂ ਤੋਂ ਚੱਕਰ ਲਾਉਂਦਾ ਰਿਹਾ ਹੈ, ਜਿੰਨਾ ਚਿਰ ਉਸ ਨੂੰ ਲੈਅ ਦਾ ਸਮਰਥਨ ਰਿਹਾ ਹੈ, ਓਨਾ ਚਿਰ ਵਿਗਿਆਨੀਆਂ ਦੀ ਸਮਝ ਅਨੁਸਾਰ ਸਕਾਈਲੈਬ ਆਕਾਸ਼ ਵਿਚ ਚੱਕਰ ਲਾਉਂਦਾ ਰਿਹਾ ਹੈ ਜਦ ਲੈਅ ਨੇ ਉਸ ਦਾ ਸਾਥ ਛੱਡ ਦਿੱਤਾ ਜਾਂ ਉਸ ਦੀ ਨਿਯਤ ਕੀਤੀ ਹੋਈ ਰਫ਼ਤਾਰ ਸਹੀ ਨਾ ਰਹੀ ਤਾਂ ਉਸੇ ਵੇਲੇ ਅਣਮਿੱਥੇ ਸਮੇਂ ਲਈ ਟਿਕੇ ਰਹਿਣ ਵਾਲਾ ਸਕਾਈਲੈਬ ਆਕਾਸ਼ ਤੋਂ ਹਿੰਦ ਮਹਾਂਸਾਗਰ ਵਿਚ 11-7-1979 ਨੂੰ ਆਪਣਾ ਆਪ ਤਿਆਗ ਗਿਆ।

ਇਹ ਅਣਮਿੱਥੇ ਸਮੇਂ ਲਈ ਭੇਜੀ ਹੋਈ ਗਗਨ ਲੈਬਾਰਟਰੀ ਸਥਿਰ ਤਾਂ ਹੀ ਹੋ ਸਕਦੀ ਸੀ ਜੇ ਇਸ ਦੀ ਬਣੀ ਹੋਈ ਲੈਅ ਭੰਗ ਨਾ ਹੁੰਦੀ।

ਸੰਸਾਰ ਵਿਚ ਜੋ ਵੀ ਵੇਖਣ ਅਤੇ ਸੁਣਨ ਵਿਚ ਆਉਂਦਾ ਹੈ, ਜੇਕਰ ਉਸ ਨੂੰ ਸੂਖਮ ਬਿਰਤੀ ਨਾਲ ਵੇਖਿਆ ਜਾਵੇ ਤਾਂ ਉਹ ਸਾਰੇ ਦਾ ਸਾਰਾਂ ਲੈਅ ਦੀ ਹੀ ਦੇਣ ਹੈ। ਇਥੋਂ ਤਕ ਕਿ ਇਨਸਾਨ ਦੇ ਅੰਦਰ ਜੋ ਦਿਲ ਹੈ ਉਹ ਵੀ ਹਰ ਵੇਲੇ ਲੈਅ ਦੇ ਅਧੀਨ ਹੀ ਚੱਲਦਾ ਹੈ। ਜੇਕਰ ਇਨਸਾਨ ਦਾ ਦਿਲ ਲੈਅ ਛੱਡ ਜਾਵੇ ਜਾਂ ਦਿਲ ਦੀ ਧੜਕਣ ਬੰਦ ਹੋ ਜਾਵੇ ਤਾਂ ਉਹ ਖ਼ਤਮ ਹੋ ਜਾਂਦਾ ਹੈ।

ਜੇਕਰ ਲੈਅ ਦੀ ਮਹਾਨਤਾ ਵੇਖੀ ਜਾਵੇ ਤਾਂ ਇਹ ਸਭ ਤੋਂ ਵੱਡਾ ਪ੍ਰਮਾਣ ਹੈ ਕਿ ਸ੍ਰਿਸ਼ਟੀ ਦੇ ਰਚੇਤਾ ਨੇ ਚੰਦ, ਸੂਰਜ, ਸਿਤਾਰੇ, ਗ੍ਰਹਿ ਆਦਿਕ ਵੀ ਇਕ ਗਤੀ ਵਿਚ ਬੰਨ੍ਹੇ ਹਨ। ਤਾਹੀਓਂ ਸਮੇਂ ਸਿਰ ਪ੍ਰਿਥਵੀ ਸੂਰਜ ਦੇ ਅੱਗੇ ਪਿੱਛੇ ਛੋਟੇ ਚੱਕਰ ਵਿਚ, ਰਾਤ ਤੇ ਦਿਨ ਅਤੇ ਵੱਡੇ ਚੱਕਰ ਤੋਂ ਬਾਅਦ ਸਰਦੀ ਅਤੇ ਗਰਮੀ ਦਾ ਆਗਮਨ ਹੁੰਦਾ ਹੈ। ਜੇਕਰ ਇਹ ਸਾਰੇ ਗ੍ਰਹਿ ਗਤੀਹੀਨ ਹੋ ਜਾਣ ਤਾਂ ਆਪਸ ਵਿਚ ਟਕਰਾ ਕੇ ਸਾਰੇ ਹੀ ਬ੍ਰਹਿਮੰਡ ਦਾ ਨਾਸ ਹੋ ਸਕਦਾ ਹੈ।

ਇਸ ਲਈ ਅਸੀਂ ਸੰਗੀਤ ਦੇ ਵਿਦਿਆਰਥੀਆਂ ਨੂੰ ਚੰਗੀ ਤਰ੍ਹਾਂ ਚਿਤਾਵਨੀ ਦਿੰਦੇ ਹਾਂ ਕਿ ਲੈਅ ਦਾ ਸਮਝਣਾ ਬਹੁਤ ਜ਼ਰੂਰੀ ਹੈ। ਸੁਰ ਤੋਂ ਤਾਂ ਥੋੜਾ ਜਿਹਾ ਬੇ-ਸੁਰ ਹੋ ਕੇ ਗਾਇਆ ਜਾ ਸਕਦਾ ਹੈ ਪ੍ਰੰਤੂ ਲੈਅ ਤੋਂ ਬੇ-ਲੈਅ ਅਤੇ ਤਾਲ ਤੋਂ ਬੇ-ਤਾਲ ਹੋ ਕੇ ਨਹੀਂ ਗਾਇਆ ਜਾ ਸਕਦਾ। ਕਿਉਂਜੁ ਰਾਗੀ ਦੇ ਰਾਗ ਗਾਉਣ ਸਮੇਂ ਤੱਬਲੇ ਨਾਲ ਸੰਗਤ ਕਰਨ ਲਈ ਤੱਬਲੇ ਵਾਲਾ ਬੈਠਾ ਹੋਇਆ ਹੁੰਦਾ ਹੈ। ਉਸ ਦੇ ਹੱਥ ਵਿਚ ਲੈਅ ਦੀ ਤੱਕੜੀ ਫੜੀ ਹੋਈ ਹੁੰਦੀ ਹੈ। ਗਾਇਕ ਦਾ ਇਕੱਲਾ-ਇਕੱਲਾ ਸ਼ਬਦ ਉਹ ਹਰ ਸੈਕਿੰਡ, ਮਿੰਟ ਵਿਚ ਮਾਤਰੇ ਨੂੰ ਬਾਰ-ਬਾਰ ਤੋਲਦਾ ਰਹਿੰਦਾ ਹੈ। ਜਿਤਨੀ ਵਾਰ ਵੀ ਉਹ ਸਥਾਈ, ਅੰਤਰਾ ਕਹਿੰਦਾ ਹੈ ਓਨਾ ਚਿਰ ਹੀ ਤੱਬਲੇ ਵਾਲਾ ਆਦਮੀ ਤੱਕੜੀ ਦਾ ਤੋਲ ਜਾਰੀ ਰੱਖਦਾ ਹੈ।

ਜੇਕਰ ਗਾਇਕ ਬੰਦਸ਼ ਦੀ ਤੁਕ ਨੂੰ ਪਹਿਲੀ ਜਾਂ ਦੂਸਰੀ ਵਾਰ ਸਹੀ ਆਖਦਾ ਹੈ, ਸਗੋਂ ਤੀਸਰੀ, ਚੌਥੀ ਜਾਂ ਪੰਜਵੀਂ ਵਾਰ ਵੀ ਤਾਲ ਦਾ ਗੇੜ ਸਹੀ ਲਿਆਉਂਦਾ ਹੈ, ਪਰ ਜੇਕਰ ਉਹ ਛੇਵੀਂ ਜਾਂ ਸੱਤਵੀਂ ਵਾਰ ਮਾਤਰੇ ਦਾ ਇਕ ਚੌਥਾਈ ਹਿੱਸਾ ਵੀ ਗ਼ਲਤ ਲਿਆਉਂਦਾ ਹੈ, ਤਾਂ ਤੱਬਲਾ ਤੱਕੜੀ ਇਕਦਮ ਉਸ ਨੂੰ ਹਿਦਾਇਤ ਕਰਦੀ ਹੈ ਕਿ ਤੂੰ ਗ਼ਲਤ ਆਇਆ ਹੈਂ। ਇਹ ਸ਼ਬਦ ਦੀ ਤੁਕ ਜਾਂ ਤਾਨ ਦੁਬਾਰਾ ਲਿਆ ਕੇ ਇਸ ਦਾ ਤਾਲ ਠੀਕ ਕਰ। ਸੋ ਉਸਨੂੰ ਹਰ ਹਾਲਤ ਵਿਚ ਤੱਬਲਾ ਤੱਕੜੀ ਦੇ ਮਜਬੂਰ ਕਰਨ 'ਤੇ 'ਗੁਰ' ਨੂੰ ਸਹੀ ਲਿਆਉਣ ਲਈ ਸ਼ਬਦ ਦੀ ਤੁਕ ਨੂੰ ਦੁਬਾਰਾ ਕਹਿਣਾ ਪੈਂਦਾ ਹੈ। ਜੇਕਰ ਉਹ 'ਗੁਰ' 'ਤੇ ਸਹੀ ਨਾ ਉਤਰੇ ਤਾਂ ਉਸ ਨੂੰ ਬੇ-ਗੁਰਾ ਜਾਂ ਬੇ-ਉਸਤਾਦਾ ਕਿਹਾ ਜਾਂਦਾ ਹੈ।

ਪੁਰਾਤਨ ਸਮਿਆਂ ਵਿਚ ਜੋ ਗੰਧਰਵ ਗਵੱਈਏ ਸਨ, ਉਹ ਹਮੇਸ਼ਾ ਧ੍ਰਪਦ, ਧਮਾਰ ਹੀ ਗਾਉਂਦੇ ਹੁੰਦੇ ਸਨ ਅਤੇ ਤੱਬਲੇ ਵਾਲੇ ਨੇ ਸਾਥ ਦੇਣ ਲਈ ਬੜੇ ਲੰਬੇ-ਲੰਬੇ ਬੋਲਾਂ ਦੀਆਂ ਪਰਨਾ ਜਾਂ ਕਾਇਦੇ ਤਿਆਰ ਕੀਤੇ ਹੋਏ ਹੁੰਦੇ ਸਨ। ਜਿਹੜੇ ਦੋ-ਦੋ, ਚਾਰ-ਚਾਰ, ਪੰਜੀ-ਪੰਜੀ ਮਿੰਟੀਂ ਉਨ੍ਹਾਂ ਦਾ ਗੁਰ ਆਉਂਦਾ ਹੁੰਦਾ ਸੀ, ਤਾਂ ਜਾ ਕੇ ਮੁਕਾ ਮੁਕਾਉਂਦੇ ਸਨ। ਜਿਹੜੇ ਗਾਇਕ ਲੈਅ ਅਤੇ ਤਾਲ ਵਿਚ ਬਹੁਤ ਹੀ ਨਿਪੁੰਨ ਸਨ, ਉਹਨਾਂ ਦਾ ਹੀ ਸਮਾਪਤੀ ਵੇਲੇ ਮੁਕਾਉ 'ਆ' ਅਤੇ 'ਧਾ' ਦੋਹਾਂ ਦਾ ਇਕੱਠਾ ਮੁੱਕਦਾ ਸੀ। ਜੇ ਇਕ ਮਾਤਰੇ ਦੇ ਚੌਥਾਈ ਹਿੱਸੇ ਦਾ ਵੀ ਫ਼ਰਕ ਪੈ ਜਾਵੇ, ਤਾਂ ਹਜ਼ਾਰਾਂ ਦੀ ਗਿਣਤੀ ਵਿਚ ਬੈਠੀ ਸਭਾ 'ਵਾਹ-ਵਾਹ' ਕਹਿਣ ਦੀ ਬਜਾਏ ਉਸ ਦਾ ਫੂਲ ਬਣਾਉਣਾ, ਹੂਲਾ ਉਡਾਉਣਾ ਅਤੇ ਤਾਲੀਆਂ ਵਜਾਉਣੀਆਂ ਸ਼ੁਰੂ ਕਰ ਦਿੰਦੇ ਸਨ। ਇਥੋਂ ਤਕ ਕਿ ਰਾਗੀ ਨੂੰ ਮਜਬੂਰ ਹੋ ਕੇ ਸਟੇਜ ਛੱਡਣੀ ਪੈਂਦੀ ਅਤੇ ਉਹ ਮੁੜ ਕੇ ਉਸ ਸ਼ਹਿਰ ਜਾਂ ਪਿੰਡ ਵਿਚ ਗਾਉਣ ਲਈ ਸੱਦਿਆ ਨਹੀਂ ਸੀ ਜਾਂਦਾ, ਜਾਂ ਉਹ ਖ਼ੁਦ ਸ਼ਰਮਾਉਂਦਾ ਆਉਂਦਾ ਹੀ ਨਹੀਂ ਸੀ।

# ਲੈਅਕਾਰੀਆਂ

ਮੁੱਖ ਤਿੰਨ ਲੈਆਂ ਮੰਨੀਆਂ ਜਾਂਦੀਆਂ ਹਨ--ਵਿਲੰਬਿਤ ਲੈਅ, ਮੱਧ ਲੈਅ, ਦ੍ਰੁਤ ਲੈਅ।

ਬਹੁਤ ਧੀਮੀ ਚਾਲ ਜਾਂ ਗਤੀ ਨੂੰ ਵਿਲੰਬਿਤ ਲੈਅ, ਸਾਧਾਰਣ ਗਤੀ ਜਾਂ ਚਾਲ ਜਿਹੜੀ ਨਾ ਜ਼ਿਆਦਾ ਧੀਮੀ ਅਤੇ ਨਾ ਹੀ ਜ਼ਿਆਦਾ ਤੇਜ਼ ਹੋਵੇ ਮੱਧ ਲੈਅ ਅਤੇ ਬਹੁਤ ਤੇਜ਼ ਗਤੀ ਜਾਂ ਚਾਲ ਨੂੰ ਦ੍ਰੁਤ ਲੈਅ ਕਿਹਾ ਜਾਂਦਾ ਹੈ। ਆਮ ਤੌਰ 'ਤੇ ਇਹਨਾਂ ਤਿੰਨਾਂ ਲੈਆਂ ਵਿਚ ਹੀ ਗਾਇਆ ਵਜਾਇਆ ਜਾਂਦਾ ਹੈ। ਇਸ ਬਾਰੇ *ਸੁਰ ਸਿਮਰਨ ਸੰਗੀਤ* ਦੇ ਪਹਿਲੇ ਭਾਗ ਵਿਚ ਵਿਸਥਾਰ ਸਹਿਤ ਦੱਸ ਆਏ ਹਾਂ। ਇਸ ਵਿਚ ਹੁਣ ਅਸੀਂ ਕੁਝ ਕਠਨ ਲੈਅਕਾਰੀਆਂ ਬਾਰੇ ਦੱਸਾਂਗੇ।

ਗਾਉਣ ਵਜਾਉਣ ਸਮੇਂ ਗਾਇਕ ਆਪਣੀ ਕਲਾਤਮਕ ਸਾਧਨਾਂ ਦਾ ਪਰਿਚਯ ਭਿੰਨ-ਭਿੰਨ ਲੈਅਕਾਰੀਆਂ ਨਾਲ ਦਿੰਦਾ ਹੈ। ਕਈ ਇਕ ਮਾਤਰੇ ਵਿਚ ਦੋ ਅੱਖਰ ਜਾਂ ਤਿੰਨ, ਚਾਰ ਅੱਖਰ ਬੋਲ ਕੇ ਅਨੇਕ ਪ੍ਰਕਾਰ ਦੀਆਂ ਕ੍ਰਿਆਵਾਂ ਕਰ ਕੇ ਦੱਸਦਾ ਹੈ। ਸੋ ਸੰਗੀਤ ਵਿਚ ਇਸ ਕ੍ਰਿਆ ਨੂੰ ਲੈਅਕਾਰੀ ਕਹਿੰਦੇ ਹਨ।

ਲੈਅਕਾਰੀ ਦਾ ਨਾਂ ਇਕ ਮਾਤਰੇ ਵਿਚ ਗਾਉਣ ਵਜਾਉਣ ਵਾਲੇ ਸੁਰਾਂ ਜਾਂ ਬੋਲਾਂ ਦੀ ਸੰਖਿਆ ਦੇ ਆਧਾਰ 'ਤੇ ਹੁੰਦਾ ਹੈ। ਜਿਵੇਂ ਕਿ ਇਕ ਮਾਤਰੇ ਵਿਚ ਇਕ ਅੰਕ ਕਿਹਾ ਜਾਵੇ, ਤਾਂ ਉਸ ਨੂੰ ਬਰਾਬਰ ਦੀ ਲੈਅ, ਸਪੀਡ ਜਾਂ ਚਾਲ ਆਖਦੇ ਹਨ। ਜੇਕਰ ਓਨੇ ਹੀ ਸਮੇਂ ਵਿਚ ਦੋ ਸ਼ਬਦ ਜਾਂ ਅੰਕ ਕਹਿ ਦਈਏ ਤਾਂ ਦੁਗੁਣ, ਤਿੰਨ ਕਹਿਣ ਨਾਲ ਤਿਗੁਣ ਅਤੇ ਚਾਰ ਸ਼ਬਦ ਕਹਿਣ ਨਾਲ ਚੌਗੁਣ ਬਣ ਜਾਂਦੀ ਹੈ। ਇਸੇ ਤਰ੍ਹਾਂ ਕਈ ਕਠਨ ਲੈਅਕਾਰੀਆਂ ਤਿਆਰ ਕਰ ਕੇ ਗਾਈਆਂ ਅਤੇ ਵਜਾਈਆਂ ਜਾ ਸਕਦੀਆਂ ਹਨ।

ਪਰ ਇਹ ਸਮੇਂ ਦੀ ਵੰਡ ਬੜੇ ਹੀ ਸੂਖਮ ਦਿਮਾਗ਼ ਨਾਲ ਸਮਝਣੀ ਪੈਂਦੀ ਹੈ। ਜਿਨ੍ਹਾਂ ਸਿਖਾਂਦਰੂਆਂ ਨੂੰ ਤਾਲ ਗਿਆਨ ਨਹੀਂ ਹੁੰਦਾ, ਉਹਨਾਂ ਲਈ ਇਹ ਕਾਰਯ-ਕ੍ਰਮ ਬਹੁਤ ਹੀ ਕਠਨ ਹੈ, ਪਰ ਜਿਨ੍ਹਾਂ ਨੂੰ ਕੁਦਰਤੀ ਤਾਲ ਗਿਆਨ ਹੈ, ਉਹਨਾਂ ਲਈ ਤਾਂ ਇਹ ਛੋਟਾ ਜਿਹਾ ਕੰਮ ਹੈ।

ਵੱਡੇ-ਵੱਡੇ ਸੰਗੀਤਕਾਰ ਤਾਂ ਆੜ, ਕੁਆੜ, ਬਿਆੜ, ਸਵਾ, ਢਾਈ, ਪੌਣ ਆਦਿਕ ਕਈ ਲੈਅਕਾਰੀਆਂ ਨਾਲ ਗਾਉਂਦੇ ਵਜਾਉਂਦੇ ਹਨ। ਜਿਸ ਤਰ੍ਹਾਂ ਦੁਗੁਣ, ਤਿਗੁਣ, ਚੌਗੁਣ ਗਾਈ ਵਜਾਈ ਜਾਂਦੀ ਹੈ, ਉਸੀ ਤਰ੍ਹਾਂ ਆੜ, ਕੁਆੜ, ਬਿਆੜ ਆਦਿਕ ਲੈਅਕਾਰੀਆਂ ਗਾਈਆਂ ਵਜਾਈਆਂ ਜਾਂਦੀਆਂ ਹਨ। ਪਰ ਇਹੋ ਜਿਹੀਆਂ ਲੈਆਂ ਜਾਂ ਮਾਤਰਿਆਂ ਦੀ ਵੰਡ ਦਾ ਕਿਸੇ ਖ਼ਾਸ ਹੀ ਸੰਗੀਤ ਵਿਦਵਾਨ ਤੋਂ ਹੀ ਕ੍ਰਿਸ਼ਮਾ ਵੇਖਣ ਨੂੰ ਮਿਲਦਾ ਹੈ। ਜਿਵੇਂ ਪੰਡਤ ਰਵੀ ਸ਼ੰਕਰ ਅਤੇ ਅਲੀ ਅਕਬਰ ਆਦਿ।

ਹੇਠਾਂ ਅਸੀਂ ਸਿਖਿਆਰਥੀਆਂ ਦੇ ਸਮਝਣ ਲਈ ਕੁਝ ਕਠਿਨ ਲੈਅਕਾਰੀਆਂ ਲਿਖਣ ਤੇ ਬਣਾਉਣ ਬਾਰੇ ਉਦਾਹਰਣਾਂ ਸਹਿਤ ਦੱਸ ਰਹੇ ਹਾਂ। ਜਿਸ ਵਿਚ ਸ਼ਬਦ ਦੀ ਤੁਕ ਵਿਚ

'ਸਤਿਨਾਮ ਵਾਹਿਗੁਰੂ' ਅਤੇ ਭਜਨ ਦੀ ਤੁਕ ਵਿਚ 'ਸੀਤਾਰਾਮ ਰਾਧੇਸ਼ਾਮ' ਦੇ ਅੱਖਰ ਦਿੱਤੇ ਹਨ, ਤਾਂ ਕਿ ਸਿਖਿਆਰਥੀ ਲੈਅ ਪੱਕਿਆਂ ਕਰਨ ਲਈ ਅਭਿਆਸ ਵੀ ਕਰੇ ਅਤੇ ਪਰਮਾਤਮਾ ਦੀ ਬੰਦਗੀ ਵੀ ਕਰੇ।

## ਠਾਹ ਲੈਅ

ਜਿਸ ਲੈਅ ਦੇ ਇਕ ਮਾਤਰੇ ਵਿਚ ਇਕ ਸ਼ਬਦ ਜਾਂ ਅੰਕ ਬੋਲਿਆ ਜਾਵੇ, ਤਾਂ ਉਸ ਨੂੰ 'ਠਾਹ ਲੈਅ' ਇਕ ਗੁਣ ਜਾਂ ਬਰਾਬਰ ਦੀ ਲੈਅ ਕਹਿੰਦੇ ਹਨ। ਜਿਵੇਂ ਤਿੰਨ ਤਾਲ ਵਿਚ ਸੋਲ੍ਹਾਂ ਮਾਤਰਾ ਹੁੰਦੀਆਂ ਹਨ। ਮੰਨ ਲਓ! ਇਕ ਮਾਤਰੇ ਦਾ ਸਮਾਂ ਇਕ ਸੈਕਿੰਡ ਹੈ। ਸੋ ਜੇਕਰ ਸੋਲ੍ਹਾਂ ਮਾਤਰਿਆਂ ਵਿਚ ਸੋਲ੍ਹਾਂ ਅੱਖਰ ਬੋਲੇ ਜਾਣ ਤਾਂ ਸੋਲ੍ਹਾਂ ਸੈਕਿੰਡ ਲੱਗਣਗੇ। ਇਸ ਪ੍ਰਕਾਰ ਤਿੰਨ ਤਾਲ ਦੀ ਠਾਹ ਲੈਅ ਬਣ ਜਾਵੇਗੀ। ਉਦਾਹਰਣ ਦੇ ਤੌਰ 'ਤੇ ਠਾਹ ਲੈਅ ਇਸ ਪ੍ਰਕਾਰ ਲਿਖੀ ਜਾਵੇਗੀ:

### ਠਾਹ ਲੈਅ

### ਤਿੰਨ ਤਾਲ

| ਮਾਤਰੇ | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|---|
| ਸਰਗਮ | ਸਾ | ਰੇ | ਗ | ਮ | ਪ | ਧ | ਨੀ | ਸਾਂ | ਸਾਂ | ਨੀ | ਧ | ਪ | ਮ | ਗ | ਰੇ | ਸਾ |
| ਸ਼ਬਦ | ਸ | ਤਿ | ਨਾ | ਮ | ਵਾ | ਹਿ | ਗੁ | ਰੂ | ਸ | ਤਿ | ਨਾ | ਮ | ਵਾ | ਹਿ | ਗੁ | ਰੂ |
| ਭਜਨ | ਸੀ | ਤਾ | ਰਾ | ਮ | ਰਾ | ਧੇ | ਸ਼ਾ | ਮ | ਸੀ | ਤਾ | ਰਾ | ਮ | ਰਾ | ਧੇ | ਸ਼ਾ | ਮ |
| ਤਾਲ ਚਿੰਨ੍ਹ | x | | | | 2 | | | | 0 | | | | 3 | | | |

# ਦੁਗੁਣ

ਠਾਹ ਲੈਅ ਵਿਚ ਜਿਸ ਤਰ੍ਹਾਂ ਇਕ ਮਾਤਰੇ ਵਿਚ ਇਕ ਅੰਕ ਜਾਂ ਸ਼ਬਦ ਕਹਿੰਦੇ ਹਨ, ਦੁਗੁਣ ਦੀ ਲੈਅ ਵਿਚ ਇਕ ਮਾਤਰੇ ਵਿਚ ਦੋ ਅੱਖਰ ਆਖਦੇ ਹਨ। ਅਰਥਾਤ ਠਾਹ ਲੈਅ ਦੀ ਦੁਗਣੀ ਤੇਜ਼ ਲੈਅ ਨੂੰ ਦੁਗੁਣ ਦੀ ਲੈਅ ਆਖਦੇ ਹਨ। ਇਸ ਲੈਅ ਵਿਚ ਇਕ ਮਾਤਰੇ ਅੰਦਰ ਦੋ ਅੰਕ ਬੋਲੇ ਜਾਂਦੇ ਹਨ। ਉਦਾਹਰਣ ਦੇ ਤੌਰ 'ਤੇ :

## ਦੁਗੁਣ

### ਤਿੰਨ ਤਾਲ

| ਮਾਤਰੇ | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|---|
| ਸਰਗਮ | ਸਾਰੇ | ਗਮ | ਪਧ | ਨੀਸਾਂ | ਸਾਂਨੀ | ਧਪ | ਮਗ | ਰੇਸਾ | ਸਾਰੇ | ਗਮ | ਪਧ | ਨੀਸਾਂ | ਸਾਂਨੀ | ਧਪ | ਮਗ | ਰੇਸਾ |
| ਸ਼ਬਦ | ਸਤਿ | ਨਾਮ | ਵਾਹਿ | ਗੁਰੂ | ਸਤਿ | ਨਾਮ | ਵਾਹਿ | ਗੁਰੂ | ਸਤਿ | ਨਾਮ | ਵਾਹਿ | ਗੁਰੂ | ਸਤਿ | ਨਾਮ | ਵਾਹਿ | ਗੁਰੂ |
| ਭਜਨ | ਸੀਤਾ | ਰਾਮ | ਰਾਧੇ | ਸ਼ਾਮ | ਸੀਤਾ | ਰਾਮ | ਰਾਧੇ | ਸ਼ਾਮ | ਸੀਤਾ | ਰਾਮ | ਰਾਧੇ | ਸ਼ਾਮ | ਸੀਤਾ | ਰਾਮ | ਰਾਧੇ | ਸ਼ਾਮ |
| ਤਾਲ ਚਿੰਨ੍ਹ | x | | | | 2 | | | | 0 | | | | 3 | | | |

# ਤਿਗੁਣ

ਠਾਹ ਲੈਅ ਦੇ ਇਕ ਮਾਤਰੇ ਵਿਚ ਤਿੰਨ ਅੰਕ ਜਾਂ ਸ਼ਬਦ ਕਹਿਣ ਨਾਲ ਤਿਗੁਣ ਦੀ ਲੈਅ ਬਣਦੀ ਹੈ। ਭਾਵ ਜਿਸ ਤਰ੍ਹਾਂ ਠਾਹ ਲੈਅ ਦੇ ਇਕ ਮਾਤਰੇ ਵਿਚ ਇਕ ਅੰਕ ਹੁੰਦਾ ਹੈ, ਉਸੇ ਤਰ੍ਹਾਂ ਤਿਗੁਣ ਵਿਚ ਇਕ ਮਾਤਰੇ ਵਿਚ ਤਿੰਨ ਅੱਖਰ ਆਉਣਗੇ। ਉਦਾਹਰਣ ਦੇ ਤੌਰ 'ਤੇ:

## ਤਿਗੁਣ

### ਤਿੰਨ ਤਾਲ

| ਮਾਤਰੇ | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|---|
| ਸਰਗਮ | ਸਾਰੇਗ | ਮਪਧ | ਨੀਸਾਂਸਾਂ | ਨੀਧਪ | ਮਗਰੇ | ਸਾਸਾਰੇ | ਗਮਪ | ਧਨੀਸਾਂ | ਸਾਂਨੀਧ | ਪਮਗ | ਰੇਸਾਸਾ | ਰੇਗਮ | ਪਧਨੀ | ਸਾਂਸਾਂਨੀ | ਧਪਮ | ਗਰੇਸਾ |
| ਸ਼ਬਦ | ਸਤਿਨਾ | ਮਵਾਹਿ | ਗੁਰੂਸ | ਤਿਨਾਮ | ਵਾਹਿਗੁ | ਰੂਸਤਿ | ਨਾਮਵਾ | ਹਿਗੁਰੂ | ਸਤਿਨਾ | ਮਵਾਹਿ | ਗੁਰੂਸ | ਤਿਨਾਮ | ਵਾਹਿਗੁ | ਰੂਸਤਿ | ਨਾਮਵਾ | ਹਿਗੁਰੂ |
| ਭਜਨ | ਸੀਤਾਰਾ | ਮਰਾਧੇ | ਸ਼ਾਮਸੀ | ਤਾਰਾਮ | ਰਾਧੇਸ਼ਾ | ਮਸੀਤਾ | ਰਾਮਰਾ | ਧੇਸ਼ਾਮ | ਸੀਤਾਰਾ | ਮਰਾਧੇ | ਸ਼ਾਮਸੀ | ਤਾਰਾਮ | ਰਾਧੇਸ਼ਾ | ਮਸੀਤਾ | ਰਾਮਰਾ | ਧੇਸ਼ਾਮ |
| ਤਾਲ ਚਿੰਨ੍ਹ | x | | | | 2 | | | | 0 | | | | 3 | | | |

# ਚੌਗੁਣ

ਠਾਹ ਲੈਅ ਦੇ ਇਕ ਮਾਤਰੇ ਵਿਚ ਚਾਰ ਅੰਕ ਜਾਂ ਸ਼ਬਦ ਬੋਲਣ ਨਾਲ ਚੌਗੁਣ ਦੀ ਲੈਅ ਬਣਦੀ ਹੈ। ਅਰਥਾਤ ਜਿਸ ਪ੍ਰਕਾਰ ਠਾਹ ਲੈਅ ਦੇ ਇਕ ਮਾਤਰੇ ਵਿਚ ਇਕ ਅੰਕ ਦਿਖਾਉਂਦੇ ਹਨ, ਉਸੇ ਪ੍ਰਕਾਰ ਚੌਗੁਣ ਦੀ ਲੈਅ ਵਿਚ ਇਕ ਮਾਤਰੇ ਦੇ ਅੰਦਰ ਚਾਰ ਅੰਕ ਜਾਂ ਸ਼ਬਦ ਦਿਖਾਉਂਦੇ ਹਨ। ਉਦਾਹਰਣ ਦੇ ਤੌਰ 'ਤੇ:

## ਚੌਗੁਣ

### ਤਿੰਨ ਤਾਲ

| ਮਾਤਰੇ | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|---|
| ਸਰਗਮ | ਸਾਰੇਗਮ | ਪਧਨੀਸਾਂ | ਸਾਂਨੀਧਪ | ਮਗਰੇਸਾ | ਸਾਰੇਗਮ | ਪਧਨੀਸਾਂ | ਸਾਂਨੀਧਪ | ਮਗਰੇਸਾ | ਸਾਰੇਗਮ | ਪਧਨੀਸਾਂ | ਸਾਂਨੀਧਪ | ਮਗਰੇਸਾ | ਸਾਰੇਗਮ | ਪਧਨੀਸਾਂ | ਸਾਂਨੀਧਪ | ਮਗਰੇਸਾ |
| ਸ਼ਬਦ | ਸਤਿਨਾਮ | ਵਾਹਿਗੁਰੂ | ਸਤਿਨਾਮ | ਵਾਹਿਗੁਰੂ | ਸਤਿਨਾਮ | ਵਾਹਿਗੁਰੂ | ਸਤਿਨਾਮ | ਵਾਹਿਗੁਰੂ | ਸਤਿਨਾਮ | ਵਾਹਿਗੁਰੂ | ਸਤਿਨਾਮ | ਵਾਹਿਗੁਰੂ | ਸਤਿਨਾਮ | ਵਾਹਿਗੁਰੂ | ਸਤਿਨਾਮ | ਵਾਹਿਗੁਰੂ |
| ਭਜਨ | ਸੀਤਾਰਾਮ | ਰਾਧੇਸ਼ਾਮ | ਸੀਤਾਰਾਮ | ਰਾਧੇਸ਼ਾਮ | ਸੀਤਾਰਾਮ | ਰਾਧੇਸ਼ਾਮ | ਸੀਤਾਰਾਮ | ਰਾਧੇਸ਼ਾਮ | ਸੀਤਾਰਾਮ | ਰਾਧੇਸ਼ਾਮ | ਸੀਤਾਰਾਮ | ਰਾਧੇਸ਼ਾਮ | ਸੀਤਾਰਾਮ | ਰਾਧੇਸ਼ਾਮ | ਸੀਤਾਰਾਮ | ਰਾਧੇਸ਼ਾਮ |
| ਤਾਲ ਚਿੰਨ੍ਹ | x | | | | 2 | | | | 0 | | | | 3 | | | |

# ਛੇ-ਗੁਣ

ਠਾਹ ਲੈਅ ਦੀ ਇਕ ਮਾਤਰੇ ਵਿਚ ਜਦ ਛੇ ਅੰਕ ਬੋਲਦੇ ਹਨ, ਤਾਂ ਉਹ ਛੇ-ਗੁਣ ਦੀ ਲੈਅ ਬਣਦੀ ਹੈ। ਉਦਾਹਰਣ ਦੇ ਤੌਰ 'ਤੇ:

## ਛੇ-ਗੁਣ

### ਤਾਲ ਧੁਮਾਲੀ

| ਮਾਤਰੇ | 1 | 2 | 3 | 4 | 5 | 6 | 7 | 8 |
|---|---|---|---|---|---|---|---|---|
| ਸਰਗਮ | ਸਾਰੇਗਮਪਧ | ਨੀਸਾਂਸਾਂਨੀਧਪ | ਮਗਰੇਸਾਸਾਰੇ | ਗਮਪਧਨੀਸਾਂ | ਸਾਂਨੀਧਪਮਗ | ਰੇਸਾਸਾਰੇਗਮ | ਪਧਨੀਸਾਂਸਾਂਨੀ | ਧਪਮਗਰੇਸਾ |
| ਸ਼ਬਦ | ਸਤਿਨਾਮਵਾਹਿ | ਗੁਰੂਸਤਿਨਾਮ | ਵਾਹਿਗੁਰੂਸਤਿ | ਨਾਮਵਾਹਿਗੁਰੂ | ਸਤਿਨਾਮਵਾਹਿ | ਗੁਰੂਸਤਿਨਾਮ | ਵਾਹਿਗੁਰੂਸਤਿ | ਨਾਮਵਾਹਿਗੁਰੂ |
| ਭਜਨ | ਸੀਤਾਰਾਮਰਾਧੇ | ਸ਼ਾਮਸੀਤਾਰਾਮ | ਰਾਧੇਸ਼ਾਮਸੀਤਾ | ਰਾਮਰਾਧੇਸ਼ਾਮ | ਸੀਤਾਰਾਮਰਾਧੇ | ਸ਼ਾਮਸੀਤਾਰਾਮ | ਰਾਧੇਸ਼ਾਮਸੀਤਾ | ਰਾਮਰਾਧੇਸ਼ਾਮ |
| ਤਾਲ ਚਿੰਨ੍ਹ | x | | 2 | | 0 | | 3 | |

# ਅੱਠ ਗੁਣ

ਠਾਹ ਲੈਅ ਦੇ ਇਕ ਮਾਤਰੇ ਵਿਚ ਜਦ ਅੱਠ ਅੰਕ ਜਾਂ ਸ਼ਬਦ ਬੋਲਦੇ ਹਨ, ਤਾਂ ਉਹ ਅੱਠ ਗੁਣ ਦੀ ਲੈਅ ਬਣਦੀ ਹੈ। ਉਦਾਹਰਣ ਦੇ ਤੌਰ 'ਤੇ :

## ਅੱਠ ਗੁਣ

### ਤਾਲ ਕਹਿਰਵਾ

| ਮਾਤਰੇ | 1 | 2 | 3 | 4 | 5 | 6 | 7 | 8 |
|---|---|---|---|---|---|---|---|---|
| ਸਰਗਮ | ਸਾਰੇਗਮਪਧਨੀਸਾਂ | ਸਾਂਨੀਧਪਮਗਰੇਸਾ | ਸਾਰੇਗਮਪਧਨੀਸਾਂ | ਸਾਂਨੀਧਪਮਗਰੇਸਾ | ਸਾਰੇਗਮਪਧਨੀਸਾਂ | ਸਾਂਨੀਧਪਮਗਰੇਸਾ | ਸਾਰੇਗਮਪਧਨੀਸਾਂ | ਸਾਂਨੀਧਪਮਗਰੇਸਾ |
| ਸ਼ਬਦ | ਸਤਿਨਾਮਵਾਹਿਗੁਰੂ | ਸਤਿਨਾਮਵਾਹਿਗੁਰੂ | ਸਤਿਨਾਮਵਾਹਿਗੁਰੂ | ਸਤਿਨਾਮਵਾਹਿਗੁਰੂ | ਸਤਿਨਾਮਵਾਹਿਗੁਰੂ | ਸਤਿਨਾਮਵਾਹਿਗੁਰੂ | ਸਤਿਨਾਮਵਾਹਿਗੁਰੂ | ਸਤਿਨਾਮਵਾਹਿਗੁਰੂ |
| ਭਜਨ | ਸੀਤਾਰਮਰਾਧੇਸ਼ਾਮ | ਸੀਤਾਰਾਮਰਾਧੇਸ਼ਾਮ | ਸੀਤਾਰਾਮਰਾਧੇਸ਼ਾਮ | ਸੀਤਾਰਾਮਰਾਧੇਸ਼ਾਮ | ਸੀਤਾਰਮਰਾਧੇਸ਼ਾਮ | ਸੀਤਾਰਾਮਰਾਧੇਸ਼ਾਮ | ਸੀਤਾਰਾਮਰਾਧੇਸ਼ਾਮ | ਸੀਤਾਰਾਮਰਾਧੇਸ਼ਾਮ |
| ਤਾਲ ਚਿੰਨ੍ਹ | X | | | | 0 | | | |

# ਆੜੀ ਲੈਅ

ਜਦ ਅਸੀਂ ਦੋ ਮਾਤਰਿਆਂ ਵਿਚ ਤਿੰਨ ਅੱਖਰ ਜਾਂ ਅੰਕ ਬੋਲਦੇ ਹਾਂ, ਤਾਂ ਉਸ ਨੂੰ ਆੜੀ ਲੈਅ ਕਹਿੰਦੇ ਹਨ। ਆੜ੍ਹੀ ਲੈਅ ਦਾ ਭਾਵ ਹੈ ਇਕ ਮਾਤਰੇ ਵਿਚ $1\frac{1}{2}$ ਮਾਤਰੇ ਜਾਂ $\frac{3}{2}$ ਮਾਤਰੇ। ਸੋ ਠਾਹ ਲੈਅ ਤੋਂ ਡਿਉਢੀ ਲੈਅ ਨੂੰ ਆੜੀ ਲੈਅ ਕਹਿੰਦੇ ਹਨ। ਇਹਨਾਂ ਨੂੰ ਬੋਲਣ ਜਾਂ ਲਿਖਣ ਲਈ ਇਕ ਅੱਖਰ ਦੇ ਦੋ ਹਿੱਸੇ ਮੰਨ ਕੇ ਹਰ ਇਕ ਅੱਖਰ ਦੇ ਨਾਲ ਇਕ ਅੰਗਰੇਜ਼ੀ ਦਾ ਵੱਡਾ ਐੱਸ ਲਗਾ ਦਿਆਂਗੇ, ਜਿਸ ਨੂੰ ਸੰਗੀਤ ਦੀ ਭਾਸ਼ਾ ਵਿਚ ਅਵਗ੍ਰਹਿ ਕਿਹਾ ਜਾਂਦਾ ਹੈ ਤੇ ਅਵਗ੍ਰਹਿ ਦਾ ਮਤਲਬ ਹੈ ਕਿ ਇਕ ਅੰਕ ਬੋਲਣ ਸਮੇਂ ਨਾਲ 'ਅ' ਦੀ ਆਵਾਜ਼ ਕੱਢੀ ਜਾਵੇ ਜਾਂ ਓਨਾ ਸਮਾਂ ਰੁਕਣਾ ਚਾਹੀਦਾ ਹੈ। ਉਦਾਹਰਣ ਦੇ ਤੌਰ 'ਤੇ :

## ਆੜੀ ਲੈਅ

### ਤਿੰਨ ਤਾਲ

| ਮਾਤਰੇ | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|---|
| ਸਰਗਮ | ਸਾ—ਰੇ | —ਗ— | ਮ—ਪ | —ਧ— | ਨੀ—ਸਾਂ | —ਸਾਂ— | ਨੀ—ਧ | —ਪ— | ਮ—ਗ | —ਰੇ— | ਸਾ—ਸਾ | —ਰੇ— | ਗ—ਮ | —ਪ— | ਧ—ਨੀ | —ਸਾਂ— |
| ਸ਼ਬਦ | ਸऽਤਿ | ऽਨਾऽ | ਮऽਵਾ | ऽਹਿऽ | ਗੁऽਰੂ | ऽਸऽ | ਤਿऽਨਾ | ऽਮऽ | ਵਾऽਹਿ | ऽਗੁऽ | ਰੂऽਸ | ऽਤਿऽ | ਨਾऽਮ | ऽਵਾऽ | ਹਿऽਗੁ | ऽਰੂऽ |
| ਭਜਨ | ਸੀऽਤਾ | ऽਰਾऽ | ਮऽਰਾ | ऽਧੇऽ | ਸ਼ਾऽਮ | ऽਸੀऽ | ਤਾऽਰਾ | ऽਮऽ | ਰਾऽਧੇ | ऽਸ਼ਾऽ | ਮऽਸੀ | ऽਤਾऽ | ਰਾऽਮ | ऽਰਾऽ | ਧੇऽਸਾ | ऽਮऽ |
| ਸਰਗਮ | ਸਾਂ—ਨੀ | —ਧ— | ਪ—ਮ | —ਗ— | ਰੇ—ਸਾ | —ਸਾ— | ਰੇ—ਗ | —ਮ— | ਪ—ਧ | —ਨੀ— | ਸਾਂ—ਸਾਂ | —ਨੀ— | ਧ—ਪ | —ਮ— | ਗਾ—ਰੇ | —ਸਾ— |
| ਸ਼ਬਦ | ਸऽਤਿ | ऽਨਾऽ | ਮऽਵਾ | ऽਹਿऽ | ਗੁऽਰੂ | ऽਸऽ | ਤਿऽਨਾ | ऽਮऽ | ਵਾऽਹਿ | ऽਗੁऽ | ਰੂऽਸ | ऽਤਿऽ | ਨਾऽਮ | ऽਵਾऽ | ਹਿऽਗੁ | ऽਰੂऽ |
| ਭਜਨ | ਸੀऽਤਾ | ऽਰਾऽ | ਮऽਰਾ | ऽਧੇऽ | ਸ਼ਾऽਮ | ऽਸੀऽ | ਤਾऽਰਾ | ऽਮऽ | ਰਾऽਧੇ | ऽਸ਼ਾऽ | ਮऽਸੀ | ऽਤਾऽ | ਰਾऽਮ | ऽਰਾऽ | ਧੇऽਸ਼ਾ | ऽਮऽ |
| ਤਾਲ ਚਿੰਨ੍ਹ | x | | | | 2 | | | | 0 | | | | 3 | | | |

# ਢਾਈ ਗੁਣ

(ਦੋ ਮਾਤਰਿਆਂ ਵਿਚ ਪੰਜ ਅੱਖਰ ਬੋਲਣੇ)

ਢਾਈ ਗੁਣ ਦਾ ਅਰਥ ਹੈ, ਇਕ ਮਾਤਰੇ ਵਿਚ $2\frac{1}{2}$ ਅੱਖਰ ਬੋਲਣੇ। ਜਦ ਇਕ ਮਾਤਰੇ ਵਿਚ ਢਾਈ ਸ਼ਬਦ ਹੋਏ ਤਾਂ ਦੋ ਮਾਤਰਿਆਂ ਵਿਚ ਪੰਜ ਅੱਖਰ ਬੋਲੇ ਜਾਣਗੇ। ਜਦ ਅਸਾਂ ਨੇ ਪੰਜ ਅੱਖਰਾਂ ਨੂੰ ਦੋ ਮਾਤਰਿਆਂ ਵਿਚ ਬੋਲਣਾ ਹੈ ਤਾਂ ਹਰ ਇਕ ਅੱਖਰ ਦੇ ਦੋ ਦੋ ਹਿੱਸੇ ਬਣਾਵਾਂਗੇ, ਤਾਂ ਸਾਡੇ ਕੋਲ 5x2=10 ਹਿੱਸੇ ਬਣ ਜਾਣਗੇ। ਇਹਨਾਂ ਦਸ ਅੱਖਰਾਂ ਨੂੰ ਦੋ ਨਾਲ ਵੰਡ ਦਿਆਂਗੇ। ਉਦਾਹਰਣ ਦੇ ਤੌਰ 'ਤੇ:

## ਢਾਈ ਗੁਣ

### ਤਾਲ ਕਹਿਰਵਾ

| ਮਾਤਰੇ | 1 | 2 | 3 | 4 | 5 | 6 | 7 | 8 |
|---|---|---|---|---|---|---|---|---|
| ਸਰਗਮ | ਸਾ—ਰੇ—ਗ | —ਮ—ਪ— | ਧ—ਨੀ—ਸਾਂ | —ਸਾਂ—ਨੀ— | ਧ—ਪ—ਮ | —ਗ—ਰੇ— | ਸਾ—ਸਾ—ਰੇ | —ਗਾ—ਮ— |
| ਸ਼ਬਦ | ਸऽਤਿऽਨਾ | ऽਮऽਵਾऽ | ਹਿऽਗੁऽਰੂ | ऽਸऽਤਿऽ | ਨਾऽਮऽਵਾ | ऽਹਿऽਗੁऽ | ਰੂऽਸऽਤਿ | ऽਨਾऽਮऽ |
| ਭਜਨ | ਸੀऽਤਾऽਰਾ | ऽਮऽਰਾऽ | ਧੇऽਸ਼ਾऽਮ | ऽਸੀऽਤਾऽ | ਰਾऽਮऽਰਾ | ऽਧੇऽਸ਼ਾऽ | ਮऽਸੀऽਤਾ | ऽਰਾऽਮऽ |
| ਸਰਗਮ | ਪ—ਧ—ਨੀ | —ਸਾਂ—ਸਾਂ— | ਨੀ—ਧ—ਪ | —ਮ—ਗ— | ਰੇ—ਸਾ—ਸਾ | —ਰੇ—ਗਾ— | ਮ—ਪ—ਧ | —ਨੀ—ਸਾਂ— |
| ਸ਼ਬਦ | ਵਾऽਹਿऽਗੁ | ऽਰੂऽਸऽ | ਤਿऽਨਾऽਮ | ऽਵਾऽਹਿऽ | ਗੁऽਰੂऽਸ | ऽਤਿऽਨਾऽ | ਮऽਵਾऽਹਿ | ऽਗੁऽਰੂऽ |
| ਭਜਨ | ਰਾऽਧੇऽਸ਼ਾ | ऽਮऽਸੀऽ | ਤਾऽਰਾऽਮ | ऽਰਾऽਧੇऽ | ਸ਼ਾऽਮऽਸੀ | ऽਤਾऽਰਾऽ | ਮऽਰਾऽਧੇ | ऽਸ਼ਾऽਮऽ |
| ਤਾਲ ਚਿੰਨ੍ਹ | x | | | | 0 | | | |

| ਮਾਤਰੇ | 1 | 2 | 3 | 4 | 5 | 6 | 7 | 8 |
|---|---|---|---|---|---|---|---|---|
| ਸਰਗਮ | ਸਾਂ—ਨੀ—ਧ | —ਪ—ਮ— | ਗ—ਰੇ—ਸਾ | —ਸਾ—ਰੇ— | ਗਾ—ਮ—ਪ | —ਧ—ਨੀ— | ਸਾਂ—ਸਾਂ—ਨੀ | —ਧ—ਪ— |
| ਸ਼ਬਦ | ਸੰऽਤਿऽਨਾ | ऽਮऽਵਾऽ | ਹਿऽਗੁऽਰੂ | ऽਸऽਤਿऽ | ਨਾऽਮऽਵਾ | ऽਹਿऽਗੁऽ | ਰੂऽਸੰऽਤਿ | ऽਨਾऽਮऽ |
| ਭਜਨ | ਸੀऽਤਾऽਰਾ | ऽਮऽਰਾऽ | ਧੇऽਸ਼ਾऽਮ | ऽਸੀऽਤਾऽ | ਰਾऽਮऽਰਾ | ऽਧੇऽਸ਼ਾऽ | ਮऽਸੀऽਤਾ | ऽਰਾऽਮऽ |
| ਸਰਗਮ | ਮ—ਗ—ਰੇ | —ਸਾ—ਸਾ— | ਰੇ—ਗ—ਮ | —ਪ—ਧ— | ਨੀ—ਸਾਂ—ਸਾਂ | —ਨੀ—ਧ— | ਪ—ਮੇ—ਗ | —ਰੇ—ਸਾ— |
| ਸ਼ਬਦ | ਵਾऽਹਿऽਗੁ | ऽਰੂऽਸऽ | ਤਿऽਨਾऽਮ | ऽਵਾऽਹਿऽ | ਗੁऽਰੂऽਸ | ऽਤਿऽਨਾऽ | ਮऽਵਾऽਹਿ | ऽਗੁऽਰੂऽ |
| ਭਜਨ | ਰਾऽਧੇऽਸ਼ਾ | ऽਮऽਸੀऽ | ਤਾऽਰਾऽਮ | ऽਰਾऽਧੇऽ | ਸ਼ਾऽਮऽਸੀ | ऽਤਾऽਰਾऽ | ਮऽਰਾऽਧੇ | ऽਸ਼ਾऽਮऽ |
| ਤਾਲ ਚਿੰਨ੍ਹ | x | | | | 3 | | | |

# ਕੁਆੜ ਲੈਅ

(ਚਾਰ ਮਾਤਰਿਆਂ ਵਿਚ ਪੰਜ ਅੱਖਰ ਬੋਲਣੇ)

ਸਵਾ ਗੁਣ ਨੂੰ ਕੁਆੜ ਲੈਅ ਆਖਦੇ ਹਨ, ਭਾਵ ਇਹ ਹੈ ਕਿ $1\frac{1}{4}$ ਜਾਂ $\frac{5}{4}$ਮਾਤਰੇ। ਉਦਾਹਰਣ ਦੇ ਤੌਰ 'ਤੇ:

## ਕੁਆੜ ਲੈਅ

### ਤਾਲ ਕਹਿਰਵਾ

| ਮਾਤਰੇ | 1 | 2 | 3 | 4 | 5 | 6 | 7 | 8 |
|---|---|---|---|---|---|---|---|---|
| ਸਰਗਮ | ਸਾ———ਰੇ | ———ਗ— | ——ਮ—— | —ਪ——— | ਧਾ———ਨੀ | ———ਸਾਂ— | ——ਸਾਂ—— | —ਨੀ——— |
| ਸ਼ਬਦ | ਸSSSਤਿ | SSSਨਾS | SSਮSS | SਵਾSSS | ਹਿSSSਗੁ | SSSਰੂS | SSਸSS | SਤਿSSS |
| ਭਜਨ | ਸੀSSSਤਾ | SSSਰਾS | SSਮSS | SਰਾSSS | ਧੇSSSਸ਼ਾ | SSSਮS | SSਸੀSS | SਤਾSSS |
| ਸਰਗਮ | ਧ———ਪ | ———ਮ— | ——ਗ—— | —ਰੇ——— | ਸਾ———ਸਾ | ———ਰੇ— | ——ਗ—— | —ਮ——— |
| ਸ਼ਬਦ | ਨਾSSSਮ | SSSਵਾS | SSਹਿSS | SਗੁSSS | ਰੂSSSਸ | SSSਤਿS | SSਨਾSS | SਮSSS |
| ਭਜਨ | ਰਾSSSਮ | SSSਰਾS | SSਧੇSS | Sਸ਼ਾSSS | ਮSSSਸੀ | SSSਤਾS | SSਰਾSS | SਮSSS |
| ਤਾਲ ਚਿੰਨ੍ਹ | X | | | | 0 | | | |

| ਮਾਤਰੇ | 1 | 2 | 3 | 4 | 5 | 6 | 7 | 8 |
|---|---|---|---|---|---|---|---|---|
| ਸਰਗਮ | ਪ———ਧ | ———ਨੀ— | ——ਸਾਂ—— | —ਸਾਂ——— | ਨੀ———ਧ | ———ਪ— | ——ਮ—— | —ਗ——— |
| ਸ਼ਬਦ | ਵਾSSSਹਿ | SSSਗੁS | SSਰੂSS | SਸSSS | ਤਿSSSਨਾ | SSSਮS | SSਵਾSS | SਹਿSSS |
| ਭਜਨ | ਰਾSSSਧੇ | SSSਸ਼ਾS | SSਮSS | Sਸੀ SSS | ਤਾSSSਰਾ | SSSਮS | SSਰਾSS | Sਧੇ SSS |
| ਸਰਗਮ | ਰੇ———ਸਾ | ———ਸਾ— | ——ਰੇ—— | —ਗ——— | ਮ———ਪ | ———ਧ— | ——ਨੀ—— | —ਸਾਂ——— |
| ਸ਼ਬਦ | ਗੁSSSਰੂ | SSSਸS | SSਤਿSS | Sਨਾ SSS | ਮSSSਵਾ | SSSਹਿS | SSਗੁSS | Sਰੂ SSS |
| ਭਜਨ | ਸ਼ਾSSSਮ | SSSਸੀS | SSਤਾSS | Sਰਾ SSS | ਮSSSਰਾ | SSSਧੇS | SSਸ਼ਾSS | SਮSSS |
| ਤਾਲ ਚਿੰਨ੍ਹ | x | | | | 3 | | | |

*ਨੋਟ :* ਵਾਸਤਵ ਵਿਚ ਇਹ ਕੁਆੜ ਤੇ ਢਾਈ ਗੁਣ ਤਿੰਨ ਤਾਲ ਅਤੇ ਧੁਮਾਲੀ ਤਾਲ ਵਿਚ ਬੰਦਸ਼ ਕੀਤੀ ਸੀ, ਪਰ ਟੇਬਲ ਸਮਿਟਰੀ ਵਿਚ ਸਹੀ ਨਾ ਉਤਰਦਾ ਵੇਖ ਕੇ ਇਹਨਾਂ ਲੈਅਕਾਰੀਆਂ ਨੂੰ ਅਸੀਂ ਤਾਲ ਕਹਿਰਵੇ ਵਿਚ ਦੇ ਰਹੇ ਹਾਂ। ਜ਼ਰੂਰਤ ਪੈਣ 'ਤੇ ਤੁਸੀਂ ਧੁਮਾਲੀ ਜਾਂ ਤਿੰਨ ਤਾਲ ਵਿਚ ਗਾ ਸਕਦੇ ਹੋ।

# ਪੌਣ ਗੁਣ

(ਚਾਰ ਮਾਤਰਿਆਂ ਵਿਚ ਤਿੰਨ ਅੱਖਰ ਬੋਲਣੇ)

ਤਿੰਨ ਅੱਖਰਾਂ ਨੂੰ ਚਾਰ ਮਾਤਰਿਆਂ ਵਿਚ ਕਹਿਣ ਦੇ ਲਈ ਹਰ ਇਕ ਅੱਖਰ ਦੇ ਚਾਰ-ਚਾਰ ਹਿੱਸੇ ਕਰੋ ਅਰਥਾਤ ਹਰ ਇਕ ਅੱਖਰ ਨਾਲ ਤਿੰਨ ਅਵਗ੍ਰਹਿ ਜੋੜ ਦਿਉ, ਜੋ ਕਿ ਕੁਲ ਮਿਲਾ ਕੇ 3x4=12 ਅੱਖਰ ਬਣ ਜਾਣਗੇ। ਹੁਣ 12 ਅੱਖਰਾਂ ਨੂੰ ਤਿੰਨ ਨਾਲ ਵੰਡ ਦਿਉ। ਉਦਾਹਰਣ ਦੇ ਤੌਰ 'ਤੇ:

## ਪੌਣ ਗੁਣ

### ਤਾਲ ਰੂਪਕ

| ਮਾਤਰੇ | 1 | 2 | 3 | 4 | 5 | 6 | 7 |
|---|---|---|---|---|---|---|---|
| ਸਰਗਮ | ਸਾ——— | —ਰੇ— | ——ਗ | ——— | ਮ——ਗ | —ਪ— | ——ਧ |
| ਸ਼ਬਦ | ਸSS | SਤਿS | SSਨਾ | SSS | ਮSS | Sਵਾ S | SSਹਿ |
| ਭਜਨ | ਸੀSS | Sਤਾ S | SSਰਾ | SSS | ਮSS | Sਰਾ S | SSਧੇ |
| ਸਰਗਮ | ——— | ਨੀ——— | —ਸਾਂ— | ——ਸਾਂ | ——— | ਨੀ——— | —ਧ— |
| ਸ਼ਬਦ | SSS | ਗੁSS | Sਰੂ S | SSਸ | SSS | ਤਿSS | Sਨਾ S |
| ਭਜਨ | SSS | ਸ਼ਾSS | SਮS | SSਸੀ | SSS | ਤਾSS | Sਰਾ S |
| ਸਰਗਮ | ——ਪ | ——— | ਮ——— | —ਗ— | ——ਰੇ | ——— | ਸਾ——— |
| ਸ਼ਬਦ | SSਮ | SSS | ਵਾSS | SਹਿS | SSਗੁ | SSS | ਰੂSS |
| ਭਜਨ | SSਮ | SSS | ਰਾSS | Sਧੇ S | SSਸ਼ਾ | SSS | ਮSS |
| ਤਾਲ ਚਿੰਨ੍ਹ | 0 | | | 2 | | 3 | |

## ਮਤਭੇਦ

ਕਈ ਵਿਦਵਾਨ ਕਹਿੰਦੇ ਹਨ ਕਿ ਆੜ ਦੀ ਆੜ ਨੂੰ ਕੁਆੜ ਲੈਅ ਕਹਿੰਦੇ ਹਨ। ਸੋ ਆੜ ਦੀ ਆੜ $\frac{3}{2} \times \frac{3}{2} = \frac{9}{4}$ ਅਰਥਾਤ ਚਾਰ ਮਾਤਰਾਵਾਂ ਵਿਚ ਨੌਂ ਅੱਖਰ ਬੋਲਣੇ। ਉਦਾਹਰਣ ਦੇ ਤੌਰ 'ਤੇ:

### ਕੁਆੜ ਲੈਅ (2)

ਤਾਲ ਰੂਪਕ

| ਮਾਤਰੇ | 1 | 2 | 3 | 4 | 5 | 6 | 7 |
|---|---|---|---|---|---|---|---|
| ਸਰਗਮ | ਸਾ----ਰੇ---ਗਾ | ---ਮ---ਪ- | --ਧ---ਨੀ-- | -ਸਾਂ---ਸਾਂ--- | ਨੀ---ਧ---ਪ | ---ਮ---ਗ- | --ਰੇ---ਸਾ-- |
| ਸ਼ਬਦ | ਸSSSਤ੍ਰਿSSSਨਾ | SSSਮSSSਵਾS | SSਹਿSSSਗੁSS | Sਰੂ SSSਸSSS | ਤ੍ਰਿSSSਨਾSSSਮ | SSSਵਾSSSਹਿS | SSਗੁSSSਰੂSS |
| ਭਜਨ | ਸੀSSSਤਾSSSਰਾ | SSSਮSSSਰਾS | SSਧੇSSSਸ਼ਾSS | SਮSSSਸੀSSS | ਤਾSSSਰਾSSSਮ | SSSਰਾSSSਧੇS | SSਸ਼ਾSSSਮSS |
| ਤਾਲ ਚਿੰਨ੍ਹ | 0 | | | 2 | | 3 | |

# ਸਵਾ ਗੁਣ ਦੀ ਉਲਟੀ

(ਪੰਜ ਮਾਤਰਾਵਾਂ ਵਿਚ ਚਾਰ ਸ਼ਬਦ ਬੋਲਣੇ)

ਚਾਰ ਅੱਖਰਾਂ ਨੂੰ ਪੰਜ ਮਾਤਰਾਵਾਂ ਵਿਚ ਬੋਲਣ ਦੇ ਲਈ ਹਰ ਇਕ ਅੱਖਰ ਦੇ ਪੰਜ-ਪੰਜ ਹਿੱਸੇ ਕਰ ਲਵੋ। ਜੋ ਕੁਲ ਮਿਲਾ ਕੇ 4x5=20 ਅੱਖਰ ਬਣ ਗਏ। ਇਹਨਾਂ 20 ਅੱਖਰਾਂ ਨੂੰ ਚਾਰ ਨਾਲ ਵੰਡ ਦਿਓ। ਉਦਾਹਰਣ ਦੇ ਤੌਰ 'ਤੇ :

## ਸਵਾ ਗੁਣ ਦੀ ਉਲਟੀ

### ਝਪਤਾਲ

| ਮਾਤਰੇ | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|
| ਸਰਗਮ | ਸਾ——— | —ਰੇ—— | ——ਗ— | ———ਮ | ———— | ਪਾ——— | —ਧ—— | ——ਨੀ— | ———ਸਾਂ | ———— |
| ਸ਼ਬਦ | ਸSSS | SਤਿSS | SSਨਾS | SSSਮ | SSSS | ਵਾSSS | SਹਿSS | SSਗੁS | SSSਰੂ | SSSS |
| ਭਜਨ | ਸੀSSS | Sਤਾ SS | SSਰਾS | SSSਮ | SSSS | ਰਾSSS | Sਧੇ SS | SSਸ਼ਾS | SSSਮ | SSSS |
| ਸਰਗਮ | ਸਾਂ——— | —ਨੀ—— | ——ਧ— | ———ਪ | ———— | ਮ——— | —ਗ—— | ——ਰੇ— | ———ਸਾ | ———— |
| ਸ਼ਬਦ | ਸSSS | SਤਿSS | SSਨਾS | SSSਮ | SSSS | ਵਾSSS | SਹਿSS | SSਗੁS | SSSਰੂ | SSSS |
| ਭਜਨ | ਸੀSSS | Sਤਾ SS | SSਰਾS | SSSਮ | SSSS | ਰਾSSS | Sਧੇ SS | SSਸ਼ਾS | SSSਮ | SSSS |
| ਤਾਲ ਚਿੰਨ੍ਹ | x | | 2 | | | 0 | | 3 | | |

# ਪੌਣ ਗੁਣ ਦੀ ਉਲਟੀ

(ਤਿੰਨ ਮਾਤ੍ਰਾਵਾਂ ਵਿਚ ਚਾਰ ਅੱਖਰ ਕਹਿਣੇ)

ਉਦਾਹਰਣ ਦੇ ਤੌਰ 'ਤੇ:

## ਪੌਣ ਗੁਣ ਦੀ ਉਲਟੀ

ਚਾਰ ਤਾਲ

| ਮਾਤਰੇ | 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|---|
| ਸਰਗਮ | ਸਾ——ਰੇ | ——ਗ— | —ਮ—— | ਪ——ਧ | ——ਨੀ— | —ਸਾਂ—— | ਸਾਂ——ਨੀ | ——ਧ— | —ਪ—— | ਮ——ਗ | ——ਰੇ— | —ਸਾ—— |
| ਸ਼ਬਦ | ਸ਽਽ਤਿ | ऽऽਨਾऽ | ऽਮऽऽ | ਵਾऽऽਹਿ | ऽऽਗੁऽ | ऽਰੂऽऽ | ਸऽऽਤਿ | ऽऽਨਾऽ | ऽਮऽऽ | ਵਾऽऽਹਿ | ऽऽਗੁऽ | ऽਰੂऽऽ |
| ਭਜਨ | ਸੀऽऽਤਾ | ऽऽਰਾऽ | ऽਮऽऽ | ਰਾऽऽਧੇ | ऽऽਸ਼ਾऽ | ऽਮऽऽ | ਸੀऽऽਤਾ | ऽऽਰਾऽ | ऽਮऽऽ | ਰਾऽऽਧੇ | ऽऽਸ਼ਾऽ | ऽਮऽऽ |
| ਤਾਲ ਚਿੰਨ੍ਹ | x | | 0 | | 2 | | 0 | | 3 | | 4 | |

# ਆੜ ਦੀ ਉਲਟੀ

ਤਿੰਨ ਮਾਤਰਿਆਂ ਵਿਚ ਦੋ ਅੱਖਰ ਬੋਲਣ ਨੂੰ ਆੜ ਦੀ ਉਲਟੀ ਲੈਅ ਕਹਿੰਦੇ ਹਨ। ਇਸ ਵਿਚ ਤਿੰਨ ਮਾਤਰਿਆਂ ਅੰਦਰ ਦੋ ਅੱਖਰ ਬੋਲਣੇ ਪੈਂਦੇ ਹਨ। ਇਸ ਲਈ ਹਰ ਇਕ ਅੱਖਰ ਦੇ ਤਿੰਨ ਹਿੱਸੇ ਕਰਾਂਗੇ ਅਤੇ ਹਰ ਇਕ ਅੱਖਰ ਅੱਗੇ ਦੋ ਅਵਗ੍ਰਹਿ ਲਾਵਾਂਗੇ। ਜੋ ਕੁਲ ਮਿਲਾ ਕੇ 2x3=6 ਅੱਖਰ ਬਣ ਜਾਣਗੇ। ਫਿਰ ਛੇ ਅੱਖਰਾਂ ਦੇ ਤਿੰਨ ਹਿੱਸੇ ਬਣਾਵਾਂਗੇ। ਉਦਾਹਰਣ ਦੇ ਤੌਰ 'ਤੇ:

## ਆੜ ਦੀ ਉਲਟੀ

ਚਾਰ ਤਾਲ

| ਮਾਤਰੇ | 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|---|
| ਸਰਗਮ | ਸਾ— | —ਰੇ | —— | ਗ— | —ਮ | —— | ਪ— | —ਧ | —— | ਨੀ— | ਸਾਂ— | —— |
| ਸ਼ਬਦ | ਸਨ | ਨਤਿ | ਨਨ | ਨਾਨ | ਨਮ | ਨਨ | ਵਾਨ | ਨਹਿ | ਨਨ | ਗੁਨ | ਰੂਨ | ਨਨ |
| ਭਜਨ | ਸੀਨ | ਨਤਾ | ਨਨ | ਰਾਨ | ਨਮ | ਨਨ | ਰਾਨ | ਨਧੇ | ਨਨ | ਸ਼ਾਨ | ਮਨ | ਨਨ |
| ਸਰਗਮ | ਸਾਂ— | —ਨੀ | —— | ਧ— | —ਪ | —— | ਮ— | —ਗ | —— | ਰੇ— | —ਸਾ | —— |
| ਸ਼ਬਦ | ਸਨ | ਨਤਿ | ਨਨ | ਨਾਨ | ਨਮ | ਨਨ | ਵਾਨ | ਨਹਿ | ਨਨ | ਗੁਨ | ਨਰੂ | ਨਨ |
| ਭਜਨ | ਸੀਨ | ਨਤਾ | ਨਨ | ਰਾਨ | ਨਮ | ਨਨ | ਰਾਨ | ਨਧੇ | ਨਨ | ਸ਼ਾਨ | ਨਮ | ਨਨ |
| ਤਾਲ ਚਿੰਨ੍ਹ | x | | 0 | | 2 | | 0 | | 3 | | 4 | |

# ਬਿਆੜ ਲੈਅ

(ਚਾਰ ਮਾਤਰਿਆਂ ਵਿਚ ਸੱਤ ਅੱਖਰ ਬੋਲਣੇ)

ਪੌਣੇ ਦੋ ਗੁਣ ਦੀ ਲੈਅ ਨੂੰ ਬਿਆੜ ਲੈਅ ਕਹਿੰਦੇ ਹਨ। ਪੌਣੇ ਦੋ ਗੁਣ ਦਾ ਅਰਥ ਹੈ ਇਕ ਮਾਤਰੇ ਵਿਚ $1\frac{3}{4}$ ਜਾਂ $\frac{7}{4}$ ਅੱਖਰ ਬੋਲਣੇ। ਸੱਤ ਅੱਖਰਾਂ ਨੂੰ ਚਾਰ ਮਾਤਰਿਆਂ ਵਿਚ ਬੋਲਣ ਦੇ ਲਈ ਹਰ ਇਕ ਅੱਖਰ ਦੇ ਚਾਰ-ਚਾਰ ਹਿੱਸੇ ਬਣਾ ਲਵੋ। ਇਸ ਤਰ੍ਹਾਂ 7x4=28 ਹਿੱਸੇ ਬਣ ਜਾਣਗੇ। ਫਿਰ ਇਹਨਾਂ ਨੂੰ 7 ਨਾਲ ਵੰਡ ਦਿਓ। ਉਦਾਹਰਣ ਦੇ ਤੌਰ 'ਤੇ :

## ਬਿਆੜ ਲੈਅ

### ਬਸੰਤ ਤਾਲ

| ਮਾਤ੍ਰੇ | 1 | 2 | 3 | 4 | 5 | 6 | 7 | 8 | 9 |
|---|---|---|---|---|---|---|---|---|---|
| ਸਰਗਮ | ਸਾ---ਰੇ-- | -ਗ---ਮ- | --ਪ---ਧ | ---ਨੀ--- | ਸਾਂ---ਸਾਂ-- | -ਨੀ---ਧ- | --ਪ---ਮ | ---ਗ--- | ਰੇ---ਸਾ-- |
| ਸ਼ਬਦ | ਸSSSਤਿSS | SਨਾSSSਮS | SSਵਾSSSਹਿ | SSSਗੁSSS | ਰੂSSSਸSS | SਤਿSSSਨਾS | SSਮSSSਵਾ | SSSਹਿSSS | ਗੁSSSਰੂSS |
| ਭਜਨ | ਸੀSSSਤਾSS | Sਰਾ SSSਮS | SSਰਾSSSਧੇ | SSSਸ਼ਾSSS | ਮSSSਸੀSS | Sਤਾ SSSਰਾS | SSਮSSSਰਾ | SSSਧੇSSS | ਸ਼ਾSSSਮSS |
| ਤਾਲ ਚਿੰਨ੍ਹ | x | 2 | 3 | 4 | 0 | 5 | 0 | 6 | 0 |

## ਮਤਭੇਦ

ਕੁਝ ਵਿਦਵਾਨਾਂ ਦਾ ਮਤ ਹੈ ਕਿ ਕੁਆੜ ਦੀ ਆੜ ਨੂੰ ਬਿਆੜ ਲੈਅ ਕਹਿੰਦੇ ਹਨ। ਕੁਆੜ ਦਾ ਆੜ $\frac{9}{4} \times \frac{3}{2} = \frac{27}{8}$ ਅਰਥਾਤ ਅੱਠ ਮਾਤਰਿਆਂ ਵਿਚ 27 ਅੱਖਰ ਕਹਿਣ ਨਾਲ ਬਿਆੜ ਲੈਅ ਬਣਦੀ ਹੈ।

# ਪੌਣੇ ਦੋ ਗੁਣ ਦੀ ਉਲਟੀ

(ਸੱਤ ਮਾਤਰਾਵਾਂ ਵਿਚ ਚਾਰ ਅੱਖਰ ਬੋਲਣੇ)

ਚਾਰ ਅੱਖਰਾਂ ਨੂੰ ਸੱਤ ਮਾਤਰਾਵਾਂ ਵਿਚ ਬੋਲਣ ਦੇ ਲਈ ਚਾਰ ਅੱਖਰਾਂ ਦੇ ਸੱਤ ਸੱਤ ਹਿੱਸੇ ਕਰਾਂਗੇ, ਤਾਂ ਕੁਲ 4x7=28 ਅੱਖਰ ਬਣ ਜਾਣਗੇ। ਇਹਨਾਂ 28 ਹਿੱਸਿਆਂ ਨੂੰ ਚਾਰ ਨਾਲ ਵੰਡ ਦਿਆਂਗੇ। ਉਦਾਹਰਣ ਦੇ ਤੌਰ 'ਤੇ :

## ਪੌਣੇ ਦੋ ਗੁਣ ਦੀ ਉਲਟੀ

ਧਮਾਰ

| ਮਾਤਰੇ | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|---|
| ਸਰਗਮ | ਸਾ--- | ---ਰੇ | ---- | --ਗ- | ---- | -ਮ-- | ---- | ਪ--- | ---ਧ | ---- | --ਨੀ- | ---- | -ਸਾਂ-- | ---- |
| ਸ਼ਬਦ | ਸSSSS | SSSਤਿ | SSSS | SSਨਾS | SSSS | SਮSS | SSSS | ਵਾSSS | SSSਹਿ | SSSS | SSਗੁS | SSSS | Sਰੂ SS | SSSS |
| ਭਜਨ | ਸੀSSS | SSSਤਾ | SSSS | SSਰਾS | SSSS | SਮSS | SSSS | ਰਾSSS | SSSਧੇ | SSSS | SSਸ਼ਾS | SSSS | SਮSS | SSSS |
| ਸਰਗਮ | ਸਾਂ--- | ---ਨੀ | ---- | --ਧ- | ---- | -ਪ-- | ---- | ਮ--- | ---ਗ | ---- | --ਰੇ- | ---- | -ਸਾ-- | ---- |
| ਸ਼ਬਦ | ਸSSS | SSSਤਿ | SSSS | SSਨਾS | SSSS | SਮSS | SSSS | ਵਾSSS | SSSਹਿ | SSSS | SSਗੁS | SSSS | Sਰੂ SS | SSSS |
| ਭਜਨ | ਸੀSSS | SSSਤਾ | SSSS | SSਰਾS | SSSS | SਮSS | SSSS | ਰਾSSS | SSSਧੇ | SSSS | SSਸ਼ਾS | SSSS | SਮSS | SSSS |
| ਤਾਲ ਚਿੰਨ੍ਹ | X | | | | | 2 | | 0 | | | 3 | | | |

*ਨੋਟ :* ਲੈਅਕਾਰੀਆਂ ਬਾਰੇ ਉਪਰ ਅਸੀਂ ਬਹੁਤ ਕੁਝ ਵਿਸਥਾਰ ਸਹਿਤ ਦੱਸਿਆ ਹੈ, ਕਿਉਂਜੁ ਸਿਖਿਆਰਥੀ ਨੂੰ ਇਮਤਿਹਾਨਾਂ ਸਮੇਂ ਅਤੇ ਗਾਇਕ ਨੂੰ ਗਾਇਕੀ ਸਮੇਂ ਇਹਨਾਂ ਲੈਆਂ ਦੀ ਅਤੀ ਲੋੜ ਹੁੰਦੀ ਹੈ। ਸੋ ਸਮਝ ਕੇ ਸਮਝਣ ਦੀ ਲੋੜ ਹੁੰਦੀ ਹੈ।

# ਆਸਾ ਦੇ ਮੁੱਢ ਦੀ ਖੋਜ

ਆਸਾ ਰਾਗ 'ਤੇ ਖੋਜ ਪੱਤਰ ਲਿਖਣ ਤੋਂ ਪਹਿਲਾਂ ਇਕ ਦ੍ਰਿਸ਼ਟੀ ਸੰਗੀਤ 'ਤੇ ਪਾਈ ਜਾਵੇ ਤਾਂ ਬਹੁਤ ਉਚਿਤ ਹੋਵੇਗਾ। ਸੰਗੀਤ ਆਰੰਭ ਤੋਂ ਹੀ ਆਸਾ ਦਾ ਚਿੰਨ੍ਹ ਹੈ। ਇਹ ਠੀਕ ਹੈ ਕਿ ਜ਼ਿੰਦਗੀ ਦੇ ਹਿੱਸੇ ਵਿਚ ਸੁਖਾਂਤ ਅਤੇ ਦੁਖਾਂਤ ਦੋਵੇਂ ਪਹਿਲੂ ਹਨ, ਪਰ ਸੰਗੀਤ ਵਿਚ ਦੁਖਾਂਤ ਦੂਜਾ ਅਤੇ ਸੁਖਾਂਤ ਪਹਿਲਾ ਪਹਿਲੂ ਹੈ। ਸੰਸਾਰ ਦੀ ਉਤਪਤੀ ਸੰਗੀਤ ਤੋਂ ਹੀ ਹੁੰਦੀ ਹੈ।

ਸ੍ਰਿਸ਼ਟੀ ਉਤਪੰਨ ਹੋਣ ਤੋਂ ਪਹਿਲਾਂ ਹੀ ਸੰਗੀਤ 'ਸ਼ਬਦ' ਰੂਪ ਵਿਚ ਆਕਾਸ਼ ਅੰਦਰ ਹੋਂਦ ਵਿਚ ਸੀ ਅਤੇ ਉਸ ਸ਼ਬਦ ਦਾ ਗੁਣ ਹੀ ਨਾਦ ਹੈ। ਨਾਦ ਵਿੱਚ ਸੰਗੀਤ-ਮਈ ਖੋਜ ਕਰਨ ਵਾਲੇ ਕੁਝ ਵਿਦਵਾਨ ਹੋਏ ਹਨ। ਉਹਨਾਂ ਦੇ ਨਾਂ *ਹਿਸਟਰੀ ਆਫ਼ ਇੰਡੀਅਨ ਮਿਊਜ਼ਿਕ* ਅਤੇ *ਹਿਸਟੋਰੀਕਲ ਸਰਵੇ ਆਫ਼ ਇੰਡੀਅਨ ਮਿਊਜ਼ਿਕ* ਲੇਖਕ ਭਾਤਖੰਡੇ ਬੀ.ਏ., ਐਲ.ਐਲ.ਬੀ. ਹਨ। ਇਹਨਾਂ ਪੁਸਤਕਾਂ ਵਿਚ ਖੋਜ ਕਰਤਾਵਾਂ ਦੇ ਲਗਭਗ 22 ਨਾਂ ਹਨ। ਜਿਵੇਂ ਬਿੰਦੂ ਰਾਜ, ਸੁਖਦੇਵ, ਦੁਰਗਾ, ਸ਼ਕਤੀ, ਗੰਧਰਵ, ਰੰਭਾ ਆਦਿ। ਇਹਨਾਂ ਵਿਦਵਾਨਾਂ ਰਾਹੀਂ ਇਕ ਸੰਗੀਤ ਰੂਪ-ਸੁਰ ਦਾ ਜਨਮ ਹੋਇਆ, ਪਰ ਇਸ ਨੂੰ ਸੰਗੀਤ ਦੇ ਜਨਮ ਦੀ ਉਪਾਧੀ ਨਹੀਂ ਦਿੱਤੀ ਜਾ ਸਕਦੀ।

ਰਾਗ ਸ਼ਬਦ ਦਾ ਜਨਮ 7ਵੀਂ ਸਦੀ ਵਿਚ ਮਤੰਗ ਮੁਨੀ ਦੁਆਰਾ ਲਿਖਤ 'ਬ੍ਰਹਦਦੇਸੀ' ਗ੍ਰੰਥ ਦੁਆਰਾ ਹੋਈ। ਪਰ ਇਸ ਦਾ ਭਾਵ ਇਹ ਨਹੀਂ ਕਿ ਸੰਗੀਤ ਦਾ ਜਨਮ ਹੀ ਰਾਗ ਨਾਲ ਹੋਇਆ। ਸੰਗੀਤ ਤਾਂ ਆਰੰਭਕ ਕਾਲ ਤੋਂ ਹੀ ਧਾਰਮਿਕ ਗ੍ਰੰਥਾਂ ਦਾ ਸਹਾਇਕ ਰਿਹਾ ਹੈ। ਸਾਮ ਵੇਦ ਤਾਂ ਸਮੁੱਚਾ ਹੀ ਸੰਗੀਤ ਵਿਚ ਹੈ। ਰਾਮਾਇਣ ਦੀਆਂ ਚੌਪਈਆਂ ਵੀ ਬਿਨਾਂ ਸੰਗੀਤ ਦੀਆਂ ਸੁਰਾਂ ਤੋਂ ਨਹੀਂ ਗਾਈਆਂ ਜਾਂਦੀਆਂ ਸਨ। ਗੀਤਾ ਦੇ ਸ਼ਲੋਕ ਵੀ ਸੰਗੀਤ ਵਿਚ ਹੀ ਸਨ।

ਰਾਗ ਦੀ ਉਤਪਤੀ ਤੋਂ ਪਿੱਛੋਂ ਸੰਗੀਤ ਰਾਗਾਂ ਵਿਚ ਪਰਿਵਰਤਿਤ ਹੋ ਗਿਆ, ਜਦੋਂ ਕਿ ਪਹਿਲਾਂ ਉਦਾਤ, ਅਨੁਦਾਤ ਅਤੇ ਸਵਰਿਤ ਸੁਰਾਂ 'ਤੇ ਆਧਾਰਿਤ ਸੀ। ਇਸ ਤੋਂ ਪਿੱਛੋਂ ਭਗਤੀ ਲਹਿਰ ਵਿਚ ਅਨੇਕਾਂ ਵਿਦਵਾਨਾਂ ਤੇ ਭਗਤਾਂ ਨੇ ਆਪਣੀਆਂ ਕਵਿਤਾਵਾਂ ਪਦ, ਗਦ ਆਦਿਕ ਰਾਗਾਂ ਵਿਚ ਹੀ ਰਚੇ। ਜਿਵੇਂ ਸੂਰਦਾਸ, ਮੀਰਾਂ ਬਾਈ, ਤੁਲਸੀ ਦਾਸ ਦੀਆਂ ਰਚਨਾਵਾਂ ਇਕ ਨਿੱਗਰ ਪ੍ਰਮਾਣ ਹਨ।

ਇਸ ਤੋਂ ਪਿੱਛੋਂ ਕਲਜੁਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨਿਰੰਕਾਰੀ ਜੋਤਿ ਪ੍ਰਗਟੀ ਤੇ ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਉੱਘੇ 31 ਰਾਗਾਂ ਵਿਚ ਕੀਤੀ ਗਈ। ਸੰਗੀਤ ਦਾ ਆਪਣਾ ਸੁਭਾਵ ਸੁਖਾਂਤ ਹੀ ਹੈ ਕਿਉਂਜੁ ਕਿਸੇ ਵਿਦਵਾਨ ਨੇ ਲਿਖਿਆ ਹੈ ਕਿ ਸੁਰ ਸਾਧਨਾ ਹੀ ਪਰਮੇਸ਼ੁਰ ਦੀ ਆਰਾਧਨਾ ਹੈ।

ਸੁਰ ਦੀ ਸਾਧਨਾ ਕਰਨ ਲਈ ਇਕਾਗਰਤਾ ਦੀ ਲੋੜ ਹੈ ਅਤੇ ਪਰਮੇਸ਼ੁਰ ਦੀ ਆਰਾਧਨਾ ਲਈ ਵੀ ਇਕਾਗਰਤਾ ਦੀ ਲੋੜ ਹੈ। ਫਿਰ ਜਿਹੜੀ ਕਲਾ ਪਰਮੇਸ਼ੁਰ ਨਾਲ

ਮਿਲਾਉਂਦੀ ਹੋਵੇ, ਉਹ ਦੁਖਾਂਤ ਕਿਵੇਂ ਹੋ ਸਕਦੀ ਹੈ। ਇਸ ਲਈ ਸੰਗੀਤ ਦਾ ਆਪਣਾ ਟੀਚਾ ਸੁਖਾਂਤ ਅਤੇ ਆਸ਼ਾਵਾਦੀ ਹੈ।

ਪੰਜਾਬ ਦੀ ਧਰਤੀ ਲੋਕ ਸਾਹਿਤ ਦਾ ਸਮੁੰਦਰ ਹੈ, ਜਿਸ ਵਿਚ ਲੋਕ-ਗੀਤਾਂ ਤੇ ਲੋਕ-ਕਹਾਣੀਆਂ ਦੇ ਵਡਮੁੱਲੇ, ਕੀਮਤੀ, ਹੀਰਿਆਂ ਦਾ ਭੰਡਾਰ ਹੈ। ਲੋਕ ਸਾਹਿਤ ਕਿਸੇ ਵਿਸ਼ੇਸ਼ ਜਾਤੀ, ਦੇਸ-ਪ੍ਰਦੇਸ ਤਕ ਸੀਮਿਤ ਨਹੀਂ ਅਤੇ ਨਾ ਹੀ ਕਿਸੇ ਖ਼ਾਸ ਨਿਸਚਿਤ ਸਮੇਂ ਨਾਲ ਸੰਬੰਧਤ ਹੈ, ਇਹ ਤਾਂ ਮਨੁੱਖ ਦੇ ਸਮੁੱਚੇ ਜੀਵਨ ਤਜਰਬੇ ਦਾ ਫਲ ਹੈ।

ਪੁਰਾਤਨ ਕਿਵ-ਦੰਤੀਆਂ, ਟੋਟਕਿਆਂ, ਮੁਹਾਵਰਿਆਂ 'ਤੇ ਕਹਾਣੀਆਂ ਤੋਂ ਸਾਨੂੰ ਬਹੁਤ ਕੁਝ ਮਿਲਦਾ ਹੈ। ਪਰ ਇਸ ਪਾਸੇ ਅਸੀਂ ਬਹੁਤ ਧਿਆਨ ਨਹੀਂ ਦਿੱਤਾ। ਜਿਵੇਂ ਬਜ਼ੁਰਗ ਮਾਈਆਂ ਆਟਾ ਗੁੰਨ੍ਹਣ ਤੋਂ ਬਾਅਦ ਰੋਟੀ ਪਕਾਉਣ ਲੱਗਿਆਂ ਥੋੜਾ ਜਿਹਾ ਆਟਾ ਪਹਿਲਾਂ ਅਗਲੇ ਪਾਸੇ ਤੋਂ ਚੁੱਕ ਕੇ ਪਿੱਛੇ ਰੱਖ ਦਿੰਦੀਆਂ ਹਨ। ਇਹ ਗੀਤ ਧੀ ਨੇ ਮਾਂ ਕੋਲੋਂ ਸਿੱਖੀ ਅਤੇ ਅੱਗੋਂ ਉਸ ਦੀ ਧੀ ਨੇ ਸਿੱਖੀ। ਸੋ ਇਹ ਗੀਤ ਸਦੀਆਂ ਤੋਂ ਚਲੀ ਆਉਂਦੀ ਹੈ। ਇਸ ਦਾ ਮੁੱਢ ਕਿਵੇਂ ਹੋਇਆ, ਕੋਈ ਪਤਾ ਨਹੀਂ।

ਵਿਆਹ ਸਮੇਂ ਵਟਣਾ ਮਲਿਆ ਜਾਂਦਾ ਹੈ, ਉਸ ਵੇਲੇ ਬੀਬੀਆਂ ਰਲ ਕੇ ਚਾਉ ਭਰੇ ਗੀਤ ਗਾਉਂਦੀਆਂ ਹਨ। ਸਦੀਆਂ ਤੋਂ ਪੀੜ੍ਹੀ ਦਰ ਪੀੜ੍ਹੀ ਇਹ ਗੀਤ ਗਾਏ ਜਾਂਦੇ ਹਨ। ਇਨ੍ਹਾਂ ਗੀਤਾਂ ਵਿਚ ਮਿਠਾਸ ਹੈ, ਰੂਹ ਹੈ, ਪਿਆਰ ਹੈ, ਖ਼ੁਸ਼ੀਆਂ ਅਤੇ ਮਲ੍ਹਾਰ ਹਨ। ਇਹਨਾਂ ਗੀਤਾਂ ਦਾ ਵਿਸ਼ਾ ਤੇ ਧੁਨਾਂ ਬਹੁਤ ਉੱਚ ਕੋਟੀ ਦੀਆਂ ਹੁੰਦੀਆਂ ਹਨ, ਪਰ ਇਹਨਾਂ ਗੀਤਾਂ ਦੇ ਲੇਖਕ ਜਾਂ ਸਮੇਂ ਬਾਰੇ ਸਾਨੂੰ ਕੋਈ ਗਿਆਨ ਨਹੀਂ।

ਇਸ ਪ੍ਰਕਾਰ ਜੰਞ ਦੇ ਢੁਕਾਉ ਵੇਲੇ ਦੇ ਗੀਤ ਅਤੇ ਡੋਲੀ ਤੋਰਨ ਵੇਲੇ ਦੇ ਗੀਤ ਹਨ, ਜੋ ਤਿਲੰਗ ਰਾਗ ਦੀ ਬੰਦਸ਼ ਵਿਚ ਹੁੰਦੇ ਹਨ। ਇਹ ਸਦੀਆਂ ਤੋਂ ਗਾਏ ਜਾ ਰਹੇ ਹਨ। ਇਹਨਾਂ ਦੀ ਰਚਨਾ ਦਾ ਸਮਾਂ ਜਾਂ ਲੇਖਕ ਬਾਰੇ ਅਸੀਂ ਕੁਝ ਨਹੀਂ ਜਾਣਦੇ।

ਮਨੁੱਖ ਦੇ ਮਰਨ ਤੋਂ ਪਿੱਛੋਂ ਜੋ ਵੈਰਾਗਮਈ ਕੀਰਨੇ ਬੀਬੀਆਂ ਅਲਾਉਂਦੀਆਂ ਹਨ, ਉਨ੍ਹਾਂ ਵਿਚ ਸੁਰ ਹੁੰਦੀ ਹੈ ਅਤੇ ਜਿਸ ਨਾਲ ਹਰ ਇਕ ਦਾ ਮਨ ਵੈਰਾਗਮਈ ਹੋ ਜਾਂਦਾ ਹੈ। ਵਿਆਹ ਦੇ ਸਮੇਂ ਦੇ ਗੀਤ ਖ਼ੁਸ਼ੀ ਦਿੰਦੇ ਹਨ ਅਤੇ ਮਰਨ ਸਮੇਂ ਦੇ ਗੀਤ ਸਾਰੇ ਵਾਤਾਵਰਣ ਨੂੰ ਸੋਗਮਈ ਬਣਾ ਦਿੰਦੇ ਹਨ।

ਵਿਗਿਆਨ ਨੇ ਜੋ ਉੱਨਤੀ ਕੀਤੀ ਹੈ ਤਾਂ ਉਹ ਪੁਰਾਤਨ ਸਮੇਂ ਦੀਆਂ ਵਸਤੂਆਂ ਤੇ ਹੋਰ ਜਾਣਕਾਰੀਆਂ ਦੇ ਆਧਾਰ 'ਤੇ। ਜੇ ਅਸੀਂ ਪੁਰਾਤਨ ਕਹਾਣੀਆਂ, ਕਿਵ-ਦੰਤੀਆਂ ਜਾਂ ਕਹਾੜੇ ਛੱਡ ਦੇਈਏ ਤਾਂ ਸਾਡੇ ਕੋਲ ਪਿਛੋਕੜ ਕੁਝ ਨਹੀਂ ਰਹਿੰਦਾ। ਇਸ ਲਈ ਅਸੀਂ ਆਪਣੇ ਵਿਰਸੇ ਨੂੰ ਨਹੀਂ ਭੁੱਲ ਸਕਦੇ। ਜੇ ਭੁਲਾ ਦੇਈਏ ਤਾਂ ਸਾਨੂੰ ਕੁਝ ਵੀ ਪ੍ਰਾਪਤ ਨਹੀਂ ਹੁੰਦਾ।

ਪੁਰਾਣੇ ਸਮੇਂ ਵਿਚ ਲੋਕਾਂ ਕੋਲ ਸਵੇਰੇ ਉੱਠਣ ਦਾ ਕੋਈ ਸਾਧਨ ਨਹੀਂ ਹੁੰਦਾ ਸੀ। ਜਦੋਂ ਕੁੱਕੜ ਬੋਲਦਾ ਸੀ ਤਾਂ ਤਾਰਿਆਂ ਦੀ ਗਿਣਤੀ-ਮਿਣਤੀ ਨਾਲ ਸਮੇਂ ਦਾ ਹਿਸਾਬ ਲਾਉਂਦੇ ਸਨ ਅਤੇ ਨਿਤਾ-ਪ੍ਰਤੀ ਦੇ ਕੰਮ ਸ਼ੁਰੂ ਕਰਦੇ ਸਨ। ਪਰ ਕਈ ਆਲਸੀ ਮਨੁੱਖ ਜਿਨ੍ਹਾਂ ਨੂੰ ਨੀਂਦ ਬਹੁਤ ਪਿਆਰੀ ਹੁੰਦੀ ਸੀ, ਉਹ ਉਦੋਂ ਵੀ ਸੁੱਤੇ ਰਹਿੰਦੇ ਸਨ ਅਤੇ ਇਸ ਵਿਗਿਆਨਕ ਯੁਗ ਵਿਚ ਵੀ ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਦਾ ਜ਼ਿਕਰ ਆਇਆ ਹੈ:

ਦੂਜੈ ਭਾਇ ਸੂਤੇ ਕਬਹੁ ਨ ਜਾਗਹਿ... ॥ *(ਵਾਰ ਬਿਲਾਵਲ, ਮਹਲਾ ੩, ਪੰਨਾ 852)*

ਪਰ ਉਹਨਾਂ ਸੁੱਤਿਆਂ ਹੋਇਆਂ ਦੇ ਕੰਨਾਂ ਵਿਚ ਇਹ ਆਵਾਜ਼ ਜ਼ਰੂਰ ਪੈ ਜਾਇਆ ਕਰਦੀ ਸੀ:

ਫਰੀਦਾ ਰਾਤਿ ਕਥੂਰੀ ਵੰਡੀਐ, ਸੁਤਿਆ ਮਿਲੈ ਨ ਭਾਉ॥
ਜਿੰਨ੍ਹਾ ਨੈਣ ਨੀਂਦ੍ਰਾਵਲੇ ਤਿੰਨ੍ਹਾ ਮਿਲਣੁ ਕੁਆਉ॥ *(ਸਲੋਕ ਫਰੀਦ, ਪੰਨਾ 1382)*

ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ॥
ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ॥ *(ਬਾਵਨ ਅਖਰੀ, ਪੰਨਾ 255)*

ਉਪਰੋਕਤ ਸਲੋਕਾਂ ਨੂੰ ਸੁੱਤੇ ਪਏ ਲੋਕਾਂ ਦੇ ਕੰਨਾਂ ਵਿਚ ਸੁਣਾਉਣ ਦਾ ਕੰਮ ਕੌਣ ਕਰਦੇ ਸਨ ? ਉਹ ਸਨ, ਜਿਹੜੇ ਆਪਣੇ ਪੇਟ ਦੀ ਰੋਟੀ ਬਦਲੇ ਪ੍ਰਭਾਤ ਫੇਰੀਆਂ ਲਾਉਂਦੇ ਸਨ। ਜਿਥੇ ਉਹ ਪ੍ਰਭਾਤ ਫੇਰੀ ਵਿਚ ਭਗਤ ਕਬੀਰ, ਬਾਬਾ ਫ਼ਰੀਦ ਜੀ ਦੀ ਉਪਦੇਸ਼-ਭਰੀ ਬਾਣੀ ਗਾਉਂਦੇ ਸਨ, ਉਥੇ ਉਹ ਅਦਭੁਤ ਰਾਗ ਦੀਆਂ ਸੁਰਾਂ ਵੀ ਪੇਸ਼ ਕਰਦੇ ਸਨ ਅਤੇ ਰਾਗ ਦੀਆਂ ਸੁਰਾਂ ਵੀ ਉਹ ਹੁੰਦੀਆਂ ਸਨ ਕਿ ਜਿਹੜਾ ਵੀ ਉਹਨਾਂ ਨੂੰ ਸੁਣਦਾ ਉਹੋ ਹੀ ਦਿਲ ਵਿਚ ਸੋਚਣ ਲੱਗ ਜਾਂਦਾ ਸੀ ਕਿ ਹੇ ਮਨਾਂ! ਮੈਂ ਸੁੱਤਾ ਕਿਉਂ ਪਿਆ ਹਾਂ। ਕਿਉਂ ਨਾ ਮੈਂ ਉਠ ਕੇ ਬੰਦਗੀ ਕਰਾਂ ਅਤੇ ਨਾਮ ਜਪਾਂ।

ਇਕ ਤਾਂ ਸਿਖਿਆਦਾਇਕ ਪਵਿੱਤਰ ਸ਼ਬਦ ਬਾਣੀ ਦੇ ਸਲੋਕਾਂ ਦਾ ਅਸਰ ਹੁੰਦਾ ਸੀ ਅਤੇ ਦੂਸਰਾ ਪ੍ਰਭਾਵ ਸੰਗੀਤ ਦੀਆਂ ਸੁਰਾਂ ਦਾ ਹੋ ਜਾਂਦਾ ਸੀ ਤੇ ਇਸ ਤਰ੍ਹਾਂ ਜੀਵਨ 'ਤੇ ਡੂੰਘਾ ਪ੍ਰਭਾਵ ਪੈਂਦਾ ਸੀ।

ਵਿਚਾਰ ਅਧੀਨ ਗੱਲ ਹੈ ਕਿ ਜਿਥੇ ਅਸਾਂ ਸਲੋਕ ਅਤੇ ਭਗਤਾਂ ਦੀ ਬਾਣੀ ਲੱਭ ਲਈ ਹੈ, ਉਥੇ ਸਾਨੂੰ ਰਾਗ ਦੀ ਵੀ ਖੋਜ ਕਰਨੀ ਚਾਹੀਦੀ ਹੈ ਕਿ ਉਹ ਜੀਵ ਆਤਮਾ ਨੂੰ ਟੁੰਬਣ ਵਾਲਾ ਕਿਹੜਾ ਰਾਗ ਸੀ। ਖੋਜ ਕਰਨ ਤੋਂ ਪਤਾ ਲੱਗਦਾ ਹੈ, ਉਹ ਰਾਗ ਸੀ ਤਾਂ ਇਕ ਅੰਮ੍ਰਿਤ ਵੇਲੇ ਗਾਉਣ ਵਾਲਾ 'ਆਸਾ ਰਾਗ' ਹੀ ਸੀ, ਭਾਵੇਂ ਉਹ ਮਿਸ਼ਰਤ ਸੀ ਜਾਂ ਕਿ ਨਿਯਮਾਂ ਵਿਚ ਬੰਨ੍ਹਿਆ ਹੋਇਆ ਸ਼ਾਸਤਰੀਯ ਸ਼ੁਧ ਰਾਗ ਸੀ, ਪਰ ਕਲਿਆਣ, ਕੇਦਾਰ, ਸਾਰੰਗ, ਭੀਮ ਪਲਾਸੀ, ਪੂਰੀਆ, ਪੂਰਵੀ ਆਦਿ ਕੁਵੇਲੇ ਦੇ ਰਾਗ ਕਦੀ ਨਹੀਂ ਸੀ ਸੁਣੇ ਗਏ, ਹੋ ਸਕਦਾ ਹੈ ਕਿ ਭੈਰਵ ਦੀਆਂ ਸੁਰਾਂ ਵਿਚ ਕੋਈ ਸ਼ਬਦ ਬਾਣੀ ਪੜ੍ਹਦਾ ਹੋਵੇ, ਕਿਉਂਜੁ ਇਹ ਰਾਗ ਅੰਮ੍ਰਿਤ ਵੇਲੇ ਦਾ ਹੈ। ਪਰ ਆਮ ਤੌਰ 'ਤੇ ਬਹੁਤਾ 'ਆਸਾ ਰਾਗ' ਹੀ ਸੁਣਿਆ ਗਿਆ ਹੈ।

ਅੱਜ ਵੀ ਪ੍ਰਭਾਤ ਫੇਰੀਆਂ ਹੁੰਦੀਆਂ ਹਨ, ਜੋ ਕਿ ਅਵਤਾਰਾਂ, ਪੀਰਾਂ ਜਾਂ ਗੁਰੂਆਂ ਦੀ ਯਾਦ ਵਿਚ ਬਹੁਤ ਬੰਦੇ ਇਕੱਠੇ ਹੋ ਕੇ ਕੱਢਦੇ ਹਨ, ਪਰ ਪੁਰਾਣੇ ਸਮਿਆਂ ਵਿਚ ਪ੍ਰਭਾਤ ਫੇਰੀ ਵੇਲੇ ਤਕਰੀਬਨ ਇਕੱਲਾ ਬੰਦਾ ਹੀ ਹੁੰਦਾ ਸੀ। ਕਈ ਸ਼ਹਿਰਾਂ ਪਿੰਡਾਂ ਵਿਚ ਪ੍ਰਭਾਤ ਫੇਰੀ ਵੇਲੇ ਮਰਾਸੀ ਜਾਂ ਬੁਰਆਲੇ ਹੱਥ ਵਿਚ ਹਾਰਮੋਨੀਅਮ ਜਾਂ ਰਬਾਬ ਲੈ ਕੇ ਪਹੁ-ਫੁਟਾਲੇ ਵੇਲੇ ਗਾਉਂਦੇ ਵੇਖੇ ਗਏ ਹਨ।

ਵਾਸਤਵ ਵਿਚ ਜੋ ਉਪਰੋਕਤ ਸਲੋਕ ਜਾਂ ਸ਼ਬਦ ਅਸੀਂ ਦੇ ਆਏ ਹਾਂ, ਉਹਨਾਂ ਸ਼ਬਦਾਂ ਨੂੰ ਮਿੱਠੀ ਆਵਾਜ਼ ਨਾਲ ਸੁਰ, ਤਾਲ ਅਤੇ ਲੈਅ ਵਿਚ ਇਕੱਲਾ ਬੰਦਾ ਹੀ ਪੇਸ਼ ਕਰਦਾ ਸੁਣਿਆ ਗਿਆ ਸੀ। ਇਹ ਪ੍ਰਭਾਤ ਫੇਰੀਆਂ ਸਾਰੇ ਸ਼ਹਿਰਾਂ ਜਾਂ ਪਿੰਡਾਂ ਵਿਚ ਨਹੀਂ ਨਿਕਲਦੀਆਂ ਸਨ, ਸਗੋਂ ਕਿਸੇ ਕਿਸੇ ਪਿੰਡ ਜਾਂ ਸ਼ਹਿਰ ਵਿਚ ਜਿਥੇ ਵੀ ਕੋਈ ਰਜਵਾੜਾ ਰਹਿੰਦਾ ਸੀ, ਉਹਨਾਂ ਦੇ ਮਿਰਾਸੀ ਨੌਕਰ ਪ੍ਰਭਾਤ ਵੇਲੇ ਫੇਰੀ ਲਾਉਂਦੇ ਹੁੰਦੇ ਸਨ ਜਾਂ ਸ਼ਹਿਨਾਈਆਂ ਵਜਾਈਆਂ ਜਾਂਦੀਆਂ ਸਨ ਅਤੇ ਹਫ਼ਤੇ ਪਿੱਛੋਂ ਜਾਂ ਮਹੀਨੇ ਪਿੱਛੋਂ ਆਪਣੇ ਜਜਮਾਨਾਂ ਕੋਲੋਂ ਆਪਣੇ ਰਾਸ਼ਨ ਮਾਇਆ ਦੀ ਉਗਰਾਹੀ ਕਰਦੇ ਸਨ ਅਤੇ ਪਿੰਡਾਂ ਸ਼ਹਿਰਾਂ ਦੇ ਲੋਕ ਅੰਮ੍ਰਿਤ ਵੇਲੇ ਸੋਹਣਾ ਮਿੱਠਾ ਸ਼ਬਦ ਪੇਸ਼ ਕਰਦਾ ਵੇਖ ਕੇ ਵਿਤ ਅਨੁਸਾਰ ਮਾਇਆ, ਕੱਪੜਾ ਅਤੇ ਰਾਸ਼ਨ ਦਿੰਦੇ ਸਨ।

ਸਾਡਾ ਮੁੱਖ ਵਿਸ਼ਾ ਤਾਂ ਇਹ ਹੈ ਕਿ 'ਆਸਾ ਰਾਗ' ਕੀ ਚੀਜ਼ ਹੈ ? ਆਸਾ ਰਾਗ ਸ਼ਾਸਤਰੀਯ ਸੰਗੀਤ ਗ੍ਰੰਥਾਂ ਵਿਚ ਬਹੁਤ ਘੱਟ ਮਿਲਦਾ ਹੈ। ਜੇਕਰ ਮਿਲਦਾ ਵੀ ਹੈ ਤਾਂ ਕੇਵਲ ਆਰੋਹ ਅਵਰੋਹ ਅਤੇ ਥੋੜ੍ਹਾ ਜਿਹਾ ਵਿਸਥਾਰ। ਜੇਕਰ ਆਸਾ ਰਾਗ ਨੂੰ ਵਡਿਆਈ ਮਿਲੀ ਹੈ ਤਾਂ ਗੁਰੂ ਘਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਦਿੱਤੀ ਹੈ ਅਤੇ ਵਡਿਆਈ ਵੀ ਉਹ ਮਿਲੀ ਹੈ, ਜਿਹੜੀ ਹੋਰ ਕਿਸੇ ਰਾਗ ਨੂੰ ਨਹੀਂ ਮਿਲੀ। ਜਿਵੇਂ ਕਿ :

**ੴ ਸਤਿ ਨਾਮੁ...........ਗੁਰਪ੍ਰਸਾਦਿ ॥ ਆਸਾ ਮਹਲਾ ੧ ॥**
**ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ...........** *(ਆਸਾ ਦੀ ਵਾਰ)*

ਸਾਰਾ ਹੀ ਸਿੱਖ ਜਗਤ ਗੁਰੂ ਹੁਕਮ ਅਨੁਸਾਰ ਆਪਣੀ ਕਲਿਆਣ ਖ਼ਾਤਰ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਕਰਦਾ ਅਤੇ ਸੁਣਦਾ ਹੈ। ਜਿਵੇਂ ਕਿ :

**ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ ॥** *(ਪੰਨਾ 1285)*

**ਅੰਮ੍ਰਿਤ ਵੇਲਾ ਸਚੁ ਨਾਉ, ਵਡਿਆਈ ਵੀਚਾਰੁ ॥** *(ਜਪੁਜੀ)*

ਪੁਰਾਤਨ ਗੁਰਸਿੱਖ ਬਚਨ ਮੰਨਣ ਦੇ ਬਹੁਤ ਪਾਬੰਦ ਸਨ ਅਤੇ ਹੁਕਮ ਦੀ ਪਾਲਣਾ ਕਰਦੇ ਸਨ। ਪਵਿੱਤਰ ਅੰਮ੍ਰਿਤ ਦੀ ਦਾਤ ਲੈ ਉਹ ਪੂਰਨ ਮਰਯਾਦਾ ਵਿਚ ਬਹੁਤ ਪਰਪੱਕ ਰਹਿੰਦੇ, ਪੰਜਾਂ ਬਾਣੀਆਂ ਦਾ ਪਾਠ ਨਿਤਨੇਮ ਨਾਲ ਕਰਦੇ, ਫਿਰ ਆਸਾ ਦੀ ਵਾਰ ਦਾ ਕੀਰਤਨ ਸੁਣ ਕੇ ਹੀ ਉਹ ਅੰਨ-ਪਾਣੀ ਗ੍ਰਹਿਣ ਕਰਦੇ ਸਨ ਅਤੇ "ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ" ਦੇ ਹਮੇਸ਼ਾ ਧਾਰਨੀ ਸਨ। ਜਿਵੇਂ ਕਿਸੇ ਕਵੀ ਨੇ ਲਿਖਿਆ ਹੈ :

ਸਿਰ ਜਾਏ ਤਾਂ ਜਾਏ ਪਰ ਮੇਰਾ ਸਿੱਖੀ ਸਿਦਕ ਨਾ ਜਾਏ।

ਪਰ ਦੁਖ ਦੀ ਗੱਲ ਹੈ ਕਿ ਅੱਜ ਦੇ ਸਿੱਖ ਨੂੰ ਤਾਂ ਇਹ ਵੀ ਪਤਾ ਨਹੀਂ ਕਿ ਆਸਾ ਦੀ ਵਾਰ ਦਾ ਠੀਕ ਸਮਾਂ ਕੀ ਹੈ ? ਬਜਾਏ ਸਰੋਤਿਆਂ ਤੋਂ ਗਾਉਣ ਵਾਲੇ ਵੀ 'ਆਸਾ ਰਾਗ' ਦੇ ਸਮੇਂ ਦਾ ਧਿਆਨ ਕੀਰਤਨ ਕਰਨ ਵੇਲੇ ਨਹੀਂ ਰੱਖਦੇ। ਕਈ ਵੇਰ ਤੁਸੀਂ ਕੀਰਤਨੀਆਂ ਦੀ ਰਸਨਾ ਤੋਂ ਕੀਰਤਨ ਤਾਂ 'ਆਸਾ ਦੀ ਵਾਰ' ਦਾ ਸੁਣੋਗੇ, ਪਰ ਉਹ ਛੱਕਾ ਮਿਰਜ਼ਾ, ਪਹਾੜੀ, ਕੇਦਾਰ, ਕਲਿਆਣ ਆਦਿ ਰਾਗਾਂ ਵਿਚ ਸਵੇਰ ਵੇਲੇ ਸੁਣੋਗੇ ਜਿਹੜੇ ਕਿ ਰਾਗ ਰਾਤ ਸਮੇਂ ਦੇ ਹਨ।

ਲੋੜ ਤਾਂ ਇਸ ਗੱਲ ਦੀ ਹੈ ਕਿ ਜਦੋਂ ਗੁਰੂ ਸਾਹਿਬ ਜੀ ਨੇ 'ਆਸਾ ਰਾਗ' ਵਿਚ ਆਸਾ ਦੀ ਵਾਰ ਉਚਾਰੀ ਹੈ ਤਾਂ ਆਸਾ ਰਾਗ ਵਿਚ ਹੀ ਪੜ੍ਹੀ ਜਾਣੀ ਚਾਹੀਦੀ ਸੀ। ਜੇਕਰ ਕਿਸੇ ਹੋਰ ਰਾਗ ਵਿਚ ਪੜ੍ਹਨੀ ਵੀ ਪਵੇ ਤਾਂ ਘੱਟ ਤੋਂ ਘੱਟ ਸਵੇਰ ਦੇ ਰਾਗ ਤਾਂ ਹੋਣੇ ਚਾਹੀਦੇ ਹਨ। ਜਿਵੇਂ ਕਿ ਭੈਰਵ, ਪ੍ਰਭਾਤੀ, ਭੈਰਵੀ, ਤੋੜੀ, ਰਾਮਕਲੀ, ਦੇਸ਼ਕਾਰ ਆਦਿ ਰਾਗ ਜੋ ਕਿ ਅੰਮ੍ਰਿਤ ਵੇਲੇ ਦੇ ਹਨ। ਤਾਂ ਵੀ ਮੰਨਿਆ ਜਾਵੇ ਕਿ ਚਲੋ, ਰਾਗ ਤਾਂ ਟਾਇਮ ਦਾ ਹੈ ਪਰ ਇਥੇ ਤਾਂ ਰਾਗ ਰਾਤ ਦਾ ਹੁੰਦਾ ਹੈ, ਵੇਲਾ ਸਵੇਰ ਦਾ ਅਤੇ ਪੜ੍ਹੀ ਆਸਾ ਦੀ ਵਾਰ ਜਾਂਦੀ ਹੈ। ਬਾਣੀ ਆਸਾ ਰਾਗ ਦੀ, ਪਰ ਗਾਈ ਪਹਾੜੀ, ਜੰਗਲਾ, ਪੀਲੂ ਆਦਿ ਰਾਗਾਂ ਵਿਚ।

ਸੋ ਮੇਰਾ ਆਪਣਾ ਨਿੱਜੀ ਵਿਚਾਰ ਤਾਂ ਇਹੀ ਹੈ ਕਿ ਜੇਕਰ ਸਾਡੇ ਅੰਦਰ ਸਰੀਰਕ, ਪ੍ਰਵਾਰਿਕ ਅਤੇ ਮਾਨਸਿਕ ਸੁਖ ਦੀ ਭਾਵਨਾ ਹੈ ਤਾਂ ਸਾਨੂੰ ਸਰਬ ਇੱਛਾ ਪੂਰਨ ਕਰਨ ਵਾਲੀ 'ਆਸਾ ਦੀ ਵਾਰ' ਆਸਾ ਰਾਗ ਵਿਚ ਹੀ ਗਾਉਣੀ ਚਾਹੀਦੀ ਹੈ।

ਹਰ ਮਨੁੱਖ ਮਾਤਰ ਨੂੰ ਸੰਸਾਰੀ ਵਿਵਹਾਰ ਦੇ ਕੰਮ ਕਰਦਿਆਂ ਇਹ ਵੀ ਸੋਚਣਾ ਚਾਹੀਦਾ ਹੈ ਕਿ ਮੈਂ ਕਿਥੇ ਪੁੱਜਣਾ ਹੈ ਅਤੇ ਇਥੋਂ ਕੀ ਕੁਝ ਲੈ ਕੇ ਜਾਣਾ ਹੈ। ਕਿਉਂਜੁ :

**ਓਥੈ ਸਚੇ ਹੀ ਸਚਿ ਨਿਬੜੈ, ਚੁਣਿ ਵਖਿ ਕਢੇ ਜਜਮਾਲਿਆ ॥** *(ਪੰਨਾ 463)*

ਵਾਲੀ ਗੱਲ ਹੈ।

ਪਰ ਬਾਣੀ ਤਾਂ ਅਸੀਂ ਪ੍ਰੇਮ ਨਾਲ ਪੜ੍ਹਦੇ ਹੀ ਨਹੀਂ, ਗੁਰ ਕੀਰਤਨ ਕਰਨਾ ਜਾਂ ਸੁਣਨਾ ਅਸੀਂ ਪਸੰਦ ਹੀ ਨਹੀਂ ਕਰਦੇ, ਸੋ ਮੁਕਤੀ ਕਿਸ ਤਰ੍ਹਾਂ ਪ੍ਰਾਪਤ ਹੋ ਸਕਦੀ ਹੈ। ਮੁਕਤੀ ਲਈ ਤਾਂ ਇਕੋ ਹੀ ਇਕ ਸਾਧਨ ਹੈ ਕਿ ਗੁਰੂ ਸਾਹਿਬ ਜੀ ਦੇ ਬਚਨਾਂ ਅਨੁਸਾਰ ਆਪਣਾ ਜੀਵਨ ਬਣਾਉਣਾ। ਜਿਵੇਂ:

**ਮੰਨੈ ਪਾਵਹਿ ਮੋਖੁ ਦੁਆਰੁ ॥ ਮੰਨੈ ਪਰਵਾਰੈ ਸਾਧਾਰੁ ॥**
**ਮੰਨੈ ਤਰੈ ਤਾਰੇ ਗੁਰੁ ਸਿਖ ॥ ਮੰਨੈ ਨਾਨਕ ਭਵਹਿ ਨ ਭਿਖ ॥**
**ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੫॥** *(ਜਪੁ ਜੀ)*

ਮੁਕਤੀ ਤਾਂ ਵਡਮੁੱਲੀ ਦਾਤ ਹੈ, ਜੋ ਕਿਸੇ ਵਿਰਲੇ ਨੂੰ ਹੀ ਪ੍ਰਾਪਤ ਹੁੰਦੀ ਹੈ ਅਤੇ ਇਸ ਦਾ ਗਾਹਕ ਵੀ ਵਿਰਲਾ ਹੀ ਹੁੰਦਾ ਹੈ:

**ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥** *(ਗੂਜਰੀ ਵਾਰ ਮ: ੫, ਪੰਨਾ 517)*

ਸਾਰਾ ਸੰਸਾਰ ਵਿਸ਼ੇ-ਵਿਕਾਰਾਂ ਵਿਚ ਗ਼ਲਤਾਨ ਹੈ, ਪਰ ਚਾਹੁੰਦਾ ਹੈ ਆਰਾਮ ਅਤੇ ਆਤਮਿਕ ਸ਼ਾਂਤੀ। ਸੋ ਅੰਤ ਵੇਲੇ ਸੋਏ ਸਰੂਪ ਵਿਚ ਲੀਨ ਹੋ ਜਾਣਾ ਤਾਂ ਬੜੀ ਵੱਡੀ ਗੱਲ ਹੈ, ਪਰ ਜਿੰਨਾ ਚਿਰ ਅਸੀਂ ਸਤਿਗੁਰਾਂ ਦੇ ਬਚਨਾਂ ਅਨੁਸਾਰ ਉੱਚੇ ਸੁੱਚੇ ਜੀਵਨ ਧਾਰਨੀਏ ਨਹੀਂ ਬਣਦੇ, ਨਾਮ ਬਾਣੀ ਨਾਲ ਅਟੁੱਟ ਪਿਆਰ ਅਤੇ ਦ੍ਰਿੜ੍ਹ ਵਿਸ਼ਵਾਸ ਨਹੀਂ ਰੱਖਦੇ, "ਸੇਵਾ ਥੋਰੀ ਮਾਗਨੁ ਬਹੁਤਾ" ਵਾਲੀ ਅਵਸਥਾ ਤੋਂ ਉੱਚਾ ਨਹੀਂ ਉੱਠਦੇ, ਓਨ੍ਹਾ ਚਿਰ ਸਾਡੇ ਸਰੀਰਕ ਰੋਗ ਅਤੇ ਮਾਨਸਿਕ ਰੋਗ ਆਧ, ਬਿਆਧ, ਉਪਾਧ ਆਦਿਕ ਦੂਰ ਨਹੀਂ ਹੋ ਸਕਦੇ। ਜਿਵੇਂ:

**ਸਰਬ ਰੋਗ ਕਾ ਅਉਖਦੁ ਨਾਮੁ ॥** *(ਗਉੜੀ ਸੁਖਮਨੀ ਮ: ੫, ਪੰਨਾ 274)*

ਜਿੰਨੇ ਵੀ ਸਰੀਰਕ ਦੁਖ, ਸੰਸਾਰੀ ਲੋੜਾਂ ਅਤੇ ਮਨ ਦੀਆਂ ਭਟਕਣਾਂ ਹਨ, ਉਹ ਸਾਰੀਆਂ ਹੀ ਦੂਰ ਹੋ ਜਾਂਦੀਆਂ ਹਨ, ਜਦੋਂ ਕਿ ਸਵੇਰੇ ਉੱਠ ਕੇ ਇਸ਼ਨਾਨ ਕਰ ਪੰਜਾਂ ਬਾਣੀਆਂ ਦੇ ਪਾਠ ਦਾ ਨਿਤਨੇਮ ਕਰਨ ਪਿੱਛੋਂ, ਸਾਰੀਆਂ ਆਸਾਂ ਪੂਰੀਆਂ ਕਰਨ ਵਾਲੀ ਆਸਾ ਦੀ ਵਾਰ ਦਾ ਕੀਰਤਨ ਕਰਨਾ ਜਾਂ ਸੁਣਨਾ, ਕੀਰਤਨ ਵੇਲੇ ਜੁੜ ਕੇ ਬੈਠਣਾ, ਦਸਾਂ ਨਹੁੰਆਂ ਦੀ ਕਿਰਤ ਕਰਨੀ, ਸੱਚ ਬੋਲਣਾ, ਦਇਆ ਕਰਨੀ, ਵੰਡ ਛਕਣਾ, ਸ਼ਰਧਾ ਰੱਖਣੀ, ਇਹ ਸਭ ਕੁਝ ਕਰਨ ਨਾਲ ਸਰਵ ਇੱਛਾਵਾਂ ਅਤੇ ਸਰਵ ਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਹਨ:

**ਸ਼ਰਧਾਵਾਨ ਲਭੁਤੇ ਗਿਆਨੰ ਤਭ ਪਰੈ ਸਮ ਜਤੇਂਦਰੀਯ।**
**ਗਿਆਨੰ ਲਭਤਣਾ ਪਰਮ ਸ਼ਾਂਤੀ ਅਚੀਰੇਣਾਧੀ ਗਛੈਯਤੇ।** *(ਗੀਤਾ)*

ਮਹਾਂਪੁਰਖ ਦੱਸਦੇ ਹਨ ਕਿ ਆਸਾ ਦੀ ਵਾਰ ਦੇ ਸਲੋਕ ਤੇ ਪਉੜੀਆਂ 84 ਹਨ। ਜੇਕਰ ਕੋਈ ਹਰ ਰੋਜ਼ ਕੀਰਤਨ ਨਾ ਕਰ ਸਕੇ ਤਾਂ ਨਿਤਨੇਮ ਨਾਲ ਪਾਠ ਕਰੇ, ਤਾਂ ਉਸ ਦੀ ਚੁਰਾਸੀ ਕੱਟੀ ਜਾਂਦੀ ਹੈ। ਜੇਕਰ 24 ਛਕੇ ਨਾਲ ਮਿਲਾ ਕੇ ਪੜ੍ਹੇ ਜਾਣ ਤਾਂ 108 ਬਣ ਜਾਂਦੇ ਹਨ। ਸੋ ਇਹ ਪਾਠ ਛਕੇ, ਸਲੋਕ ਅਤੇ ਪਉੜੀਆਂ ਦੀ ਇਕ ਅੱਠੋਤਰੀ ਮਾਲਾ ਬਣ ਜਾਂਦੀ ਹੈ, ਜਿਸ ਦੇ ਨਿਯਮ ਕਰਨ ਨਾਲ ਮਨੁੱਖੀ ਜੀਵ ਮੁਕਤ ਹੁੰਦਾ ਹੈ ਅਤੇ ਸਰਬ ਸ਼ਕਤੀਆਂ ਪ੍ਰਾਪਤ ਹੋ ਜਾਂਦੀਆਂ ਹਨ। ਜਿਸ ਤਰ੍ਹਾਂ ਕਿ:

**ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥**
**ਨਾਨਕ ਗਾਵੀਐ ਗੁਣੀ ਨਿਧਾਨੁ ॥੫॥** *(ਜਪੁ ਜੀ)*

ਇਹ ਸੀ ਆਸਾ ਦੀ ਵਾਰ 'ਤੇ ਕੁਝ ਵਿਚਾਰ।
ਹੁਣ 'ਆਸਾ ਰਾਗ' ਦਾ ਸੰਖੇਪ ਵਰਣਨ ਦਿੱਤਾ ਜਾਂਦਾ ਹੈ।

# ਰਾਗ ਆਸਾ

**ਦੋਹਰਾ ॥**
**ਔੜਵ ਸੰਪੂਰਨ ਕਰਤ ਆਰੋਹਿਨ ਗ-ਨਿ ਤਿਆਗ ॥**
**ਮ-ਸ ਵਾਦੀ ਸੰਵਾਦਿ ਤੇ ਸੋਭਿਤ ਆਸਾ ਰਾਗ ॥**

ਉਪਰੋਕਤ ਲਿਖੇ ਦੋਹਰੇ ਵਿਚ ਆਸਾ ਰਾਗ ਦੇ ਸਰੂਪ ਦਾ ਵਰਣਨ ਕੀਤਾ ਗਿਆ ਹੈ। ਸੋ ਹੁਣ ਇਸ 'ਤੇ ਵਿਸਥਾਰ ਨਾਲ ਵਿਚਾਰ ਕਰਾਂਗੇ।

ਆਸਾ ਰਾਗ ਬਿਲਾਵਲ ਥਾਟ ਦਾ 'ਔੜਵ-ਸੰਪੂਰਨ' ਰਾਗ ਹੈ। ਇਸ ਵਿਚ ਸਾਰੇ ਸੁਰ ਸ਼ੁਧ ਲੱਗਦੇ ਹਨ। ਆਰੋਹ ਵਿਚ 'ਗ' ਅਤੇ 'ਨੀ' ਸੁਰ ਵਰਜਿਤ ਹਨ। ਇਸ ਦਾ 'ਮ' ਵਾਦੀ ਅਤੇ ਤਾਰ 'ਸਾਂ' ਸੰਵਾਦੀ ਹੈ। ਕਈ ਸੰਗੀਤ ਵਿਦਵਾਨ ਤਾਰ 'ਸਾਂ' ਵਾਦੀ ਅਤੇ 'ਮ' ਸੁਰ ਸੰਵਾਦੀ ਮੰਨਦੇ ਹਨ। ਗਾਉਣ ਦਾ ਸਮਾਂ ਰਾਤ ਦਾ ਅੰਤਮ ਪਹਿਰ ਹੈ।

ਪਰ ਗਾਉਣ ਦੇ ਸਮੇਂ ਵਿਚ ਵਿਦਵਾਨਾਂ ਦੇ ਕਈ ਮਤ ਹਨ। ਕਈ ਵਿਦਵਾਨ ਇਸ ਦੇ ਗਾਉਣ ਦਾ ਵੇਲਾ ਰਾਤ ਦਾ ਚੌਥਾ ਪਹਿਰ, ਕਈ ਦਿਨ ਦਾ ਪਹਿਲਾ ਪਹਿਰ ਅਤੇ ਕਈ ਰਾਤ ਅਤੇ ਦਿਨ ਦੋਹਾਂ ਦਾ ਦੂਸਰਾ ਪਹਿਰ ਮੰਨਦੇ ਹਨ। ਸੋ ਇਸ ਵਿਚ ਵਿਦਵਾਨਾਂ ਦਾ ਇਕ ਮਤ ਨਹੀਂ ਅਤੇ ਸਭ ਦੇ ਵੱਖਰੇ ਵੱਖਰੇ ਮਤ ਹਨ।

ਪੁਰਾਤਨ ਸ਼ਾਸਤਰਕਾਰ ਵੀ ਇਸ ਨੂੰ ਸਵੇਰ ਵੇਲੇ ਗਾਉਣਾ ਪਸੰਦ ਕਰਦੇ ਹਨ ਅਤੇ ਅਸੀਂ ਵੀ ਗੁਰਮਤਿ ਅਨੁਸਾਰ ਅੰਮ੍ਰਿਤ ਵੇਲੇ ਦਾ ਵਕਤ ਹੀ ਨਿਯਤ ਕਰਦੇ ਹਾਂ, ਕਿਉਂਜੁ ਸਤਿਗੁਰੂ ਜੀ ਫ਼ੁਰਮਾਉਂਦੇ ਹਨ :

**ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ... ॥** *(ਗਉੜੀ ਕੀ ਵਾਰ ਮ: ੪, ਪੰਨਾ 305)*

ਭਾਵ, ਜਦੋਂ ਤਾਰੇ ਛਿਪ ਜਾਣ, ਪਹੁ-ਫੁਟਾਲਾ ਸ਼ੁਰੂ ਹੋ ਜਾਵੇ ਅਤੇ ਸੂਰਜ ਦੇ ਪ੍ਰਕਾਸ਼ ਹੋਣ ਸਮੇਂ 'ਆਸਾ ਰਾਗ' ਦਾ ਗਾਉਣਾ ਸੋਭਦਾ ਹੈ।

ਸਿਆਲ ਦੇ ਮੌਸਮ ਵਿਚ ਦਿਨ ਦੇ ਚੜ੍ਹਾਅ ਦਾ ਵਕਤ ਸੱਤ ਜਾਂ ਅੱਠ ਵਜੇ ਦੇ ਨੇੜੇ ਹੁੰਦਾ ਹੈ ਅਤੇ ਗਰਮੀਆਂ ਦੀ ਰੁੱਤ ਵਿਚ ਇਹ ਵਕਤ ਪੰਜ-ਛੇ ਵਜੇ ਦੇ ਵਿਚਕਾਰ ਹੁੰਦਾ ਹੈ। ਹੁਣ ਵਿਚਾਰ ਅਧੀਨ ਗੱਲ ਇਹ ਹੈ ਕਿ ਸਿਆਲ ਦੀ ਰੁੱਤ ਦਾ ਵਕਤ ਕਿਹੜੇ ਪਹਿਰ ਦਾ ਅਤੇ ਗਰਮੀ ਦੀ ਰੁੱਤ ਦਾ ਵਕਤ ਕਿਹੜੇ ਪਹਿਰ ਦਾ ਮੰਨਿਆ ਜਾਵੇ, ਕਿਉਂਜੁ ਦੋਹਾਂ ਵਿਚ ਇਕ ਪਹਿਰ ਦਾ ਫ਼ਰਕ ਪੈ ਜਾਂਦਾ ਹੈ। ਸੋ ਇਸ ਵਿਚਾਰਧਾਰਾ ਦੇ ਅਨੁਸਾਰ ਹੀ ਪਹੁ-ਫੁਟਾਲੇ ਦਾ ਵਕਤ ਨਿਯਤ ਕੀਤਾ ਜਾ ਸਕਦਾ ਹੈ। ਸੋ ਸਾਰੇ ਵਿਚਾਰ ਪਿੱਛੋਂ ਸਵੇਰੇ ਪੰਜ ਵਜੇ ਤੋਂ ਲੈ ਕੇ ਅੱਠ ਵਜੇ ਤਕ ਆਸਾ ਰਾਗ ਗਾਇਆ ਜਾ ਸਕਦਾ ਹੈ।

ਹੁਣ ਅਸੀਂ ਆਸਾ ਰਾਗ ਦਾ ਨਿਰਣਾ ਕਰਨਾ ਹੈ ਕਿ ਆਸਾ ਰਾਗ ਕਿਹੜਾ ਹੈ, ਕਿਉਂਜੁ ਕਈ ਰਾਗੀ ਜਾਂ ਗਾਇਕ ਰਾਗ ਮਾਂਡ ਨੂੰ ਹੀ ਆਸਾ ਰਾਗ ਮੰਨੀ ਜਾਂਦੇ ਹਨ, ਉਹ ਮੰਨਣ ਵੀ ਕਿਉਂ ਨਾ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਆਸਾ ਰਾਗ

ਵੱਡੇ ਵੱਡੇ ਸੰਗੀਤ ਗ੍ਰੰਥਾਂ ਵਿੱਚੋਂ ਜਾਂ ਕੋਰਸਾਂ ਦੀਆਂ ਪੁਸਤਕਾਂ ਆਦਿ ਕਿਸੇ ਵਿੱਚੋਂ ਵੀ ਨਹੀਂ ਮਿਲਦਾ। ਜੇਕਰ ਕਿਸੇ ਪੁਰਾਂਣੇ ਗ੍ਰੰਥਾਂ ਵਿੱਚੋਂ ਕੁਝ ਇਸ਼ਾਰਾ ਮਿਲਦਾ ਵੀ ਹੈ ਤਾਂ ਕੇਵਲ ਆਰੋਹੀ ਅਵਰੋਹੀ ਜਾਂ ਥੋੜਾ ਜਿਹਾ ਵਿਸਥਾਰ। ਪਰ ਜਿਤਨੀ ਜਾਣਕਾਰੀ ਦੀ ਲੋੜ ਹੈ, ਉਤਨਾ ਵਿਸਥਾਰ ਪੂਰਵਕ ਪ੍ਰੀਚੇ ਨਹੀਂ ਮਿਲਦਾ। ਪਰ ਮਾਂਝ ਰਾਗ ਦਾ ਵਿਸਥਾਰ ਹਰ ਇਕ ਗ੍ਰੰਥ ਜਾਂ ਪੁਸਤਕ ਵਿਚ ਮਿਲਦਾ ਹੈ। ਮਾਂਡ ਰਾਗ ਨੂੰ ਲਹਿੰਦਾ ਰਾਗ ਵੀ ਕਹਿੰਦੇ ਹਨ। ਸੋ ਆਸਾ ਰਾਗ ਨੂੰ ਜੇ ਵੱਡਾ ਮਾਣ ਬਖ਼ਸ਼ਿਆ ਹੈ, ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਬਖ਼ਸ਼ਿਆ ਹੈ।

ਸਿੱਖ ਜਗਤ ਭਰ ਵਿਚ ਇਸ ਆਸਾ ਰਾਗ ਨੂੰ ਆਸਾ ਦੀ ਵਾਰ ਨਾਲ ਮੇਲ ਕੇ ਰੋਜ਼ ਸਵੇਰੇ ਪੜ੍ਹਿਆ ਤੇ ਸੁਣਿਆ ਜਾਂਦਾ ਹੈ, ਕਿਉਂਜੁ ਇਹ ਰਾਗ ਬਹੁਤ ਮਧੁਰ, ਸੁਖਾਲਾ, ਸਰਲ ਅਤੇ ਭਗਤੀ ਰਸ ਵਾਲਾ ਹੈ।

ਇਸ ਦੇ ਨੇੜੇ ਮਾਂਡ ਰਾਗ ਵੀ ਹੈ ਅਤੇ ਜਿਸ ਨੂੰ ਲਹਿੰਦਾ ਰਾਗ ਵੀ ਕਿਹਾ ਜਾਂਦਾ ਹੈ। ਜੇਕਰ ਇਹ ਗੱਲ ਮੰਨ ਲਈ ਜਾਵੇ ਕਿ ਆਸਾ ਤੇ ਮਾਂਡ ਦੀਆਂ ਸੁਰਾਂ ਇੱਕੋ ਹੀ ਹਨ ਅਤੇ ਭੇਦ ਕੋਈ ਨਹੀਂ ਹੈ। ਇਸ ਲਈ ਦੋਵੇਂ ਇਕੋ ਹੀ ਰਾਗ ਹਨ। ਪਰ ਇਹ ਗੱਲ ਠੀਕ ਨਹੀਂ ਮੰਨੀ ਜਾ ਸਕਦੀ, ਕਿਉਂਜੁ ਕਈ ਰਾਗ ਇਹੋ ਜਿਹੇ ਹੋਰ ਵੀ ਹਨ, ਜਿਨ੍ਹਾਂ ਦੀਆਂ ਸੁਰਾਂ ਇੱਕੋ ਜਿਹੀਆਂ ਹਨ, ਪਰ ਇਸ ਦੇ ਬਾਵਜੂਦ ਉਹ ਰਾਗ ਵੱਖਰੇ-ਵੱਖਰੇ ਕਈ ਢੰਗਾਂ ਨਾਲ ਗਾਏ ਜਾਂਦੇ ਹਨ। ਜਿਵੇਂ ਕਿ ਭੈਰਵ ਅਤੇ ਗਉੜੀ, ਭੂਪਾਲੀ ਅਤੇ ਦੇਸ਼ਕਾਰ, ਇਮਨ ਅਤੇ ਯਮਨ।

ਪ੍ਰੰਤੂ ਆਸਾ ਰਾਗ ਤਾਂ ਮਾਂਡ ਨਾਲੋਂ ਬਿਲਕੁਲ ਹੀ ਵੱਖਰਾ ਹੈ। ਮਾਂਡ ਸੰਪੂਰਨ ਜਾਤੀ ਦਾ, ਪਰ ਆਸਾ ਔੜਵ-ਸੰਪੂਰਨ ਜਾਤੀ ਦਾ ਰਾਗ ਹੈ। ਆਸਾ ਦਾ ਤਾਰ 'ਸਾਂ' ਵਾਦੀ ਤੇ 'ਮ' ਸੁਰ ਸੰਵਾਦੀ ਹੈ ਅਤੇ ਦੂਸਰੇ ਮਤ ਅਨੁਸਾਰ 'ਮ' ਵਾਦੀ ਅਤੇ ਤਾਰ 'ਸਾਂ' ਸੰਵਾਦੀ ਹੈ। ਪਰ ਮਾਂਡ ਦਾ ਮੱਧ 'ਸ' ਵਾਦੀ ਅਤੇ 'ਪ' ਸੁਰ ਸੰਵਾਦੀ ਹੈ। ਆਸਾ ਦਾ ਆਰੋਹ ਅਵਰੋਹ ਸਿੱਧਾ ਤੇ ਸਰਲ ਹੈ, ਪਰ ਮਾਂਡ ਦਾ ਆਰੋਹ ਅਵਰੋਹ ਵਕਰ ਹੈ। ਇਹਨਾਂ ਦੀਆਂ ਗਾਇਨ ਸ਼ੈਲੀਆਂ ਵੀ ਵੱਖ-ਵੱਖ ਹਨ।

ਮਾਂਡ ਰਾਗ ਵਿਚ ਹਲਕੇ ਫੁਲਕੇ ਗੀਤ, ਠੁਮਰੀ, ਟੱਪਾ ਆਦਿ ਸ਼ੂਦਰ ਪ੍ਰਕ੍ਰਿਤੀ ਦੇ ਗੀਤ ਹੀ ਗਾਏ ਜਾਂਦੇ ਹਨ ਅਤੇ ਲੋਕ ਪਸੰਦ ਕਰਦੇ ਹਨ, ਪਰ ਆਸਾ ਰਾਗ ਵਿਚ ਧ੍ਰੁਪਦ, ਧਮਾਰ, ਖ਼ਿਆਲ ਆਦਿਕ ਉੱਚ ਕੋਟੀ ਦੇ ਗੀਤ ਗਾਏ ਜਾਂਦੇ ਹਨ ਅਤੇ ਇਸ ਵਿਚ ਸ਼ਬਦ, ਭਜਨ ਆਦਿ ਗਾਉਣ ਲਈ, ਪਰਮੇਸ਼ੁਰ ਦੀ ਬੰਦਗੀ ਕਰਨ ਲਈ ਬਹੁਤ ਸਹਾਇਤਾ ਮਿਲਦੀ ਹੈ, ਕਿਉਂਜੁ ਇਹ ਗੰਭੀਰ ਪ੍ਰਕ੍ਰਿਤੀ ਦਾ ਰਾਗ ਹੈ। ਇਨਸਾਨ ਆਪਣੀ ਆਤਮਾ ਨੂੰ ਆਸਾ ਰਾਗ ਦੀਆਂ ਸੁਰਾਂ ਰਾਹੀਂ ਵਾਹਿਗੁਰੂ ਦੇ ਚਰਨਾਂ ਵਿਚ ਜੋੜ ਲੈਂਦਾ ਹੈ। ਇਹ ਸ਼ਰਧਾ ਪੂਰਨ ਰਾਗ ਹੈ। ਇਸੇ ਲਈ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਸਾ ਰਾਗ ਵਿਚ ਹੀ ਆਸਾ ਦੀ ਵਾਰ ਉਚਾਰੀ ਅਤੇ ਇਸੇ ਵਿਚ ਹੀ ਗਾਉਣੀ ਨਿਯਤ ਕੀਤੀ ਹੈ।

ਹੁਣ ਰਹੀ ਵਿਚਾਰ ਆਸਾ ਰਾਗ ਦੇ ਗਾਉਣ ਜਾਂ ਕੀਰਤਨ ਦੀ ਸ਼ੈਲੀ। ਕੋਈ ਵੀ ਰਾਗ ਜ਼ਿਆਦਾ ਦੇਰ ਤਕ ਸ਼ੁਧ ਗਾਉਣਾ ਹੋਵੇ ਤਾਂ ਬਹੁਤ ਹੀ ਕਠਨ ਹੈ। ਹਰ ਇਕ ਸ਼ੁਧ ਰਾਗ ਵਿਚ ਮਸੀਂ ਦੋ-ਦੋ ਚਾਰ-ਚਾਰ ਚੀਜ਼ਾਂ ਹੀ ਹੁੰਦੀਆਂ ਹਨ ਅਤੇ ਕੋਈ ਚੰਗਾ ਵੱਡਾ ਸੰਗੀਤਕਾਰ ਹੀ ਸ਼ੁਧ ਰਾਗ ਵਿਚ ਪੰਜ-ਸੱਤ ਚੀਜ਼ਾਂ ਤੋਂ ਵੱਧ ਬਣਾ ਕੇ ਗਾਉਂਦਾ ਹੋਵੇਗਾ। ਜਿਵੇਂ ਕਿ ਪ੍ਰਮਾਣਿਕ ਤੌਰ 'ਤੇ ਦੱਸਿਆ ਜਾ ਰਿਹਾ ਹੈ ਕਿ ਰਾਗ ਜੈ ਜੈ ਵੰਤੀ ਦਾ ਇਕ ਬਹੁਤ ਪੁਰਾਣਾ ਕਲਾਸੀਕਲ ਗੀਤ ਅੱਜ ਤਕ ਵੀ ਸੁਣਾਈ ਦਿੰਦਾ ਹੈ, "ਮੋਰੇ ਮੰਦਰ ਅਬ ਲੋਅ ਨਹੀਂ ਆਏ।" ਇਤਿਆਦਿ।

ਇਕ ਜੈ ਜੈ ਵੰਤੀ ਹੀ ਨਹੀਂ, ਇਹੋ ਜਿਹੀਆਂ ਪੁਰਾਣੀਆਂ ਬੰਦਸ਼ਾਂ ਕਈ ਰਾਗਾਂ ਵਿਚ ਚਲੀਆਂ ਆ ਰਹੀਆਂ ਹਨ, ਜਿਨ੍ਹਾਂ ਨੂੰ ਕਿਸੇ ਨੇ ਵੀ ਨਵੀਂ ਬੰਦਸ਼ ਬਣਾ ਕੇ ਨਹੀਂ ਗਾਇਆ।

ਬਹੁਤੇ ਗੀਤ ਜਾਂ ਚੀਜ਼ ਇਕ ਸ਼ੁਧ ਰਾਗ ਵਿਚ ਨਾ ਆਉਣ ਦਾ ਕੀ ਕਾਰਨ ਹੈ ? ਕਿਉਂਜੁ ਕਲਾਸੀਕਲ ਰਾਗ ਜਾਂ ਸ਼ੁਧ ਰਾਗ ਇਕ ਨਿਯਮ ਵਿਚ ਬੰਨ੍ਹੇ ਹੋਏ ਹੁੰਦੇ ਹਨ ਅਤੇ ਨਿਯਮਾਂ ਵਿਚ ਬੰਨ੍ਹੇ ਹੋਏ ਹੋਣ ਦੇ ਕਾਰਣ ਉਹਨਾਂ ਦੀਆਂ ਵੱਖ-ਵੱਖ ਬਹੁਤੀਆਂ ਚੀਜ਼ਾਂ ਬਣਾ ਕੇ ਗਾਈਆਂ ਨਹੀਂ ਜਾ ਸਕਦੀਆਂ।

ਕਿਉਂਜੁ ਸਭ ਤੋਂ ਪਹਿਲਾਂ ਰਾਗ ਦੇ ਵਾਦੀ, ਸੰਵਾਦੀ, ਵਿਵਾਦੀ ਸੁਰਾਂ ਦਾ ਖ਼ਿਆਲ ਰੱਖਣਾ ਪੈਂਦਾ ਹੈ। ਫਿਰ ਗ੍ਰਹਿ, ਅੰਸ਼, ਨਿਆਸ, ਅਪਨਿਆਸ, ਵਿਨਿਆਸ, ਸੰਨਿਆਸ, ਅਲਪਤੱਵ, ਬਹੁਤੱਵ, ਵਰਜਿਤ ਆਦਿਕ ਸੁਰਾਂ ਦਾ ਧਿਆਨ ਰੱਖ ਕੇ ਹੀ ਬੰਦਸ਼ ਕਰਨੀ ਪੈਂਦੀ ਹੈ। ਸੋ ਜਿਸ ਵੇਲੇ ਪੰਜ-ਸੱਤ ਬੰਦਸ਼ਾਂ ਬਣ ਜਾਂਦੀਆਂ ਹਨ, ਤਾਂ ਬੰਦਸ਼ ਦਾ ਆਰੰਭ ਅਤੇ ਅੰਤ ਇਕ ਦੂਜੇ ਨਾਲ-ਮਿਲਣਾ ਸ਼ੁਰੂ ਹੋ ਜਾਂਦਾ ਹੈ। ਇਸ ਲਈ ਸ਼ੁੱਧ ਰਾਗ ਵਿਚ ਬਹੁਤੀਆਂ ਚੀਜ਼ਾਂ ਜਾਂ ਬਹੁਤੇ ਖ਼ਿਆਲ ਪ੍ਰਗਟ ਕਰਨੇ ਕਾਫ਼ੀ ਔਖੇ ਜਾਪਦੇ ਹਨ।

ਪਰ ਆਸਾ ਰਾਗ ਵਿਚ ਇਕ ਬੜੀ ਵੱਡੀ ਸ਼ਕਤੀ ਹੈ ਕਿ ਉਹ ਆਪ ਵੀ ਬੜੇ ਖੁੱਲ੍ਹੇ-ਡੁੱਲ੍ਹੇ ਖ਼ਿਆਲਾਤ ਅਤੇ ਵੱਖਰੀ ਸੁੰਦਰਤਾ ਰੱਖਦਾ ਹੈ ਅਤੇ ਉਸ ਵਿਚ ਹੋਰ ਰਾਗਾਂ ਦੇ ਖ਼ਿਆਲਾਂ ਨੂੰ ਵੀ ਆਪਣੇ ਵਿਚ ਰਲਾਉਣ ਦੀ ਸਮਰੱਥਾ ਹੈ। ਭਾਵ ਇਹ ਕਿ ਆਸਾ ਦਾ ਆਪਣਾ ਦੌਰ ਵੀ ਬਹੁਤ ਵੱਡਾ ਹੈ। ਕਿਉਂਜੁ ਇਹ ਰਾਗ ਸ਼ੁਧ ਰੂਪ ਵਿਚ ਵੀ ਅਤੇ ਸੰਕੀਰਣ ਜਾਂ ਮਿਸ਼ਰਤ ਰੂਪ ਵਿਚ ਵੀ ਗਾਇਆ ਜਾਂ ਸਕਦਾ ਹੈ। ਜਿਸ ਤਰ੍ਹਾਂ ਕਿ ਆਸਾ ਰਾਗ ਵਿਚ ਕੋਮਲ ਨਿਸ਼ਾਦ ਜਾਂ ਤੀਬਰ ਮੱਧਮ ਲਗਾ ਦੇਈਏ ਤਾਂ ਆਸਾ ਦਾ ਰੂਪ ਵਿਗੜਦਾ ਨਹੀਂ। ਕਈ ਗਾਇਕ ਤਾਂ ਦੋਵੇਂ ਧੈਵਤ ਵੀ ਪ੍ਰਯੋਗ ਕਰ ਦਿੰਦੇ ਹਨ ਅਤੇ ਕਦੀ ਕਦੀ ਕੋਮਲ ਗੰਧਾਰ ਦਾ ਪ੍ਰਯੋਗ ਵੀ ਵਿਵਾਦੀ ਸੁਰ ਦੇ ਨਾਤੇ ਤਾਰ ਸਪਤਕ ਵਿਚ ਕਰ ਦਿੰਦੇ ਹਨ।

ਆਸਾ ਰਾਗ ਮੰਦਰ ਅਤੇ ਮੱਧ ਸਪਤਕ ਨਾਲੋਂ ਤਾਰ ਸਪਤਕ ਵਿਚ ਜ਼ਿਆਦਾ ਖਿਲਦਾ ਹੈ, ਕਿਉਂਜੁ ਇਸ ਦਾ ਚਲਨ ਉਤਰਾਂਗ ਵਿਚ ਜ਼ਿਆਦਾ ਹੁੰਦਾ ਹੈ। ਬਹੁਤੇ ਰਾਗੀ ਜਾਂ ਗਾਇਕ ਅਜਿਹੇ ਵੀ ਸੁਣਨ ਵਿਚ ਆਏ ਹਨ ਜੋ ਕਿ ਆਸਾ ਅਤੇ ਮਾਂਡ ਨੂੰ ਇਕੱਠੇ ਕਰ ਕੇ ਗਾਉਂਦੇ ਹਨ ਅਤੇ ਦੋਵੇਂ ਰਾਗ ਆਪਸ ਵਿਚ ਮਿਲ ਵੀ ਜਾਂਦੇ ਹਨ।

ਇਸ ਲਈ 'ਆਸਾ ਦੀ ਵਾਰ' ਦਾ ਕੀਰਤਨ ਸ਼ੁੱਧ ਆਸਾ ਅਤੇ ਸੰਕੀਰਣ ਜਾਂ ਮਿਸ਼ਰ ਆਸਾ ਵਿਚ ਛੱਕੇ ਤੇ ਗੀਤਾਂ ਦੇ ਰਹੇ ਹਾਂ।

ਕਿਉਂਜੁ ਸੰਗਤ ਵਿਚ ਹਰ ਪ੍ਰਕਾਰ ਦੀ ਰੁਚੀ ਰੱਖਣ ਵਾਲੇ ਗੁਰਮੁਖ ਪਿਆਰੇ ਬੈਠੇ ਹੁੰਦੇ ਹਨ, ਉਹਨਾਂ ਵਿਚ ਕਈ ਇਹੋ ਜਿਹੇ ਵੀ ਹੁੰਦੇ ਹਨ ਜਿਨ੍ਹਾਂ ਦਾ ਮਨ ਗੁਰੂ ਸਾਹਿਬ ਜੀ ਦੇ ਚਰਨਾਂ ਵਿਚ ਲੀਨ ਹੋਇਆ ਹੁੰਦਾ ਹੈ। ਕਈ ਗੁਰਬਾਣੀ ਦੇ ਗਾਹਕ ਹੁੰਦੇ ਹਨ। ਕਈ ਸੁਰ ਦੀ ਧੁਨੀ ਦੇ ਗਾਹਕ ਅਤੇ ਕਈ ਗਾਇਕ ਦੀ ਆਵਾਜ਼ ਅਤੇ ਸਾਜ਼ਾਂ ਦੀ ਹੀ ਪਰਖ ਕਰਨ ਵਾਲੇ ਹੁੰਦੇ ਹਨ। ਪਰ ਹੋਰ ਵਿਚਾਰ।

ਸੋ ਸ਼ੁੱਧ ਆਸਾ ਰਾਗ ਵਿਚ ਉਤਨੀਆਂ ਗੀਤਾਂ ਜਾਂ ਬੰਦਸ਼ਾਂ ਤਿਆਰ ਨਹੀਂ ਹੋ ਸਕਦੀਆਂ, ਜਿੰਨੀਆਂ ਕਿ ਮਿਸ਼ਰ ਜਾਂ ਸੰਕੀਰਣ ਵਿਚ ਹੋ ਸਕਦੀਆਂ ਹਨ। ਉਪਰੋਕਤ ਸੁਰ ਜੋ ਅਸੀਂ ਆਸਾ ਰਾਗ ਵਿਚ ਲਾਉਣ ਲਈ ਦੱਸ ਆਏ ਹਾਂ, ਜਿਵੇਂ ਕਿ ਤੀਬਰ ਮੱਧਮ, ਦੋ ਨਿਸ਼ਾਦ, ਕੋਮਲ ਗੰਧਾਰ, ਕੋਮਲ ਧੈਵਤ ਆਦਿ। ਇਹਨਾਂ ਸੁਰਾਂ ਦੇ ਲਾਉਣ ਨਾਲ

ਇਸ ਰਾਗ ਦਾ ਰੂਪ ਵਿਗੜਦਾ ਨਹੀਂ, ਕਿਉਂਜੁ ਜਿੰਨਾ ਸ਼ੁੱਧ ਆਸਾ ਦਾ ਸੁੰਦਰ, ਸੁਘੜ, ਸਰੂਪ ਹੈ ਓਨਾ ਹੀ ਸੰਕੀਰਣ ਆਸਾ ਦਾ ਵੀ ਹੈ।

ਇਸ ਪੁਸਤਕ ਵਿਚ ਅਸੀਂ 'ਆਸਾ ਦੀ ਵਾਰ' ਦਾ ਕੀਰਤਨ ਤਿੰਨ ਪ੍ਰਕਾਰ ਦਾ ਦੇ ਰਹੇ ਹਾਂ, ਜਿਸ ਦਾ ਵੇਰਵਾ ਇਸ ਪ੍ਰਕਾਰ ਹੈ:

ਪਹਿਲੇ ਨੰਬਰ 'ਤੇ ਤਿੰਨ ਸੁਰਾਂ ਵਾਲੇ ਕੀਰਤਨ ਦਾ ਰੂਪ ਹੋਵੇਗਾ, ਤਾਂ ਕਿ ਆਸਾ ਦੀ ਵਾਰ ਦਾ ਕੀਰਤਨ ਹਰ ਮਨੁੱਖ, ਹਰ ਪ੍ਰਾਣੀ ਵਾਜੇ ਦੀ ਸੁਰ ਦਬਾ ਕੇ ਕੀਰਤਨ ਕਰ ਸਕੇ ਅਤੇ ਪਰਮੇਸ਼ੂਰ ਦੇ ਗੁਣ ਗਾ ਸਕੇ। ਇਸ ਵਿਚ ਤਿੰਨ ਧਾਰਨਾਂ ਹਨ। ਪਹਿਲੀ ਧਾਰਨਾ ਵਿਚ 24 ਛੱਕੇ ਪੜ੍ਹੇ ਜਾ ਸਕਦੇ ਹਨ। ਦੂਸਰੀ ਧਾਰਨਾ ਵਿਚ 24 ਸਲੋਕ ਅਤੇ ਤੀਸਰੀ ਧਾਰਨਾ ਵਿਚ 24 ਪਉੜੀਆਂ ਪੜ੍ਹੀਆਂ ਜਾ ਸਕਦੀਆਂ ਹਨ। ਇਨ੍ਹਾਂ ਵਿਚ ਬਹੁਤੀ ਵਿਦਵਤਾ ਦੀ ਲੋੜ ਨਹੀਂ ਹੁੰਦੀ। ਕੇਵਲ ਸੁਰ ਨਾਲ ਆਵਾਜ਼ ਮੇਲ ਕੇ ਸਾਰੀ ਆਸਾ ਦੀ ਵਾਰ ਦਾ ਕੀਰਤਨ ਕੀਤਾ ਜਾ ਸਕਦਾ ਹੈ।

ਦੂਜੇ ਨੰਬਰ 'ਤੇ ਸ਼ੁੱਧ ਆਸਾ ਵਿਚ ਹੀ ਸਾਰੀ ਆਸਾ ਦੀ ਵਾਰ ਦਾ ਕੀਰਤਨ ਹੋਵੇਗਾ ਤਾਂ ਕਿ ਸਾਰੀ ਆਸਾ ਦੀ ਵਾਰ ਸ਼ੁੱਧ ਆਸਾ ਰਾਗ ਵਿਚ ਗਾਈ ਜਾ ਸਕੇ। ਇਸ ਵਿਚ ਬਾਰਾਂ ਗੀਤਾਂ ਛੱਕਿਆਂ ਵਾਸਤੇ ਅਤੇ ਛੇ ਗੀਤਾਂ ਪਉੜੀਆਂ ਵਾਸਤੇ ਦੇ ਰਹੇ ਹਾਂ, ਜੋ ਕਿ ਆਸਾ ਰਾਗ ਵਿਚ ਹੀ ਹੋਣਗੀਆਂ।

ਤਿੰਨ ਨੰਬਰ ਵਿਚ ਆਸਾ ਦੀ ਵਾਰ ਦਾ ਕੀਰਤਨ ਉਹਨਾਂ ਸ਼ਰਧਾਲੂ ਪਿਆਰਿਆਂ ਦੇ ਲਈ ਹੋਵੇਗਾ ਜਿਹੜੇ ਕਿ ਸੰਗੀਤ ਵਿਚ ਹੀ ਕੀਰਤਨ ਸੁਣਨਾ ਤੇ ਕਰਨਾ ਚਾਹੁੰਦੇ ਹਨ। ਇਸ ਲਈ ਪਹਿਲੇ ਅੱਠ ਸਲੋਕ ਆਸਾ ਰਾਗ ਵਿਚ ਅਤੇ ਬਾਕੀ ਦੇ ਸੋਲ੍ਹਾਂ ਸਲੋਕ ਹੋਰ ਰਾਗਾਂ ਵਿਚ ਜਿਵੇਂ ਭੈਰਉ, ਭੈਰਵੀ, ਸਿੰਧੜਾ, ਆਸਾਵਰੀ, ਜੋਗੀਆ ਆਸਾਵਾਰੀ ਅਤੇ ਕੁਝ ਭੈਰਉ ਥਾਟ ਦੇ ਹੋਰ ਰਾਗਾਂ ਵਿਚ ਸ਼ਬਦ ਹੋਣਗੇ।

ਜਿਹੜੇ ਸ਼ਰਧਾਲੂ ਗੁਰੂ ਸਾਹਿਬ ਜੀ ਦੇ ਬਚਨਾਂ ਦੁਆਰਾ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਆਸਾ ਰਾਗ ਵਿਚ ਹੀ ਕਰਨਾ ਚਾਹੁੰਦੇ ਹਨ, ਉਹ ਸੱਜਣ ਜਿਹੜੇ ਅੱਠ ਸਲੋਕ ਆਸਾ ਰਾਗ ਵਿਚ ਦਿੱਤੇ ਹਨ, ਉਨ੍ਹਾਂ 'ਤੇ ਸਾਰੀ ਆਸਾ ਦੀ ਵਾਰ ਪੜ੍ਹ ਸਕਦੇ ਹਨ। ਕਿਉਂਜੁ ਪਹਿਲੀ ਗੀਤ 'ਤੇ ਤਿੰਨ ਛੱਕੇ, ਦੂਸਰੀ ਗੀਤ 'ਤੇ ਤਿੰਨ ਛੱਕੇ; ਇਸ ਪ੍ਰਕਾਰ ਅੱਠ ਗੀਤਾਂ 'ਤੇ ਚੌਵੀ ਸਲੋਕ ਪੜ੍ਹੇ ਜਾ ਸਕਦੇ ਹਨ ਅਤੇ ਪਉੜੀਆਂ ਦਾ ਵੀ ਇਹੀ ਢੰਗ ਵਰਤਿਆ ਜਾ ਸਕਦਾ ਹੈ, ਕਿਉਂਜੁ ਪਉੜੀ ਦੀਆਂ ਚਾਰ ਗੀਤਾਂ ਹਨ। ਸੋ ਹਰ ਇਕ ਗੀਤ ਉਪਰ ਛੇ ਪਉੜੀਆਂ ਲੱਗ ਸਕਦੀਆਂ ਹਨ।

ਗੁਰੂ ਸਾਹਿਬ ਜੀ ਦੀ ਰਚਿਤ ਕੀਤੀ ਹੋਈ ਬਾਣੀ ਕਿਸੀ ਵੀ ਗੱਲ ਤੋਂ ਘੱਟ ਨਹੀਂ ਜਾਂ ਕੋਈ ਵੀ ਕਮੀ ਨਹੀਂ ਹੈ। ਪਿੰਗਲ ਦੇ ਹਰ ਲਿਹਾਜ਼ ਨੂੰ ਪੂਰਾ ਕਰਦੀ ਹੈ ਅਤੇ ਸਰਬ ਰਸ ਪ੍ਰਦਾਨ ਹੈ। ਜਿਸ ਬੰਦਸ਼ ਵਿਚ ਇਕ ਛੱਕਾ ਪੜ੍ਹਿਆ ਜਾ ਸਕਦਾ ਹੈ, ਤਾਂ ਬਾਕੀ ਦੇ 23 ਛੱਕੇ ਵੀ ਉਸੀ ਬੰਦਸ਼ ਵਿਚ ਪੜ੍ਹੇ ਜਾ ਸਕਦੇ ਹਨ। ਇਸ ਪ੍ਰਕਾਰ ਪਉੜੀ ਅਤੇ ਸਲੋਕਾਂ ਦਾ ਵੀ ਪੜ੍ਹਿਆ ਜਾਣਾ ਸੌਖੀ ਜਿਹੀ ਗੱਲ ਹੈ। ਜੇ ਕੋਈ ਸੱਜਣ ਵੱਖੋ ਵੱਖ ਰਾਗਾਂ ਵਿਚ ਕੀਰਤਨ ਕਰਨਾ ਚਾਹੁੰਦਾ ਹੋਵੇਗਾ, ਤਾਂ ਉਹ ਆਸਾ, ਭੈਰਵ, ਭੈਰਵੀ, ਸਿੰਧੜਾ ਆਦਿਕ ਰਾਗਾਂ ਵਿਚ ਵੀ ਉਪਰੋਕਤ ਲਿਖੀਆਂ ਬੰਦਸ਼ਾਂ ਅਨੁਸਾਰ ਕੀਰਤਨ ਕਰ ਸਕਦਾ ਹੈ।

# ਸਾਧਾਰਣ ਆਸਾ ਦੀ ਵਾਰ

ਸਭ ਤੋਂ ਪਹਿਲਾਂ ਇਥੇ ਅਸੀਂ ਸਾਧਾਰਣ ਕੀਰਤਨ ਕਰਨ ਦਾ ਢੰਗ ਦੱਸ ਰਹੇ ਹਾਂ।

ਵਾਜੇ ਦਾ ਪਹਿਲਾ ਸੁਰ 'ਸਾ' ਹੁੰਦਾ ਹੈ। ਦੂਸਰਾ ਸੁਰ ਕੋਮਲ 'ਰੇ', ਤੀਸਰਾ ਸੁਰ ਸ਼ੁੱਧ 'ਰੇ', ਚੌਥਾ ਸੁਰ ਕੋਮਲ 'ਗੁ', ਪੰਜਵਾਂ ਸੁਰ ਸ਼ੁੱਧ 'ਗ' ਅਤੇ ਛੇਵਾਂ ਸੁਰ ਸ਼ੁੱਧ 'ਮ' ਹੁੰਦਾ ਹੈ।

ਸਿੱਧਾ ਕੀਰਤਨ ਕਰਨ ਵਾਲੇ ਗੁਰਮੁਖ ਨੂੰ ਛੇਵਾਂ ਸੁਰ 'ਸਾ' ਮੰਨ ਕੇ ਕੀਰਤਨ ਆਰੰਭ ਕਰਨਾ ਚਾਹੀਦਾ ਹੈ। ਜੇਕਰ ਇਹ ਮਾਲੂਮ ਹੋਵੇ ਕਿ ਵਾਜੇ ਦਾ ਸੁਰ ਨੀਵਾਂ ਹੈ ਅਤੇ ਤੁਹਾਡਾ ਸੁਰ ਉੱਚਾ ਹੈ ਅਤੇ ਤੁਸੀਂ ਉੱਚਾ ਗਾਉਣਾ ਚਾਹੁੰਦੇ ਹੋ ਤਾਂ ਫਿਰ ਸਤਵੇਂ ਸੁਰ ਨੂੰ ਛੱਡ ਕੇ ਅੱਠਵਾਂ ਸੁਰ 'ਸਾ' ਮੰਨ ਕੇ ਦੱਬ ਲੈਣਾ ਚਾਹੀਦਾ ਹੈ, ਕਿਉਂਜੁ ਅੱਠਵਾਂ ਸੁਰ ਪਹਿਲੇ ਸੁਰ ਦਾ 'ਪ' ਬਣਦਾ ਹੈ।

ਅਗਰ ਤੁਹਾਨੂੰ ਇਸ ਤਰ੍ਹਾਂ ਦੀ ਕੋਈ ਗੱਲ ਸਮਝ ਵਿਚ ਨਾ ਆਵੇ ਤਾਂ ਤੁਹਾਨੂੰ ਇਸ ਤੋਂ ਵੀ ਆਸਾਨ ਇਕ ਹੋਰ ਤਰੀਕਾ ਸੁਰ ਸਮਝਣ ਦਾ ਦੱਸ ਦਿੰਦੇ ਹਾਂ।

ਹਾਰਮੋਨੀਅਮ ਵਿਚ ਦੋ ਪ੍ਰਕਾਰ ਦੀਆਂ ਸੁਰਾਂ ਲੱਗੀਆਂ ਹੁੰਦੀਆਂ ਹਨ। ਇਕ, ਲੰਬੀਆਂ ਅਤੇ ਚਿੱਟੀਆਂ ਜੋ ਕਿ ਨੀਵੀਆਂ ਹੁੰਦੀਆਂ ਹਨ ਅਤੇ ਦੂਜੀ, ਛੋਟੀਆਂ ਤੇ ਕਾਲੀਆਂ ਕੁਝ ਉਪਰ ਨੂੰ ਉਭਰੀਆਂ ਹੋਈਆਂ ਜਿਨ੍ਹਾਂ ਨੂੰ ਅਸੀਂ ਕਾਲੇ ਸੁਰ ਵੀ ਕਹਿੰਦੇ ਹਾਂ।

ਪਰ ਅੱਜ-ਕੱਲ੍ਹ ਹਾਰਮੋਨੀਅਮ ਵਾਜੇ ਬਣਾਉਣ ਵਾਲੇ ਦੁਕਾਨਦਾਰਾਂ ਨੇ ਇਸ ਅਸੂਲ ਨੂੰ ਭੰਗ ਕਰ ਦਿੱਤਾ ਹੈ, ਕਿਉਂਜੁ ਆਪਣੀ ਦੁਕਾਨ ਨੂੰ ਚਲਾਉਣ ਤੇ ਮਸ਼ਹੂਰੀ ਲਈ ਹਾਰਮੋਨੀਅਮ ਦੀ ਪੇਟੀ ਦਾ ਨਵੇਂ ਤੋਂ ਨਵਾਂ ਨਮੂਨਾ ਬਣਾਉਣ ਲਈ ਉਪਰਲੀਆਂ ਕਾਲੀਆਂ ਸੁਰਾਂ ਨੂੰ ਚਿੱਟੀਆਂ, ਸੁਨਹਿਰੀ, ਭੂਰੀਆਂ ਜਾਂ ਕੋਈ ਹੋਰ ਹੀ ਰੰਗ ਦੀਆਂ ਬਣਾ ਦਿੰਦੇ ਹਨ ਅਤੇ ਹੇਠਲੀਆਂ ਚਿੱਟੀਆਂ ਦਾ ਕੋਈ ਹੋਰ ਵੱਖਰਾ ਜਿਹਾ ਹੀ ਰੰਗ ਕਰ ਦਿੰਦੇ ਹਨ।

ਪਰ ਵਾਸਤਵ ਵਿਚ ਉਪਰਲੀਆਂ ਛੋਟੀਆਂ ਸੁਰਾਂ ਨੂੰ ਜੋ ਕਿ ਦੇਖਣ ਵਿਚ ਵੀ ਉਭਰੀਆਂ ਹੋਈਆਂ ਭਾਸਦੀਆਂ ਹਨ, ਉਹਨਾਂ ਨੂੰ ਹਰ ਹਾਲਤ ਵਿਚ ਕਾਲੀਆਂ ਸੁਰਾਂ ਅਤੇ ਹੇਠਲੀਆਂ ਵੱਡੀਆਂ ਸੁਰਾਂ ਜੋ ਕਿ ਦੇਖਣ ਵਿਚ ਨੀਵੀਆਂ ਨਜ਼ਰ ਆਉਂਦੀਆਂ ਹਨ ਚਿੱਟੀਆਂ ਸੁਰਾਂ ਹੀ ਕਿਹਾ ਜਾਂਦਾ ਸੀ ਅਤੇ ਅੱਜ-ਕੱਲ੍ਹ ਵੀ ਕਿਹਾ ਜਾਂਦਾ ਹੈ।

ਅਸੀਂ ਤਾਂ ਦੁਕਾਨਦਾਰਾਂ ਨੂੰ ਵੀ ਇਹੋ ਹੀ ਬੇਨਤੀ ਕਰਾਂਗੇ ਕਿ ਉਪਰਲੀਆਂ ਸੁਰਾਂ ਦਾ ਰੰਗ ਕਾਲਾ ਅਤੇ ਥੱਲੇ ਦੀਆਂ ਸੁਰਾਂ ਦਾ ਰੰਗ ਚਿੱਟਾ ਹੀ ਰੱਖਣਾ ਚਾਹੀਦਾ ਹੈ, ਤਾਂ ਕਿ ਸਿਖਾਂਦਰੂਆਂ ਨੂੰ ਸਿੱਖਣ ਵੇਲੇ ਅਤੇ ਅਧਿਆਪਕ ਨੂੰ ਸਿੱਖਿਆ ਦੇਣ ਵੇਲੇ ਕੋਈ ਮੁਸ਼ਕਲ ਨਾ ਹੋਵੇ, ਅਤੇ ਸਾਧਾਰਣ ਬੁੱਧੀ ਵਾਲਾ ਵਿਦਿਆਰਥੀ ਵੀ ਜਲਦੀ ਸਮਝ ਸਕੇ।

ਉਮੀਦ ਹੈ ਕਿ ਇੰਨਾ ਕੁਝ ਦੱਸਣ ਤੋਂ ਤੁਸੀਂ ਹਾਰਮੋਨੀਅਮ ਦੀਆਂ ਕਾਲੀਆਂ ਤੇ ਚਿੱਟੀਆਂ ਸੁਰਾਂ ਬਾਰੇ ਸਮਝ ਗਏ ਹੋਵੋਗੇ ਕਿ ਉਪਰਲੀਆਂ ਛੋਟੀਆਂ ਸੁਰਾਂ ਨੂੰ ਕਾਲੇ ਸੁਰ ਅਤੇ ਹੇਠਲੀਆਂ ਲੰਬੀਆਂ ਸੁਰਾਂ ਨੂੰ ਚਿੱਟੇ ਸੁਰ ਕਹਿੰਦੇ ਹਨ।

ਸੋ ਤੁਸੀਂ ਪਹਿਲੇ ਕਾਲੇ ਸੁਰ ਨੂੰ ਪਹਿਲਾ, ਦੂਜੇ ਨੂੰ ਦੂਸਰਾ, ਤੀਜੇ ਨੂੰ ਤੀਸਰਾ ਅਤੇ

ਚੌਥੇ ਨੂੰ ਚੌਥਾ ਕਾਲਾ ਸੁਰ ਮੰਨ ਕੇ ਆਪਣਾ ਸੁਰ ਕਾਇਮ ਕਰ ਸਕਦੇ ਹੋ। ਸੋ ਤੁਸੀਂ ਆਪਣੀ ਆਵਾਜ਼ ਮੁਤਾਬਿਕ ਚੌਥਾ ਕਾਲਾ ਜਾਂ ਪੰਜਵੇਂ ਕਾਲੇ ਸੁਰ ਨੂੰ 'ਸਾ' ਮੰਨ ਕੇ ਕੀਰਤਨ ਆਰੰਭ ਕਰ ਸਕਦੇ ਹੋ। ਇਹ ਆਵਾਜ਼ ਦੇ ਅਨੁਸਾਰ ਅਤੇ ਤੁਹਾਡੀ ਆਪਣੀ ਪਸੰਦ ਹੈ।

ਸੋ ਭਾਈ ਸਾਹਿਬ ਜੀ ! 'ਸਾ' ਸੁਰ ਨੂੰ ਦੱਬ ਕੇ ਉਸ ਨਾਲ ਆਵਾਜ਼ ਮੇਲ ਕੇ ਸਤਿਨਾਮ ਲੰਬੀ ਆਵਾਜ਼ ਨਾਲ ਬੋਲਦਿਆਂ ਹੋਇਆਂ ਆਵਾਜ਼ ਦੇ ਮੁੱਕਣ ਨਾਲ ਵਾਹਿਗੁਰੂ ਸ਼ਬਦ ਕਹਿਣਾ ਚਾਹੀਦਾ ਹੈ। ਜਿਸ ਤਰ੍ਹਾਂ :

ਸਾ——————ਸਾ ਸਾ—ਸਾ—ਸਾ
ਸਤਿ ਨਾ ऽऽऽऽਮ ਸ੍ਰੀ ਵਾऽਹਿऽਗੁਰੂ

ਜਿਸ ਸੁਰ 'ਤੇ ਸਤਿਨਾਮ ਵਾਹਿਗੁਰੂ ਕਹਿਣਾ ਹੈ, ਉਸ ਸੁਰ ਨੂੰ ਮੁੱਖ ਸੁਰ ਮੰਨ ਲੈਣਾ ਚਾਹੀਦਾ ਹੈ। ਮੁੱਖ ਸੁਰ ਤੋਂ ਇਕ ਸੁਰ ਨੀਚੇ ਦਾ ਅਤੇ ਇਕ ਦੋ ਸੁਰ ਉਪਰ ਦੇ ਲਗਾਉਣ ਨਾਲ ਸਿੱਧਾ ਕੀਰਤਨ ਬਹੁਤ ਆਸਾਨੀ ਨਾਲ ਹੋ ਸਕਦਾ ਹੈ।

ਹੁਣ ਗਾਉਣ ਵਾਲੇ ਦੀ ਮਰਜ਼ੀ ਹੈ ਕਿ ਪਹਿਲੇ ਤਰੀਕੇ ਅਨੁਸਾਰ ਛੇਵਾਂ ਸੁਰ ਰੱਖਣਾ ਹੈ ਜਾਂ ਅੱਠਵਾਂ। ਜੇਕਰ ਉਸਦਾ ਸੁਰ ਜਾਂ ਆਵਾਜ਼ ਇਜਾਜ਼ਤ ਦੇਵੇ ਤਾਂ ਉਹ ਦਸਵਾਂ ਸੁਰ ਵੀ ਰੱਖ ਸਕਦਾ ਹੈ ਜਾਂ ਜਿਹੜਾ ਦੂਸਰਾ ਸਿੱਧਾ ਤਰੀਕਾ ਸੁਰ ਸਮਝਣ ਦਾ ਦੱਸ ਆਏ ਹਾਂ, ਉਸ ਮੁਤਾਬਕ ਚੌਥਾ, ਪੰਜਵਾਂ ਜਾਂ ਛੇਵਾਂ ਕਾਲਾ ਸੁਰ ਵੀ ਰੱਖ ਸਕਦਾ ਹੈ।

ਪਹਿਲਾਂ ਮੁੱਖ ਸੁਰ ਦੱਬ ਕੇ ਸਤਿਨਾਮ ਵਾਹਿਗੁਰੂ ਕਹਿਣਾ, ਉਪਰੰਤ ਉਸੇ ਸੁਰ 'ਤੇ "ੴ ਸਤਿਗੁਰ ਪ੍ਰਸਾਦਿ, ਆਸਾ ਮਹਲਾ ੪ ਛੰਤ ਘਰੁ ੪", ਇਥੋਂ ਤਕ ਇਹ ਤਾਲ ਤੋਂ ਬਿਨਾਂ ਪੜ੍ਹਨਾ ਹੈ। ਇਸ ਤੋਂ ਬਾਅਦ ਪਹਿਲਾ ਛੱਕਾ ਤਾਲ ਵਿਚ ਪੜ੍ਹਨਾ ਹੈ। ਸੋ ਹੇਠਾਂ ਅਸੀਂ ਪਹਿਲਾ ਛੱਕਾ ਤਾਲ ਕਹਿਰਵਾ ਵਿਚ ਦੇ ਰਹੇ ਹਾਂ। ਸਾਧਾਰਣ ਲੋਕ ਇਸ ਤਾਲ ਨੂੰ ਤਲਵਾੜਾ ਵੀ ਕਹਿੰਦੇ ਹਨ।

## ਤਾਲ ਕਹਿਰਵਾ ਛੱਕਾ ਪਹਿਲਾ

| ਮਾਤਰੇ | 1 | 2 | 3 | 4 | 1 | 2 | 3 | 4 |
|---|---|---|---|---|---|---|---|---|
| ਸਰਗਮ | | | | | | | | ਸਾਸਾ |
| ਸ਼ਬਦ | | | | | | | | ਹਰਿ |
| ਸਰਗਮ | ਰੇ | ਸਾਨ੍ਹੀ | ਸਾ | ਰੇ | ਗੁ | ਰੇ | ਸਾ | ਸਾਸਾ |
| ਸ਼ਬਦ | ਅੰ | ਮ੍ਰਿਤ | ਭਿੰ | ਨੇ | ਲੋ | ਇ | ਣਾ | ਮਨੁ |
| ਸਰਗਮ | ਰੇ | ਸਾਨ੍ਹੀ | ਸਾ | ਰੇ | ਗੁ | ਰੇ | ਸਾ | ਸਾਸਾ |
| ਸ਼ਬਦ | ਪ੍ਰੇ | ਮਿਰ | ਤੰ | ਨਾ | ਰਾਮ | ਰਾ | ਜੇ | ਮਨੁ |
| ਤਾਲ ਚਿੰਨ੍ਹ | x | | | | x | | | |

***ਨੋਟ :*** ਇਹ ਛੱਕਾ ਚੌਥੇ ਮਾਤਰੇ ਤੋਂ ਸ਼ੁਰੂ ਹੁੰਦਾ ਹੈ ਅਤੇ 'ਗੁਰ' 'ਅੰਮ੍ਰਿਤ' 'ਤੇ ਆਉਂਦਾ ਹੈ। ਸੋ ਹਰ ਵਾਰੀ ਅਗਲੀ ਤੁਕ ਪੜ੍ਹਨ ਲਗਿਆਂ ਚੌਥੀ ਮਾਤਰੇ ਤੋਂ ਪਹਿਲਾਂ ਸ਼ਬਦ ਸ਼ੁਰੂ ਕਰਨਾ ਚਾਹੀਦਾ ਹੈ ਜਿਵੇਂ ਉਪਰ 'ਰਾਮ ਰਾਜੇ' ਤੋਂ ਬਾਅਦ 'ਮਨੁ' ਚੌਥੇ ਮਾਤਰੇ 'ਤੇ ਲੱਗਾ ਹੈ, ਅਤੇ ਅਗਲੀ ਤੁਕ 'ਮਨੁ ਰਾਮਿ ਕਸਵਟੀ' ਹੈ। ਸੋ ਇਸ ਲਈ 'ਮਨੁ' ਚੌਥੀ ਮਾਤਰਾ 'ਤੇ ਲਗਾ ਕੇ ਦੂਸਰੀ ਤੁਕ ਵਿਚ 'ਰਾਮ' ਪਹਿਲਾਂ 'ਗੁਰ' ਤੋਂ ਸ਼ੁਰੂ ਕਰਾਂਗੇ। ਇਸੇ ਤਰ੍ਹਾਂ ਹਰ ਇਕ ਛੱਕੇ ਜਾਂ ਇਸ ਧਾਰਨਾ ਦਾ ਨਿਯਮ ਹੈ।

ਜਿਸ ਤਰ੍ਹਾਂ ਉਪਰੋਕਤ ਸੁਰਾਂ 'ਤੇ ਪਹਿਲਾ ਛੱਕਾ ਗਾਇਨ ਕਰ ਲਿਆ, ਉਸੇ ਤਰ੍ਹਾਂ ਅਗਲਾ ਛੱਕਾ ਵੀ ਇਨ੍ਹਾਂ ਸੁਰਾਂ ਦੁਆਰਾ ਗਾਇਨ ਕੀਤਾ ਜਾ ਸਕਦਾ ਹੈ:

## ਤਾਲ ਕਹਿਰਵਾ ਛੱਕਾ ਦੂਸਰਾ

| | | | | | | | | |
|---|---|---|---|---|---|---|---|---|
| ਮਾਤਰੇ | 1 | 2 | 3 | 4 | 1 | 2 | 3 | 4 |
| ਸਰਗਮ | | | | | | | | ਸਾਸਾ |
| ਸ਼ਬਦ | | | | | | | | ਹਰਿ |
| ਸਰਗਮ | ਰੇ | ਸਾਨ੍ਹੀ | ਸਾ | ਰੇ | ਗੁ | ਰੇ | ਸਾ | ਸਾਸਾ |
| ਸ਼ਬਦ | ਪ੍ਰੇ | ਮਬਾ | ਣੀ | ਮਨੁ | ਮਾ | ਰਿ | ਆ | ऽऽ |
| ਸਰਗਮ | ਰੇ | ਸਾਨ੍ਹੀ | ਸਾ | ਰੇ | ਗੁ | ਰੇ | ਸਾ | ਸਾਸਾ |
| ਸ਼ਬਦ | ਅਣੀ | ਆਲੇ | ਅਣੀ | ਆ | ਰਾਮ | ਰਾ | ਜੇ | ਜਿਸੁ |
| ਤਾਲ ਚਿੰਨ੍ਹ | X | | | | X | | | |

ਜਿਸ ਤਰ੍ਹਾਂ ਉਪਰੋਕਤ ਪਹਿਲਾ ਛੱਕਾ ਪੂਰਾ ਅਤੇ ਉਦਾਹਰਣ ਦੇ ਤੌਰ 'ਤੇ ਦੂਸਰੇ ਛੱਕੇ ਦੀ ਪਹਿਲੀ ਪੰਗਤੀ ਪੜ੍ਹਨੀ ਦੱਸ ਆਏ ਹਾਂ, ਉਸੇ ਪ੍ਰਕਾਰ ਤੀਸਰਾ, ਚੌਥਾ ਭਾਵ ਆਸਾ ਦੀ ਵਾਰ ਦੇ ਸਾਰੇ 24 ਛੱਕੇ ਇਹਨਾਂ ਸੁਰਾਂ 'ਤੇ ਪੜ੍ਹੇ ਜਾ ਸਕਦੇ ਹਨ।

ਇਥੇ ਆਪ ਜੀ ਨੂੰ ਅਸਾਂ ਨੇ ਪਹਿਲਾ ਛੱਕਾ ਪੂਰਾ ਅਤੇ ਦੂਸਰੇ ਛੱਕੇ ਦੀ ਪਹਿਲੀ ਪੰਗਤੀ ਪ੍ਰਮਾਣਿਕ ਤੌਰ 'ਤੇ ਦੱਸੀ ਹੈ। ਇਸੇ ਪ੍ਰਕਾਰ ਅੱਗੇ ਸਲੋਕ ਤੇ ਪਉੜੀ ਦੀ ਉਦਾਹਰਣ ਦੇ ਰਹੇ ਹਾਂ ਜਿਸ ਵਿਚ ਪਹਿਲਾ ਸਲੋਕ ਪੂਰਾ ਅਤੇ ਦੂਸਰੇ ਸਲੋਕ ਦੀ ਪਹਿਲੀ ਪੰਗਤੀ ਅਤੇ ਇਹੀ ਢੰਗ ਪਉੜੀ ਦਾ ਦੇ ਰਹੇ ਹਾਂ। ਸੋ ਸੁਰਾਂ ਤਾਂ ਉਹੋ ਹੀ ਹੋਣਗੀਆਂ, ਸਿਰਫ਼ ਸਲੋਕ ਤੇ ਪਉੜੀ ਬਦਲੇਗੀ। ਸੋ ਛੱਕਾ ਸਲੋਕ ਤੇ ਪਉੜੀ ਨੂੰ ਦੁਬਾਰਾ ਉਹਨਾਂ ਹੀ ਸੁਰਾਂ 'ਤੇ ਲਿਖਣ ਦਾ ਮਤਲਬ ਇਹੋ ਹੀ ਹੈ ਕਿ ਸਿਖਿਆਰਥੀਆਂ ਨੂੰ ਸਿੱਖਣ ਦੇ ਲਈ ਸਹੂਲਤਾਂ ਪ੍ਰਾਪਤ ਹੋਣ ਅਤੇ ਕੀਰਤਨ ਕਰਨ ਵਿਚ ਕੋਈ ਕਠਨਾਈ ਪੇਸ਼ ਨਾ ਆਵੇ। ਇਸ ਲਈ ਅਸਾਂ ਨੇ ਆਸਾਨ ਤਰੀਕੇ ਨਾਲ ਦੁਹਰਾ ਕੇ ਛੱਕਾ, ਸਲੋਕ ਤੇ ਪਉੜੀ ਲਿਖ ਦਿੱਤੀ ਹੈ ਤਾਂ ਕਿ ਸਾਧਾਰਣ ਕੀਰਤਨੀਏ, ਕੀਰਤਨ ਕਰਨ ਦੇ ਢੰਗ ਤੋਂ ਜਾਣੂ ਹੋ ਸਕਣ। ਬਾਕੀ ਜ਼ਿਆਦਾ ਵਿਸਥਾਰ ਕਰਨ ਦੀ ਇਥੇ ਲੋੜ ਨਹੀਂ ਭਾਸਦੀ। ਸਿਆਣੇ ਸੱਜਣ ਆਪ ਹੀ ਅੱਗੇ ਵਧਾ ਕੇ ਪੜ੍ਹ ਸਕਦੇ ਹਨ।

***ਨੋਟ:*** ਪਾਠਕਾਂ ਨੂੰ ਅੱਗੇ ਸਿੱਧੀ ਆਸਾ ਦੀ ਵਾਰ ਦੇ ਸਲੋਕ ਪੜ੍ਹਨ ਦਾ ਢੰਗ ਸਮਝਾਇਆ ਜਾਂਦਾ ਹੈ।

ਪਹਿਲਾਂ ਛੱਕਾ ਪੜ੍ਹਨ ਉਪਰੰਤ ੧ਓ ਸਤਿਨਾਮ ਭਾਵ ਮੂਲ ਮੰਤਰ ਤੋਂ ਲੈ ਕੇ 'ਅਸ ਰਾਜੈ ਕੀ ਧੁਨੀ' ਤਕ ਤਾਲ ਤੋਂ ਬਿਨਾਂ ਸਿਰਫ਼ ਆਲਾਪ ਦੁਆਰਾ ਇਕ ਦੋ ਸੁਰਾਂ 'ਤੇ ਹੀ ਪੜ੍ਹੀ ਜਾਵੇਗੀ। ਜਿਸ ਤਰ੍ਹਾਂ:

ਰੇ ਰੇ ਗੁ ਰੇ
੧ੴ ਸਤਿਨਾਮੁ, ਕਰਤਾ ਪੁਰਖੁ, ਨਿਰਭਉ ਨਿਰਵੈਰੁ
ਸਾ ਨ਼ੀ ਸਾ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ
ਨ਼ੀ ਸਾ ਰੇ ਰੇ
ਆਸਾ ਮਹਲਾ ਪਹਿਲਾ, ਵਾਰ ਸਲੋਕਾ ਨਾਲਿ ਸਲੋਕ ਵੀ ਮਹਲੇ ਪਹਿਲੇ ਕੇ ਲਿਖੇ,
ਸਾ
ਟੁੰਡੇ ਅਸ ਰਾਜੈ ਕੀ ਧੁਨੀ।

ਅਸ ਰਾਜੈ ਕੀ ਧੁਨੀ ਤੋਂ ਉਪਰੰਤ 'ਸਲੋਕ' ਤਾਲ ਵਿਚ ਪੜ੍ਹਿਆ ਜਾਂਦਾ ਹੈ:

## ਤਾਲ ਕਹਿਰਵਾ ਸਲੋਕ

### ਸਥਾਈ

| ਮਾਤਰੇ | 1 | 2 | 3 | 4 | 1 | 2 | 3 | 4 |
|---|---|---|---|---|---|---|---|---|
| ਸਰਗਮ | ਨ਼ੀ | ਸਾਰੇ | ਸਾ | ਸਾ | ਨ਼ੀ | ਸਾਰੇ | ਸਾ | ਸਾ |
| ਸ਼ਬਦ | ਸਲੋਕ | ਮਹਲਾ | ਪਹਿ | ਲਾ | ਧੰਨਗੁਰੂ | ਨਾਨਕ | ਦੇਵ | ਜੀਉ |
| ਸਰਗਮ | ਨ਼ੀ | ਸਾਰੇ | ਸਾ | ਸਾ | ਨ਼ੀ | ਸਾਰੇ | ਸਾ | ਸਾ |
| ਸ਼ਬਦ | ਬਲਿਹਾ | ਰੀਗੁਰ | ਆਪ | ਣੇ | ਦਿਉ | ਹਾੜੀਸਦ | ਵਾ | ਰ |
| ਸਰਗਮ | ਨ਼ੀ | ਸਾਰੇ | ਸਾ | ਸਾ | ਨ਼ੀ | ਸਾਰੇ | ਸਾ | ਸਾ |
| ਸ਼ਬਦ | ਜਿਨਿਮਾ | ਣਸਤੇ | ਦੇਵਤੇ | ਕੀਏ | ਕਰਤਨ | ਲਾਗੀ | ਵਾ | ਰ |
| ਤਾਲ ਚਿੰਨ੍ਹ | x | | | | x | | | |

ਸਥਾਈ ਦੀਆਂ ਦੋ ਪੰਗਤੀਆਂ ਤੋਂ ਉਪਰੰਤ ਅੰਤਰਾ ਆਰੰਭ ਕਰਨਾ ਹੈ ਅਤੇ ਤੀਸਰੀ ਤੇ ਚੌਥੀ ਪੰਗਤੀ ਅੰਤਰੇ 'ਤੇ ਪੜ੍ਹੀ ਜਾਵੇਗੀ।

### ਅੰਤਰਾ

| | | | | | | | | |
|---|---|---|---|---|---|---|---|---|
| ਸਰਗਮ | ਗੁ | ਗੁ | ਰੇ | ਸਾਰੇ | ਮਗੁ | ਰੇਸਾ | ਰੇ | ਸਾ |
| ਸ਼ਬਦ | ਜੇਸਉ | ਚੰਦਾ | ਉਗ | ਵਹਿ | ਸੂਰਜ | ਚੜਹਿ | ਹਜਾ | ਰ |
| ਸਰਗਮ | ਗੁ | ਗੁ | ਰੇ | ਸਾਰੇ | ਮਗੁ | ਰੇਸਾ | ਰੇ | ਸਾ |
| ਸ਼ਬਦ | ਏਤੇ | ਚਾਨਣ | ਹੋਦਿ | ਆਂऽ | ਗੁਰਬਿਨੁ | ਘੋਰ | ਅੰਧਾ | ਰ |
| ਤਾਲ ਚਿੰਨ੍ਹ | x | | | | x | | | |

ਅੰਤਰੇ ਦੀਆਂ ਦੋ ਪੰਗਤੀਆਂ ਤੋਂ ਉਪਰੰਤ ਅਗਲੀਆਂ ਦੋ ਪੰਗਤੀਆਂ ਦੁਬਾਰਾ ਫਿਰ ਸਥਾਈ ਦੀਆਂ ਪਹਿਲੀਆਂ ਸੁਰਾ 'ਤੇ ਹੀ ਪੜ੍ਹੀਆਂ ਜਾਣਗੀਆਂ।

## ਸਥਾਈ

| ਮਾਤਰੇ | 1 | 2 | 3 | 4 | 1 | 2 | 3 | 4 |
|---|---|---|---|---|---|---|---|---|
| ਸਰਗਮ | ਨ਼ੀ | ਸਾਰੇ | ਸਾ | ਸਾ | ਨ਼ੀ | ਸਾਰੇ | ਸਾ | ਸਾ |
| ਸ਼ਬਦ | ਨਾਨਕ | ਗੁਰੂਨ | ਚੇਤ | ਨੀ | ਮਨਿਆ | ਪਣੈਸੁ | ਚੇ | ਤ |
| ਸਰਗਮ | ਨ਼ੀ | ਸਾਰੇ | ਸਾ | ਸਾ | ਨ਼ੀ | ਸਾਰੇ | ਸਾ | ਸਾ |
| ਸ਼ਬਦ | ਛੁਟੇ | ਤਿਲ | ਬੂਆੜ | ਜਿਉ | ਸੁੰਞੇ | ਅੰਦਰਿ | ਖੇ | ਤ |
| ਤਾਲ ਚਿੰਨ੍ਹ | X | | | | X | | | |

ਅਖ਼ੀਰਲੀਆਂ ਦੋਨੋਂ ਪੰਗਤੀਆਂ ਅੰਤਰੇ ਦੀਆਂ ਸੁਰਾਂ 'ਤੇ ਪੜ੍ਹੀਆਂ ਜਾਣਗੀਆਂ।

## ਅੰਤਰਾ

| | | | | | | | | |
|---|---|---|---|---|---|---|---|---|
| ਸਰਗਮ | ਗੁ | ਗੁ | ਰੇ | ਸਾਰੇ | ਮਗੁ | ਰੇਸਾ | ਰੇ | ਸਾ |
| ਸ਼ਬਦ | ਖੇਤੈ | ਅੰਦਰਿ | ਛੁਟਿ | ਆऽ | ਕਹੁਨਾ | ਨਕਸਉ | ਨਾ | ਹ |
| ਸਰਗਮ | ਗੁ | ਗੁ | ਰੇ | ਸਾਰੇ | ਮਗੁ | ਰੇਸਾ | ਰੇ | ਸਾ |
| ਸ਼ਬਦ | ਫਲੀਅਹਿ | ਫੁਲੀਅਹਿ | ਬਪੁ | ੜੇऽ | ਭੀਤਨ | ਵਿਚਿ | ਸੁਆਹ, | ਪਉੜੀ |
| ਤਾਲ ਚਿੰਨ੍ਹ | X | | | | X | | | |

ਪਹਿਲਾ ਸਲੋਕ ਸਮਾਪਤ ਹੋ ਗਿਆ ਹੈ। ਹੁਣ ਇਨ੍ਹਾਂ ਸੁਰਾਂ 'ਤੇ ਹੀ ਪਉੜੀ ਗਾਇਨ ਕਰਨੀ ਹੈ। ਦੋ ਪੰਗਤੀਆਂ ਸਥਾਈ ਦੀਆਂ ਸੁਰਾਂ ਉੱਤੇ ਅਤੇ ਦੋ ਪੰਗਤੀਆਂ ਅੰਤਰੇ ਦੀਆਂ ਸੁਰਾਂ 'ਤੇ, ਪਰ ਅਖ਼ੀਰਲੀ ਪੰਗਤੀ ਅੱਧੀ ਹੋਣ ਦੇ ਕਾਰਣ ਉਸ ਨੂੰ ਦੋ ਵਾਰ ਪੜ੍ਹਨ ਨਾਲ ਪੂਰੀ ਪੰਗਤੀ ਬਣ ਜਾਂਦੀ ਹੈ। ਅਖ਼ੀਰ ਵਿਚ ਪਉੜੀ ਸਮਾਪਤੀ ਵੇਲੇ ਸਤਿਨਾਮ ਵਾਹਿਗੁਰੂ ਦੋ ਵਾਰ ਕਹਿਣ ਨਾਲ ਪਹਿਲੀ ਪਉੜੀ ਸਮਾਪਤ ਹੁੰਦੀ ਹੈ।

## ਪਉੜੀ

### ਸਥਾਈ

| | | | | | | | | |
|---|---|---|---|---|---|---|---|---|
| ਮਾਤਰੇ | 1 | 2 | 3 | 4 | 1 | 2 | 3 | 4 |
| ਸਰਗਮ | ਨ਼ੀ | ਸਾਰੇ | ਸਾ | ਸਾ | ਨ਼ੀ | ਸਾਰੇ | ਸਾ | ਸਾ |
| ਸ਼ਬਦ | ਆਪੀ | ਨੈਆਪੁ | ਸਾਜਿ | ਓऽ | ਆਪੀਨੈ | ਰਚਿਓ | ਨਾ | ਉ |
| ਸਰਗਮ | ਨ਼ੀ | ਸਾਰੇ | ਸਾ | ਸਾ | ਨ਼ੀ | ਸਾਰੇ | ਸਾ | ਸਾ |
| ਸ਼ਬਦ | ਦੁਯੀ | ਕੁਦਰਤਿ | ਸਾਜੀ | ਐਕਰਿ | ਆਸਣੁ | ਡਿਠੋ | ਚਾ | ਉ |
| ਤਾਲ ਚਿੰਨ੍ਹ | x | | | | x | | | |

### ਅੰਤਰਾ

| | | | | | | | | |
|---|---|---|---|---|---|---|---|---|
| ਸਰਗਮ | ਗੁ | ਗੁ | ਰੇ | ਸਾਰੇ | ਮਗੁ | ਰੇਸਾ | ਰੇ | ਸਾ |
| ਸ਼ਬਦ | ਦਾਤਾ | ਕਰਤਾ | ਆਪਿ | ਤੂੰਤੁਸਿ | ਦੇਵਹਿ | ਕਰਹਿ | ਪਸਾ | ਉ |
| ਸਰਗਮ | ਗੁ | ਗੁ | ਰੇ | ਸਾਰੇ | ਮਗੁ | ਰੇਸਾ | ਰੇ | ਸਾ |
| ਸ਼ਬਦ | ਤੂੰਜਾ | ਣੋਈ | ਸਭ | ਸੈਦੇ | ਲੈਸਹਿ | ਜਿੰਦੁ | ਕਵਾ | ਉਕਰਿ |
| ਤਾਲ ਚਿੰਨ੍ਹ | x | | | | x | | | |

### ਸਥਾਈ

| | | | | | | | | |
|---|---|---|---|---|---|---|---|---|
| ਸਰਗਮ | ਨ਼ੀ | ਸਾਰੇ | ਸਾ | ਸਾ | ਨ਼ੀ | ਸਾਰੇ | ਸਾ | ਸਾ |
| ਸ਼ਬਦ | ਆਸਣੁ | ਡਿਠੋ | ਚਾ | ਉਕਰਿ | ਆਸਣੁ | ਡਿਠੋ | ਚਾਉ | ਬੋਲੋ |
| ਸਰਗਮ | ਨ਼ੀ | ਸਾਰੇ | ਸਾ | ਸਾ | ਨ਼ੀ | ਸਾਰੇ | ਸਾ | ਸਾ |
| ਸ਼ਬਦ | ਸਤਿ | ਨਾਮਸ੍ਰੀ | ਵਾਹਿ | ਗੁਰੂ | ਸਤਿ | ਨਾਮਸ੍ਰੀ | ਵਾਹਿ | ਗੁਰੂ |
| ਤਾਲ ਚਿੰਨ੍ਹ | x | | | | x | | | |

ਜਿਸ ਤਰ੍ਹਾਂ ਅਸੀਂ ਪਹਿਲਾ ਪੂਰਾ ਸਲੋਕ ਅਤੇ ਪਹਿਲੀ ਪੂਰੀ ਪਉੜੀ ਜਿਨ੍ਹਾਂ ਸੁਰਾਂ 'ਤੇ ਗਾਇਨ ਕਰ ਕੇ ਲਿਖੀ ਹੈ, ਉਸੇ ਤਰ੍ਹਾਂ ਦੂਸਰਾ ਸਲੋਕ ਤੇ ਪਉੜੀ ਵੀ ਇਨ੍ਹਾਂ ਸੁਰਾਂ 'ਤੇ ਹੀ ਗਾਇਨ ਹੋ ਸਕਦੀ ਹੈ। ਉਦਾਹਰਣ ਦੇ ਤੌਰ 'ਤੇ ਅਸੀਂ ਇਥੇ ਦੂਸਰੇ ਸਲੋਕ ਦੀ ਪਹਿਲੀ ਪੰਗਤੀ ਤੇ ਪਉੜੀ ਦੀ ਵੀ ਪਹਿਲੀ ਪੰਗਤੀ ਲਿਖ ਰਹੇ ਹਾਂ। ਉਸੀ ਪ੍ਰਕਾਰ ਸਾਰਾ ਛੱਕਾ, ਸਲੋਕ ਤੇ ਪਉੜੀ ਪਾਠਕ-ਜਨ ਪੜ੍ਹ ਸਕਦੇ ਹਨ।

## ਸਲੋਕ ਦੂਸਰਾ

### ਤਾਲ ਕਹਿਰਵਾ

| ਮਾਤਰੇ | 1 | 2 | 3 | 4 | 1 | 2 | 3 | 4 |
|---|---|---|---|---|---|---|---|---|
| ਸਰਗਮ | ਨ਼ੀ | ਸਾਰੇ | ਸਾ | ਸਾ | ਨ਼ੀ | ਸਾਰੇ | ਸਾ | ਸਾ |
| ਸ਼ਬਦ | ਸਲੋਕੁ | ਮਹਲਾ | ਪਹਿ | ਲਾ | ਧੰਨਗੁਰੂ | ਨਾਨਕ | ਦੇਵ | ਜੀਓ |
| ਸਰਗਮ | ਨ਼ੀ | ਸਾਰੇ | ਸਾ | ਸਾ | ਨ਼ੀ | ਸਾਰੇ | ਸਾ | ਸਾ |
| ਸ਼ਬਦ | ਸਚੇਤੇਰੇ | ਖੰਡ | ਸਚੇਬ੍ਰਹ | ਮੰਡ | ਸਚੇਤੇਰੇ | ਲੋਅ | ਸਚੇਆ | ਕਾਰ |
| ਸਰਗਮ | ਨ਼ੀ | ਸਾਰੇ | ਸਾ | ਸਾ | ਨ਼ੀ | ਸਾਰੇ | ਸਾ | ਸਾ |
| ਸ਼ਬਦ | ਸਚੇਤੇਰੇ | ਕਰਣੇ | ਸਰਬ | ਬੀਚਾਰ | ਸਚਾਤੇਰਾ | ਅਮਰੁ | ਸਚਾ | ਦੀਬਾਣੁ |
| ਤਾਲ ਚਿੰਨ੍ਹ | x | | | | x | | | |

ਇਸ ਪ੍ਰਕਾਰ ਅੱਗੇ ਸਾਰਾ ਸਲੋਕ ਗਾਇਨ ਕਰਨਾ ਹੈ, ਹੁਣ ਇਥੇ ਉਦਾਹਰਣ ਦੇ ਲਈ ਪਉੜੀ ਦੀਆਂ ਦੋ ਪੰਗਤੀਆਂ ਲਿਖ ਰਹੇ ਹਾਂ। ਪਰ ਇਹ ਪਾਠਕ-ਜਨ ਧਿਆਨ ਕਰ ਲੈਣ ਕਿ ਦੋ ਪੰਗਤੀਆਂ ਸਥਾਈ ਅਤੇ ਦੋ ਅੰਤਰੇ ਦੀਆਂ ਸੁਰਾਂ ਦੇ ਹਿਸਾਬ ਨਾਲ ਹੀ ਪਉੜੀ ਸ਼ੁਰੂ ਕਰਨੀ ਹੈ। ਇਥੇ ਸਥਾਈ ਦੀਆਂ ਸੁਰਾਂ ਤੇ ਪਉੜੀ ਦੀਆਂ ਦੋ ਪੰਗਤੀਆਂ ਦੇ ਰਹੇ ਹਾਂ।

## ਪਉੜੀ ਦੂਸਰੀ

### ਸਥਾਈ

| ਮਾਤਰੇ | 1 | 2 | 3 | 4 | 1 | 2 | 3 | 4 |
|---|---|---|---|---|---|---|---|---|
| ਸਰਗਮ | ਨ਼ੀ | ਸਾਰੇ | ਸਾ | ਸਾ | ਨ਼ੀ | ਸਾਰੇ | ਸਾ | ਸਾ |
| ਸ਼ਬਦ | ਨਾਨਕ | ਜੀਅ | ਉਪਾਇ | ਕੈ | ਲਿਖਿਨਾਵੈ | ਧਰਮੁ | ਬਹਾ | ਲਿਆ |
| ਸਰਗਮ | ਨ਼ੀ | ਸਾਰੇ | ਸਾ | ਸਾ | ਨ਼ੀ | ਸਾਰੇ | ਸਾ | ਸਾ |
| ਸ਼ਬਦ | ਓਥੈਸਚੇ | ਹੀਸਚਿ | ਨਿਬ | ੜੈ | ਚੁਣਿਵਖਿ | ਕਢੇਜਜ | ਮਾਲਿ | ਆ |
| ਤਾਲ ਚਿੰਨ੍ਹ | x | | | | x | | | |

ਇਸੇ ਤਰ੍ਹਾਂ ਸਾਰੀ ਪਉੜੀ ਪੂਰੀ ਕੀਤੀ ਜਾ ਸਕਦੀ ਹੈ। ਬਾਕੀ ਜਿਸ ਪ੍ਰਕਾਰ ਉਪਰੋਕਤ ਛੱਕਾ, ਸਲੋਕ ਤੇ ਪਉੜੀ ਲਿਖ ਆਏ ਹਾਂ, ਉਸੀ ਪ੍ਰਕਾਰ ਇਹਨਾਂ ਸੁਰਾਂ 'ਤੇ ਸਾਰੀ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਹੈ।

***ਨੋਟ :*** ਜੇਕਰ ਕੋਮਲ ਤੀਬਰ ਸੁਰਾਂ ਦੇ ਹਿਸਾਬ ਦਾ ਪਤਾ ਨਾ ਲੱਗੇ ਤਾਂ ਸੁਰ ਦੇ ਸਮਝਣ ਦਾ ਸਿੱਧਾ ਜਿਹਾ ਤਰੀਕਾ ਇਹ ਹੈ ਕਿ ਜਿਸ ਸੁਰ 'ਤੇ ਤੁਸਾਂ ਨੇ ਪਹਿਲੀ ਉਂਗਲੀ ਰੱਖ ਲਈ ਜਾਂ ਜਿਸ ਸੁਰ ਨੂੰ ਮੁੱਖ ਮੰਨ ਲਿਆ, ਉਸ ਸੁਰ ਤੋਂ ਖੱਬੇ ਪਾਸੇ ਵੱਲ ਦਾ ਪਹਿਲਾ ਸੁਰ ਮੰਦਰ ਸਪਤਕ ਦੀ 'ਨ਼ੀ' ਅਤੇ ਸੱਜੇ ਪਾਸੇ ਦਾ ਇਕ ਸੁਰ ਛੱਡ ਕੇ ਦੂਸਰਾ ਸੁਰ ਸ਼ੁੱਧ 'ਰੇ' ਅਤੇ ਤੀਸਰਾ ਸੁਰ ਕੋਮਲ 'ਗੁ' ਹੋਵੇਗਾ। ਜਿਸ ਨੂੰ ਸਮਝ ਕੇ ਸਾਰਾ ਕੀਰਤਨ ਹੋ ਸਕਦਾ ਹੈ।

ਬਾਕੀ ਸੁਰਾਂ ਦਾ ਖ਼ੁਲਾਸਾ ਜਾਂ ਪੂਰੀ ਪਰਿਭਾਸ਼ਾ ਵਿਸਥਾਰ ਨਾਲ ਸਮਝਣੀ ਹੋਵੇ ਤਾਂ ਇਸ ਕਿਤਾਬ ਦਾ ਪਹਿਲਾ ਭਾਗ ਚੰਗੀ ਤਰ੍ਹਾਂ ਪੜ੍ਹ ਲੈਣਾ ਚਾਹੀਦਾ ਹੈ। ਫਿਰ ਕੀਰਤਨ ਕਰਨ ਵਾਲੇ ਨੂੰ ਪੂਰਨ ਗਿਆਨ ਹੋ ਜਾਵੇਗਾ।

ਕਈ ਸਿੱਧੀ ਧਾਰਨਾ ਨਾਲ ਕੀਰਤਨ ਕਰਨ ਵਾਲੇ ਕੀਰਤਨੀਏ ਸੱਜਣ ਛੱਕੇ ਦੀ ਪਹਿਲੀ ਪੰਗਤੀ ਨੂੰ ਉਲਟੀ ਸਿੱਧੀ ਕਰ ਕੇ ਇਕ ਨਵੀਂ ਧਾਰਨਾ ਬਣਾ ਕੇ ਪੜ੍ਹਦੇ ਹਨ, ਜਿਵੇਂ:

"ਮੈਂ ਖੜੀ ਉਡੀਕਾਂ ਜੀ ਪੰਥ ਦੇ ਵਾਲੀ ਨੂੰ।"

ਇਹ ਧਾਰਨਾ ਦੀ ਸੁਰ ਲਿਪੀ ਉਦਾਹਰਣ ਦੇ ਤੌਰ 'ਤੇ ਦੇ ਰਹੇ ਹਾਂ:

## ਤਾਲ ਕਹਿਰਵਾ

### ਸਥਾਈ

| ਮਾਤਰੇ | 1 | 2 | 3 | 4 | 1 | 2 | 3 | 4 |
|---|---|---|---|---|---|---|---|---|
| ਸਰਗਮ | | | | ਸਾ | ਧ | ਸਾ | ਰੇ | ਗੁ |
| ਸ਼ਬਦ | | | | ਮੈਂ | ਖ | ੜੀ | ਉਡੀ | ਕਾਂ |
| ਸਰਗਮ | ਰੇ | ਗੁ | ਰੇ | ਸਾ | ਰੇ | ਸਾ | ਸਾ | ਸਾ |
| ਸ਼ਬਦ | ਜੀ | ऽ | ਪੰਥ | ਦੇ | ਵਾ | ਲੀ | ਨੂੰ, | ਮੈਂ |
| ਤਾਲ ਚਿੰਨ੍ਹ | x | | | | x | | | |

### ਅੰਤਰਾ

| | | | | | | | | |
|---|---|---|---|---|---|---|---|---|
| ਸਰਗਮ | ਧ | ਸਾ | ਰੇ | ਗੁ | ਰੇ | ਰੇ | ਸਾ | ਸਾ |
| ਸ਼ਬਦ | ਪੰ | ਥ | ਦਸਾ | ਵਾ | ਨਿ | ਤ | ਖੜੀ | ਮੁੰਧ |
| ਸਰਗਮ | ਧ | ਸਾ | ਰੇ | ਗੁ | ਰੇ | ਗੁ | ਰੇ | ਸਾ |
| ਸ਼ਬਦ | ਜੋ | ਬਨਿ | ਬਾ | ਲੀ | ਜੀ | ऽ | ਪੰਥ | ਦੇ |
| ਸਰਗਮ | ਰੇ | ਸਾ | ਸਾ | ਸਾ | ਧ | ਸਾ | ਰੇ | ਗੁ |
| ਸ਼ਬਦ | ਵਾ | ਲੀ | ਨੂੰ | ਮੈਂ | ਖ | ੜੀ | ਉਡੀ | ਕਾਂ |
| ਤਾਲ ਚਿੰਨ੍ਹ | x | | | | x | | | |

ਜਿਸ ਤਰ੍ਹਾਂ ਇਹ ਛੇਵਾਂ ਛੱਕਾ ਇਸ ਧਾਰਨਾ 'ਤੇ ਪੜ੍ਹਿਆ ਜਾਂਦਾ ਹੈ, ਇਸੇ ਤਰ੍ਹਾਂ ਹੋਰ ਵੀ ਕਈ ਛੱਕੇ ਇਸੇ ਧਾਰਨਾ 'ਤੇ ਬਣਾ ਕੇ ਪੜ੍ਹੇ ਜਾਂਦੇ ਹਨ। ਉਦਾਹਰਣ ਦੇ ਤੌਰ 'ਤੇ ਦੋ-ਤਿੰਨ ਧਾਰਨਾਂ ਲਿਖ ਰਹੇ ਹਾਂ। ਸੋ ਕੀਰਤਨੀਏ ਸੱਜਣ ਉਪਰੋਕਤ ਧਾਰਨਾ 'ਤੇ ਪੜ੍ਹ ਸਕਦੇ ਹਨ:

**ਹਰਿ ਸੱਜਣ ਲੱਧਾ ਜੀ, ਸਾਰਾ ਜਗ ਢੂੰਢ ਕੇ। (ਪੰਜਵਾਂ ਛੱਕਾ)**

**ਮੈਂ ਚਿਰੀ ਵਿਛੁੰਨੇ ਜੀ, ਗੁਰਮੁਖਿ ਆਏ ਮਿਲੋ। (ਸੱਤਵਾਂ ਛੱਕਾ)**

**ਅੱਜ ਮਿਲਣ ਵਧਾਈਆਂ ਜੀ, ਗੁਰਾਂ ਦਿਆਂ ਸਿੱਖਾਂ ਨੂੰ। (ਵੀਹਵਾਂ ਛੱਕਾ)**

ਇਸ ਪ੍ਰਕਾਰ ਹੋਰ ਵੀ ਛੱਕੇ ਇਹਨਾਂ ਧਾਰਨਾਂ 'ਤੇ ਲੱਗ ਸਕਦੇ ਹਨ। ਸਿਰਫ਼ ਧਿਆਨ ਦੇਣ ਦੀ ਲੋੜ ਹੈ। ਹੁਣ ਤੁਹਾਨੂੰ ਤੇਰ੍ਹਵਾਂ ਛੱਕਾ ਤੇ ਅਠਾਰ੍ਹਵੇਂ ਛੱਕੇ ਦੀਆਂ ਧਾਰਨਾਂ ਦੀਆਂ ਸੁਰਾਂ ਲਿਖ ਕੇ ਦੱਸਦੇ ਹਾਂ, ਜਿਵੇਂ :

## ਛੱਕਾ ਤੇਰ੍ਹਵਾਂ ਤਾਲ ਕਹਿਰਵਾ

### ਸਥਾਈ

| | | | | | | | | |
|---|---|---|---|---|---|---|---|---|
| ਮਾਤਰੇ | 1 | 2 | 3 | 4 | 1 | 2 | 3 | 4 |
| ਸਰਗਮ | | | | | | | | ਸਾ |
| ਸ਼ਬਦ | | | | | | | | ਜਿਨ੍ਹਾਂ |
| ਸਰਗਮ | ਧ਼ | ਸਾ | ਰੇ | ਗੁ | ਰੇ | ਸਾ | ਰੇ | ਗੁ |
| ਸ਼ਬਦ | ਸਤਿ | ਗੁਰ | ਮਿਲਿ | ਆ | ਜੀ | ऽ | ਤਿਨਾਂਦੇ | ਭਾਗ |
| ਸਰਗਮ | ਰੇ | ਸਾ | ਸਾ | ਸਾ | ਰੇ | ਸਾ | ਸਾ | ਸਾ |
| ਸ਼ਬਦ | ਚੰ | ਗੇ | ਤਿਨਾਂਦੇ | ਭਾਗ | ਚੰ | ਗੇ | ऽ | ਜਿਨ |
| ਤਾਲ ਚਿੰਨ੍ਹ | x | | | | x | | | |

### ਅੰਤਰਾ

| | | | | | | | | |
|---|---|---|---|---|---|---|---|---|
| ਸਰਗਮ | ਸਾ | ਰੇ | ਰੇ | ਸਾ | ਰੇ | ਰੇ | ਸਾ | ਧ਼ |
| ਸ਼ਬਦ | ਮਸ | ਤਕਿ | ਧੁਰਿ | ਹਰਿ | ਲਿ | ऽ | ਖਿਆ | ਤਿਨਾਂ |
| ਸਰਗਮ | ਧ਼ | ਸਾ | ਰੇ | ਗੁ | ਰੇ | ਸਾ | ਸਾ | ਗੁ |
| ਸ਼ਬਦ | ਸਤਿ | ਗੁਰੁ | ਮਿਲਿ | ਆ | ਰਾਮ | ਰਾ | ਜੇਤਿਨਾਂ | ਦੇਭਾਗ |
| ਸਰਗਮ | ਰੇ | ਸਾ | ਰੇ | ਗੁ | ਰੇ | ਸਾ | ਸਾ | ਸਾ |
| ਸ਼ਬਦ | ਚੰ | ਗੇ | ਤਿਨਾਂਦੇ | ਭਾਗ | ਚੰ | ਗੇ | ऽ | ਜਿਨ੍ਹਾਂ |
| ਤਾਲ ਚਿੰਨ੍ਹ | x | | | | x | | | |

*ਨੋਟ:* ਬਾਕੀ ਅੰਤਰੇ ਵੀ ਇਨ੍ਹਾਂ ਸੁਰਾਂ 'ਤੇ ਹੀ ਪੜ੍ਹੇ ਜਾਣਗੇ।

## ਛੱਕਾ ਅਠਾਰ੍ਹਵਾਂ ਤਾਲ ਕਹਿਰਵਾ

### ਸਥਾਈ

| ਮਾਤਰੇ | 1 | 2 | 3 | 4 | 1 | 2 | 3 | 4 |
|---|---|---|---|---|---|---|---|---|
| ਸਰਗਮ | — | ਨ਼ੀ | ਗੁ | ਰੇ | ਨ਼ੀ | ਸਾ | ਗੁ | ਰੇ |
| ਸ਼ਬਦ | ऽ | ਜਿ | ਥੈ | ऽ | ਜਾ | ਇ | ਬ | ਹੈ |
| ਸਰਗਮ | ਰੇ | ਸਾ | ਸਾ | ਸਾ | ਨ਼ੀ | ਨ਼ੀ | ਸਾ | ਸਾ |
| ਸ਼ਬਦ | ऽ | ਮੇ | ਰਾ | ऽ | ਸ | ਤਿ | ਗੁ | ਰੂ |
| ਸਰਗਮ | — | ਧ | ਗੁ | ਰੇ | ਨ਼ੀ | ਸਾ | ਗੁ | ਰੇ |
| ਸ਼ਬਦ | ऽ | ਸੋ | ऽ | ऽ | ਥਾ | ਨੁ | ਸੁ | ਹਾ |
| ਸਰਗਮ | ਰੇ | ਸਾ | ਸਾ | ਸਾ | ਨ਼ੀ | ਨ਼ੀ | ਸਾ | ਸਾ |
| ਸ਼ਬਦ | ऽ | ਵਾ | ऽ | ऽ | ਰਾ | ਮ | ਰਾ | ਜੇ |
| ਤਾਲ ਚਿੰਨ੍ਹ | X | | | | X | | | |

*ਨੋਟ:* ਸਾਰਾ ਛੱਕਾ ਇਨ੍ਹਾਂ ਸੁਰਾਂ 'ਤੇ ਹੀ ਲੱਗੇਗਾ।

ਅਖ਼ੀਰਲੇ 24ਵੇਂ ਛੱਕੇ ਦੀ ਇਕ ਬਹੁਤ ਪੁਰਾਣੀ ਤੇ ਮਸ਼ਹੂਰ ਬੰਦਸ਼ ਜਾਂ ਧਾਰਨਾ ਹੈ ਜੋ ਕਿ ਪਰਮੇਸ਼ੁਰ ਦੀ ਉਸਤਤਿ ਤੇ ਭਗਤਾਂ ਦੀ ਹੋਂਦ ਜਾਣੀ ਜਾਂਦੀ ਹੈ, ਜਿਵੇਂ:

## ਛੱਕਾ ਚੌਵ੍ਹੀਵਾਂ ਤਾਲ ਕਹਿਰਵਾ

### ਮਥਾਈ

| ਮਾਤਰੇ | 1 | 2 | 3 | 4 | 1 | 2 | 3 | 4 |
|---|---|---|---|---|---|---|---|---|
| ਸਰਗਮ | | | | ਨ਼ੀ | ਧ | ਨ਼ੀ | ਸਾ | ਰੇ |
| ਸ਼ਬਦ | | | | ਪੈਜ | ਰਖ | ਦਾ | ਆਇ | ਆ |
| ਸਰਗਮ | ਰੇ | ਗੁੰ | ਰੇ | ਸਾ | ਰੇ | ਰੇ | ਸਾ | ਸਾ |
| ਸ਼ਬਦ | ਜੀ | ऽ | ਜੁਗੋ | ਜੁਗ | ਵਾ | ਹਿਗੁ | ਰੂ | ਹਰਿ |
| ਤਾਲ ਚਿੰਨ੍ਹ | x | | | | x | | | |

### ਅੰਤਰਾ

| | | | | | | | | |
|---|---|---|---|---|---|---|---|---|
| ਸਰਗਮ | ਸਾ | ਸਾ | ਰੇ | ਗੁ | ਰੇ | ਸਾ | ਸਾ | ਸਾ |
| ਸ਼ਬਦ | ਜੁਗੁ | ਜੁਗੁ | ਭਗ | ਤਉ | ਪਾ | ऽ | ਇਆ | ਪੈਜ |
| ਸਰਗਮ | ਮ | ਮ | ਮ | ਗੁ | ਰੇ | ਸਾ | ਰੇ | ਗੁ |
| ਸ਼ਬਦ | ਰਖ | ਦਾ | ਆਇ | ਆ | ਜੀ | ऽ | ਜੁਗੋ | ਜੁਗ |
| ਸਰਗਮ | ਰੇ | ਸਾ | ਸਾ | ਨ਼ੀ | ਧ | ਨ਼ੀ | ਸਾ | ਸਾ |
| ਸ਼ਬਦ | ਵਾ | ਹਿਗੁ | ਰੂ | ਪੈਜ | ਰਖ | ਦਾ | ਆਇਆ | ਹਰਿ |
| ਤਾਲ ਚਿੰਨ੍ਹ | x | | | | x | | | |

***ਨੋਟ :*** ਜਿਹੜੀਆਂ ਸੁਰਾਂ 'ਤੇ ਪਉੜੀ ਪੜ੍ਹੀ ਜਾਂਦੀ ਹੈ, ਉਹਨਾਂ ਸੁਰਾਂ ਤੋਂ ਹੀ ਅਨੰਦੁ ਸਾਹਿਬ ਦੀਆਂ ਪੰਜ ਪਉੜੀਆਂ ਵੀ ਪੜ੍ਹੀਆਂ ਜਾ ਸਕਦੀਆਂ ਹਨ।

ਇਸ ਤੋਂ ਅਗਲਾ ਢੰਗ ਜੋ ਕੀਰਤਨ ਦਾ ਹੈ, ਉਹ ਬਹੁਤ ਹੀ ਸੁੰਦਰ ਅਤੇ ਗੁਰ-ਮਰਯਾਦਾ ਅਨੁਸਾਰ ਹੈ।

# ਸਲੋਕ ਬਾਰੇ ਵਿਚਾਰ

'ਆਸਾ ਦੀ ਵਾਰ' ਆਸਾ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਚਾਰੀ ਹੋਈ ਹੈ। ਕੁਝ ਕੁ ਸਲੋਕ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਵੀ ਹਨ। ਸਲੋਕਾਂ ਦੇ ਨਾਲ ਜੋ 24 ਛੱਕੇ ਪੜ੍ਹੇ ਜਾਂਦੇ ਹਨ, ਉਹਨਾਂ ਦੇ ਰਚਨਹਾਰ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਹਨ। ਛੱਕਾ ਤੇ ਪਉੜੀ ਤਾਲ ਬੱਧ ਅਤੇ ਸਲੋਕ ਆਲਾਪ ਰਾਹੀਂ ਗਾਇਨ ਕੀਤਾ ਜਾਂਦਾ ਹੈ।

ਗੁਰੂ ਸਾਹਿਬ ਜੀ ਦੀ ਜਿੰਨੀ ਬਾਣੀ 'ੴ ਸਤਿਨਾਮ' ਤੋਂ ਲੈ ਕੇ 'ਅਠਾਰਹ ਦਸ ਬੀਸ' ਤਕ ਹੈ, ਉਹ ਸਾਰੀ ਦੀ ਸਾਰੀ ਪਿੰਗਲ ਦੇ ਆਧਾਰ 'ਤੇ ਹੋਈ ਹੈ।

ਅਜੋਕੇ ਕਵੀ ਤਾਂ ਮਸਾਂ ਦੋ ਚਾਰ ਜੋੜ ਹੀ ਛੰਦਾ-ਬੰਦੀ ਦੇ ਬਣਾਉਣਾ ਜਾਣਦੇ ਹਨ, ਬੈਂਤ, ਚੌਪਈ, ਗ਼ਜ਼ਲ, ਦੋਹਰੇ ਆਦਿਕ।

ਘੋਖ ਕਰਨ 'ਤੇ ਪਤਾ ਲੱਗਦਾ ਹੈ ਕਿ ਜਿੰਨਾ ਵੀ ਪਿੰਗਲ ਦਾ ਵਿਸਥਾਰ ਹੈ, ਉਸ ਤੋਂ ਵੀ ਜ਼ਿਆਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅੰਦਰ ਨਾਨਾ ਪ੍ਰਕਾਰ ਦੀ ਛੰਦਾ-ਬੰਦੀ ਸ਼ਬਦਾਂ ਦੇ ਰੂਪ ਵਿਚ ਪ੍ਰਾਪਤ ਹੁੰਦੀ ਹੈ।

ਬਾਣੀ ਪੜ੍ਹਨ ਵੇਲੇ ਹਰ ਇਕ ਦੇ ਮਨ ਨੂੰ ਅਨੰਦ ਕਿਉਂ ਆਉਂਦਾ ਹੈ, ਇਸ ਦਾ ਅਸਲ ਕਾਰਨ ਇਹ ਹੈ ਕਿ ਬਾਣੀ ਕਿਸੇ ਵੀ ਮਤ ਦਾ ਵਿਰੋਧ ਨਹੀਂ ਕਰਦੀ। ਬਾਣੀ ਵਿਚ ਕੇਵਲ ਪਰਮੇਸ਼ੁਰ ਦੇ ਮਿਲਣ ਦੀ ਤਾਂਘ, ਜੀਵ ਆਤਮਾ ਦਾ ਮਿਲਾਪ, ਦਰਸ਼ਨ ਅਭਿਲਾਸ਼ਾ ਅਤੇ ਨਾਮ ਦੀ ਮਹਿਮਾ ਹੀ ਲਿਖੀ ਹੋਈ ਹੈ। ਜਿਉਂ ਜਿਉਂ ਇਨਸਾਨ ਬਾਣੀ ਪੜ੍ਹਦਾ ਹੈ, ਤਿਉਂ ਤਿਉਂ ਉਸ ਨੂੰ ਅਨੰਦ ਦੀ ਪ੍ਰਾਪਤੀ ਹੁੰਦੀ ਹੈ ਅਤੇ ਹਟਣ ਨੂੰ ਮਨ ਨਹੀਂ ਕਰਦਾ।

ਬਾਣੀ ਪੜ੍ਹਨ ਵੇਲੇ ਨਵਾਂ ਰੰਗ, ਨਵਾਂ ਢੰਗ, ਨਵਾਂ ਅਨੰਦ, ਨਵਾਂ ਰੂਪ, ਨਵਾਂ ਆਤਮਿਕ ਦਰਸ਼ਨ, ਨਵਾਂ ਕਵਿਤਾ ਦਾ ਤੋਲ ਅਤੇ ਹਰ ਸ਼ਬਦ ਵਿਚ ਨਵੀਂ ਤੋਂ ਨਵੀਂ ਛੰਦਾ-ਬੰਦੀ ਦੀ ਪ੍ਰਾਪਤੀ ਹੁੰਦੀ ਹੈ। ਇਥੋਂ ਤਕ ਕਿ ਪਿੰਗਲ ਦੀ ਕੋਈ ਵੀ ਕਵਿਤਾ ਸ਼ੈਲੀ ਇਹੋ ਜਿਹੀ ਨਹੀਂ ਹੈ ਕਿ ਜਿਹੜੀ ਆਦਿ ਬਾਣੀ ਵਿੱਚੋਂ ਵੇਖਣ ਨੂੰ ਨਾ ਮਿਲੇ।

ਜੇਕਰ ਧਿਆਨ ਨਾਲ ਪਵਿੱਤਰ ਬਾਣੀ ਨੂੰ ਵਿਚਾਰਿਆ ਜਾਵੇ ਤਾਂ ਮਨ ਹੈਰਾਨ ਹੋ ਜਾਂਦਾ ਹੈ ਕਿਉਂਕਿ ਇਕ ਪੱਖ ਤੋਂ ਹੀ ਨਹੀਂ, ਸਗੋਂ ਜਿਸ ਵੀ ਪੱਖ ਤੋਂ ਗੁਰਬਾਣੀ ਨੂੰ ਵਿਚਾਰੀਏ, ਗੁਰਬਾਣੀ ਵਿਚ ਉਹੋ ਪੱਖ ਮੁਕੰਮਲ ਮਿਲਦਾ ਹੈ। ਸਾਹਿਤਕ ਤੌਰ 'ਤੇ ਕਵਿਤਾ ਦੀ ਛੰਦਾ-ਬੰਦੀ ਅਤੇ ਸੰਗੀਤਕ ਤੌਰ 'ਤੇ ਸੁਰ, ਤਾਲ, ਲੈਅ ਦੇ ਪੱਖ ਵੱਲੋਂ ਵੀ ਘੱਟ ਨਹੀਂ ਹੈ, ਸਗੋਂ ਸੰਗੀਤ ਦਾ ਤਾਂ ਹਰ ਲਿਹਾਜ਼ ਪੂਰਾ ਕਰਦੀ ਹੈ। ਭਾਵ ਇਹ ਹੈ ਕਿ ਗੁਰਬਾਣੀ ਦਾ ਇਕ ਇਕ ਅੱਖਰ, ਇਕ ਇਕ ਤੁਕ ਬਹੁਤ ਹੀ ਵਡ-ਮੁੱਲੀ ਹੈ।

ਮੇਰਾ ਤਾਂ ਇਹੀ ਵਿਚਾਰ ਹੈ ਕਿ ਪਿੰਗਲ ਰਾਹੀਂ ਗੁਰਬਾਣੀ ਨਹੀਂ ਰਚੀ ਗਈ, ਸਗੋਂ ਪਿੰਗਲ ਨੇ ਹੀ ਗੁਰਬਾਣੀ ਤੋਂ ਚਾਨਣਾ ਲਿਆ ਹੈ।

ਸੋ ਇਹ ਅਲਪਗ ਜੀਵ ਗੁਰੂ-ਸਾਹਿਬ ਦੀ ਧੁਰੋਂ ਆਈ ਗੁਰਬਾਣੀ ਦੀ ਸਿਫ਼ਤ ਨਹੀਂ ਕਰ ਸਕਦਾ, ਜਿਵੇਂ ਕਿ :

**ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ ॥**

*(ਨਟ ਮ: 4, ਪੰਨਾ 982)*

ਅਰਥ ਹੈ—ਸ਼ਬਦ ਗੁਰੂ ਹੈ, ਗੁਰੂ ਸ਼ਬਦ ਹੈ।

ਗੁਰਬਾਣੀ ਦੀ ਇੱਜ਼ਤ ਵਿਚ ਅਸੀਂ ਇੰਨਾ ਕੁਝ ਹੀ ਕਹਿ ਸਕਦੇ ਹਾਂ, ਕਬੀਰ ਜੀ ਫ਼ੁਰਮਾਉਂਦੇ ਹਨ :

**ਕਬੀਰ ਸਾਤ ਸਮੁੰਦਹਿ ਮਸੁ ਕਰਉ, ਕਲਮ ਕਰਉ ਬਨਰਾਇ ॥**
**ਬਸੁਧਾ ਕਾਗਦੁ ਜਉ ਕਰਉ, ਹਰਿ ਜਸੁ ਲਿਖਨੁ ਨ ਜਾਇ ॥੮੧॥**

*(ਸਲੋਕ ਕਬੀਰ ਜੀ, ਪੰਨਾ 1368)*

ਹੁਣ ਵਿਚਾਰਨਾ ਹੈ ਕਿ ਛੱਕਾ ਤੇ ਪਉੜੀ ਤਾਂ ਤਾਲ ਦੀ ਬੰਦਸ਼ ਵਿਚ ਪੜ੍ਹੀ ਜਾਂਦੀ ਹੈ ਪਰ ਸਲੋਕ ਆਲਾਪ ਦੁਆਰਾ ਸੰਗਤਾਂ ਅੱਗੇ ਪ੍ਰਸਤੁਤ ਕੀਤਾ ਜਾਂਦਾ ਹੈ। ਇਸ ਦਾ ਕੀ ਕਾਰਨ ਹੈ।

ਸੋ ਅਸਲ ਵਿਚ ਇਹ ਪਰੰਪਰਾ ਗੁਰੂ ਸਾਹਿਬ ਜੀ ਦੇ ਵੇਲੇ ਤੋਂ ਹੀ ਚਲੀ ਆ ਰਹੀ ਹੈ ਅਤੇ ਇਸ ਨੂੰ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪ ਪ੍ਰਚਲਿਤ ਕੀਤਾ ਹੈ ਅਤੇ ਪਉੜੀ ਤਾਲ ਸਹਿਤ ਅਤੇ ਸਲੋਕ ਆਲਾਪ ਦੁਬਾਰਾ ਤਾਲ ਰਹਿਤ।

ਜੇ ਇਸ ਦਾ ਪਿਛੋਕੜ ਦੇਖਿਆ ਜਾਵੇ ਤਾਂ ਪੁਰਾਤਨ ਸਮੇਂ ਤੋਂ ਦੋ ਗਾਇਨ ਸ਼ੈਲੀਆਂ ਪ੍ਰਚਲਿਤ ਸਨ।

ਤਾਲ ਰਹਿਤ ਅਤੇ ਤਾਲ ਸਹਿਤ ਭਾਵ ਅਨਿਬੱਧ ਤੇ ਨਿਬੱਧ ਗਾਨ।

ਜੋ ਤਾਲ ਰਹਿਤ ਗਾਇਨ ਸ਼ੈਲੀ ਸੀ, ਉਸ ਦਾ ਅਨੰਦ ਤਾਂ ਅਦਭੁਤ ਸੀ ਅਤੇ ਜੋ ਤਾਲ ਸਹਿਤ ਸੀ ਉਹ ਉਸ ਤੋਂ ਵੀ ਵਧੀਕ ਅਲੌਕਿਕ ਅਨੰਦ ਦੇਣ ਵਾਲੀ ਸੀ।

ਸੋ ਗੁਰੂ ਸਾਹਿਬ ਜੀ ਨੇ ਜਿਥੇ ਗੁਰਬਾਣੀ ਨੂੰ ਇਕੱਤਰਤਾ ਵਿਚ ਲਿਆਂਦਾ, ਉਥੇ ਤਾਲ ਰਹਿਤ ਅਤੇ ਤਾਲ ਸਹਿਤ ਦੋਨੋਂ ਗਾਇਨ ਸ਼ੈਲੀਆਂ ਨੂੰ ਇਕੱਠੀਆਂ ਕਰ ਕੇ ਇਕ ਗਾਇਨ ਸ਼ੈਲੀ ਬਣਾ ਦਿੱਤਾ ਅਤੇ ਜਿਸ ਗਾਇਨ ਸ਼ੈਲੀ ਦਾ ਅਨੰਦ ਸਾਰਾ ਸਿੱਖ ਜਗਤ ਅੰਮ੍ਰਿਤ ਵੇਲੇ ਪ੍ਰਤੀ ਦਿਨ ਮਾਣਦਾ ਹੈ।

ਕਈ ਰਾਗੀ ਸੱਜਣ ਤਾਂ ਸਲੋਕ ਨੂੰ ਵੀ ਕਿਸੇ ਨਾ ਕਿਸੇ ਗੀਤ ਜਾਂ ਤਰਜ਼ 'ਤੇ ਪੜ੍ਹ ਲੈਂਦੇ ਹਨ। ਪਰ ਉਹ ਅਨੰਦ ਨਹੀਂ ਆਉਂਦਾ ਜਿਹੜਾ ਕਿ ਸਲੋਕ ਨੂੰ ਆਲਾਪ ਦੁਆਰਾ ਪੜ੍ਹਨ ਨਾਲ ਆਉਂਦਾ ਹੈ, ਕਿਉਂਜੁ ਜਦ ਛੱਕਾ ਬੜੀ ਹੀ ਸੁਚੱਜਤਾ ਨਾਲ ਪੜ੍ਹਨ ਤੋਂ ਬਾਅਦ ਆਲਾਪ ਵਿਚ ਸਲੋਕ ਸ਼ੁਰੂ ਕੀਤਾ ਜਾਂਦਾ ਹੈ ਤਾਂ ਸਰੋਤਾਗਣਾਂ 'ਤੇ ਇਕ ਅਨੋਖਾ ਹੀ ਪ੍ਰਭਾਵ ਪੈਂਦਾ ਹੈ ਅਤੇ ਉਸ ਤੋਂ ਬਾਅਦ ਜਦ ਪਉੜੀ ਪੜ੍ਹੀ ਜਾਂਦੀ ਹੈ ਤਾਂ ਤੱਬਲੇ ਵਾਲਾ ਬੰਦ ਬੋਲ ਵਜਾਉਣ ਉਪਰੰਤ ਖੁੱਲ੍ਹੇ ਬੋਲ ਵਜਾਉਂਦਾ ਹੈ ਤਾਂ ਉਹ ਇਕ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ।

ਕਿਉਂਜੁ ਪਹਿਲਾਂ ਅਨੰਦ ਛੱਕੇ ਤੋਂ ਪ੍ਰਾਪਤ ਹੋ ਜਾਂਦਾ ਹੈ। ਆਲਾਪ ਦੁਆਰਾ ਸਲੋਕ ਦੇਣ ਸਮੇਂ ਗਾਇਕ ਦੀ ਵਿਦਵਤਾ ਦਾ ਪਤਾ ਲੱਗ ਜਾਂਦਾ ਹੈ ਅਤੇ ਪਉੜੀ ਦੇ ਵੇਲੇ ਸੰਗੀਤ ਵਿਚ, "ਟੁੰਡੇ ਅਸ ਰਾਜੈ ਕੀ ਧੁਨੀ" ਦਾ ਉਚਾਰਨ ਹੋ ਜਾਂਦਾ ਹੈ।

ਆਸਾ ਦੀ ਵਾਰ ਦੀ ਪਉੜੀ ਪੜ੍ਹਨ ਸਮੇਂ ਪੁਰਾਤਨ ਗਾਇਕ ਸੱਜਣ ਵਿਚ ਵਿਚ 'ਵਾਹ, ਵਾਹ' ਸ਼ਬਦ ਦਾ ਪ੍ਰਯੋਗ ਕਰਦੇ ਸਨ, ਪ੍ਰਮਾਣਿਕ ਤੌਰ 'ਤੇ :

ਆਪੀਨੈ੍ ਆਪੁ ਸਾਜਿਓ,
ਆਪੀਨੈ੍ ਵਾਹ, ਵਾਹ ਵਾਹ ਰਚਿਓ ਨਾਉ॥

ਪਰ ਅੱਜ-ਕੱਲ੍ਹ ਦੀ ਗਾਇਨ ਸ਼ੈਲੀ ਵਿਚ 'ਵਾਹ-ਵਾਹ' ਸ਼ਬਦ ਦਾ ਉਚਾਰਨ ਨਹੀਂ ਹੁੰਦਾ। ਹੋਵੇ ਵੀ ਕਿਉਂ। ਜਦ ਕਿ ਗੁਰਬਾਣੀ ਦੇ ਅੰਦਰ ਵਾਹ-ਵਾਹ ਸ਼ਬਦ ਲਿਖਿਆ ਹੋਇਆ ਹੀ ਨਹੀਂ ਹੈ।

ਇਸ ਕਰਕੇ ਛੱਕੇ ਅਤੇ ਪਉੜੀ ਨੂੰ ਤਾਲ ਵਿਚ ਅਤੇ ਸਲੋਕ ਆਲਾਪ ਦੁਆਰਾ ਪੜ੍ਹਨਾ ਯੋਗ ਹੈ। ਇਸ ਵਿਚ ਜਿਹੜੇ ਗਾਇਕ ਸੱਜਣ ਕਿਸੇ ਗੀਤ ਦੁਆਰਾ ਜਾਂ ਜੋਟੀਆਂ ਦੀਆਂ ਧਾਰਨਾਂ 'ਤੇ ਸਲੋਕ ਪੜ੍ਹ ਦਿੰਦੇ ਹਨ, ਗੱਲ ਉਹ ਵੀ ਬੜੀ ਚੰਗੀ ਹੈ, ਕਿਉਂਜੁ ਸਰੋਤਾਗਣਾਂ ਦਾ ਮਨ ਜੁੜਿਆ ਰਹਿੰਦਾ ਹੈ। ਜੇਕਰ ਕਈ ਪ੍ਰਕਾਰ ਦੀਆਂ ਗਾਇਨ ਸ਼ੈਲੀਆਂ ਦੇ ਢੰਗਾਂ ਦੁਆਰਾ ਸਲੋਕ ਨੂੰ ਪ੍ਰਸਤੁਤ ਕੀਤਾ ਜਾਵੇ, ਤਦ।

ਅਸਲ ਗੱਲ ਤਾਂ ਇਹ ਵੀ ਹੈ ਕਿ ਛੱਕਾ ਅਤੇ ਪਉੜੀ ਦੀ ਬੰਦਸ਼ ਤਾਲ ਵਿਚ ਬੰਨ੍ਹੀਂ ਹੋਈ ਹੁੰਦੀ ਹੈ। ਸੋ ਉਹ ਪੜ੍ਹੀ ਵੀ ਜਾਂਦੀ ਹੈ ਅਤੇ ਸਿੱਖੀ ਵੀ ਜਲਦੀ ਜਾਂਦੀ ਹੈ ਪਰ ਜਿਹੜਾ ਸਲੋਕ ਹੈ ਉਹ ਆਲਾਪ ਦੁਆਰਾ ਗਾਇਨ ਹੁੰਦਾ ਹੈ ਜੋ ਕਿ ਤਾਲ ਤੋਂ ਰਹਿਤ ਹੈ। ਸੋ ਇਹ ਕਿਤਾਬ ਰਾਹੀਂ ਸਿੱਖ ਕੇ ਗਾਇਨ ਕਰਨਾ ਕੁਝ ਮੁਸ਼ਕਲ ਹੈ ਅਤੇ ਗਾਉਣ ਨਾਲ ਪੂਰਾ ਅਨੰਦ ਵੀ ਨਹੀਂ ਆਉਂਦਾ। ਇਹ ਕਿਉਂ ਤੇ ਕਿਸ ਤਰ੍ਹਾਂ ?

ਸੋ ਆਲਾਪ ਦਾ ਅਸਲ ਸਰੂਪ ਗਾਉਣ ਵਾਲੇ ਦੇ ਅੰਦਰ ਹੁੰਦਾ ਹੈ। ਜੇਕਰ ਉਸ ਦੇ ਅੰਦਰੋਂ ਰਾਗ ਦਾ ਸਰੂਪ ਨਹੀਂ ਬਣਦਾ ਤਾਂ ਬਾਹਰੋਂ ਸੁਰ ਦੁਆਰਾ ਉਹ ਕੀ ਬਣਾਏਗਾ ?

ਜਿਵੇਂ ਕਸੀਦਾ ਕੱਢਣ ਵਾਲੀਆਂ ਲੜਕੀਆਂ ਉਹੋ ਹੀ ਕਾਮਯਾਬ ਹੁੰਦੀਆਂ ਹਨ ਅਤੇ ਉਹੋ ਹੱਥ ਦਾ ਸੁਹੱਪਣ ਪੇਸ਼ ਕਰ ਸਕਦੀਆਂ ਹਨ ਜਿਨ੍ਹਾਂ ਦੇ ਦਿਮਾਗ ਅੰਦਰ ਬਣਨ ਵਾਲਾ ਚਿੱਤਰ ਜਾਂ ਫੋਟੋ ਹੁੰਦਾ ਹੈ। ਪਰ ਜਿਨ੍ਹਾਂ ਦਾ ਆਪਣਾ ਦਿਮਾਗ਼ ਫੋਟੋ ਨਹੀਂ ਬਣਾ ਸਕਦਾ, ਉਨ੍ਹਾਂ ਦਾ ਹੱਥ ਵੀ ਕੁਝ ਨਹੀਂ ਕਰ ਸਕਦਾ।

ਮੁਸੱਵਰ ਦੀ ਵੀ ਇਹੋ ਜਿਹੀ ਮਿਸਾਲ ਹੈ ਕਿ ਉਹੋ ਹੀ ਮੁਸੱਵਰ ਦਰਸ਼ਕ ਲੋਕਾਂ ਨੂੰ ਜ਼ਿਆਦਾ ਪਿਆਰਾ ਲੱਗਦਾ ਹੈ, ਜਿਸ ਦੇ ਮਨ ਦਾ ਸਹੀ ਫੋਟੋ ਹੱਥਾਂ ਰਾਹੀਂ ਕਾਗ਼ਜ਼ ਉੱਤੇ ਆਇਆ ਹੋਵੇ ਅਤੇ ਪਬਲਿਕ ਨੂੰ ਮੋਹਿਤ ਕਰੇ।

ਇਸੇ ਤਰ੍ਹਾਂ ਕੀਰਤਨੀਏ ਅਤੇ ਸੰਗੀਤਕਾਰ ਲਈ ਵੀ ਹੈ ਕਿ ਜਿੰਨੀ ਉਸ ਦੀ ਆਤਮਾ ਸੁਰ ਰਾਹੀਂ ਸੰਗੀਤ ਨੂੰ ਪ੍ਰਗਟ ਕਰ ਸਕੇਗੀ, ਓਨਾ ਹੀ ਗਾਇਕ ਦਾ ਗਲਾ ਬੜਾ ਹੀ ਸੁੰਦਰਤਾ ਨਾਲ ਰਾਗ ਦਾ ਸਰੂਪ ਵਰਣਨ ਕਰ ਸਕੇਗਾ ਅਤੇ ਸਰੋਤਿਆਂ 'ਤੇ ਪ੍ਰਭਾਵ ਪਾ ਸਕੇਗਾ।

ਬਾਕੀ ਜੋ ਕੁਝ ਸੁਰ ਦੁਆਰਾ ਸਰੋਤਿਆਂ ਅੱਗੇ ਪ੍ਰਗਟ ਕਰਨਾ ਹੈ, ਇਹ ਕੀਰਤਨੀਏ ਦੀ ਆਤਮਾ 'ਤੇ ਨਿਰਭਰ ਹੈ। ਜਿਹੋ ਜਿਹੀ ਕਿਸੇ ਦੀ ਆਤਮਾ ਹੋਵੇਗੀ, ਉਹੋ ਜਿਹੀ ਉਸ ਦੀ ਗਾਇਨ ਸ਼ੈਲੀ ਹੈ, ਉਹੋ ਜਿਹਾ ਹੀ ਸੰਗਤਾਂ 'ਤੇ ਅਸਰ ਹੁੰਦਾ ਹੈ। ਇਹ ਸੀ ਇਕ ਵਿਦਵਤਾ ਭਰਪੂਰ ਵਿਚਾਰ।

ਪਰ ਸਾਧ ਸੰਗਤ ਜੀ, ਬਹੁਤਾ ਪ੍ਰਭਾਵ ਜਾਂ ਅਸਰ ਉਸ ਗੁਰਮੁਖ ਦਾ ਦੂਸਰੇ 'ਤੇ ਪੈਂਦਾ ਹੈ, ਜੋ ਸੱਚਮੁੱਚ ਹੀ ਗੁਰਮੁਖ ਹੋਵੇ। ਜੋ ਗੁਰੂ ਦੇ ਬਚਨਾਂ 'ਤੇ ਚੱਲਣ ਵਾਲਾ ਹੋਵੇ।

ਸੋ ਜਿੰਨਾ ਪ੍ਰਭਾਵ ਉਸ ਦੀ ਸੁਰ ਸਾਧਨ ਸ਼ਕਤੀ ਨਾਲ ਪੈਣਾ ਹੈ, ਤਾਂ ਉਸ ਤੋਂ ਦੁਗਣਾ ਅਸਰ ਉਸ ਦੇ ਜੀਵਨ ਦਾ ਪੈਂਦਾ ਹੈ। ਇਸ ਲਈ ਗੁਰ ਕੀਰਤਨੀਏ ਦਾ ਜੀਵਨ ਉੱਚਾ ਤੇ ਸੁੱਚਾ ਹੋਣਾ ਜ਼ਰੂਰੀ ਹੈ।

ਜੀਵਨ ਦੀਆਂ ਚੰਗਿਆਈਆਂ ਦਾ ਉਪਦੇਸ਼ ਗੁਰਬਾਣੀ ਵਿਚ ਥਾਂ-ਥਾਂ 'ਤੇ ਮਿਲਦਾ ਹੈ :

ਗੁਰਮੁਖ ਭਲਕੇ ਉਠ ਕਰਿ, ਅੰਮ੍ਰਿਤ ਵੇਲੇ ਸਰੁ ਨ੍ਹਾਵੰਦਾ ॥
ਗੁਰ ਕੈ ਬਚਨ ਉਚਾਰਿ ਕੈ, ਧ੍ਰਮਸਾਲਾ ਦੀ ਸੁਰਤਿ ਕਰੰਦਾ ॥
ਸਾਧਸੰਗਤ ਵਿਚਿ ਜਾਇ ਕੈ, ਗੁਰਬਾਣੀ ਦੇ ਪ੍ਰੀਤਿ ਸੁਣੰਦਾ ॥
ਸੰਕਾ ਮਨਹੁੰ ਮਿਟਾਇ ਕੈ, ਗੁਰ ਸਿਖਾਂ ਦੀ ਸੇਵ ਕਰੰਦਾ ॥
ਕਿਰਤ ਵਿਰਤ ਕਰਿ ਧਰਮੁ ਦੀ, ਲੈ ਪਰਸਾਦ ਆਣਿ ਵਰਤੰਦਾ ॥
ਗੁਰਸਿਖਾਂ ਨੋ ਦੇਇ ਕਰਿ, ਪਿਛੋਂ ਬਚਿਆ ਆਪ ਖਵੰਦਾ ॥
ਕਲੀ ਕਾਲ ਪਰਗਾਸ ਕਰਿ, ਗੁਰੂ ਚੇਲਾ ਚੇਲਾ ਗੁਰ ਸੰਦਾ ॥
ਗੁਰਮੁਖ ਗਾਡੀ ਰਾਹੁ ਚਲੰਦਾ ॥੧੧॥੪੦॥

# ਆਸਾ ਰਾਗ ਵਿਚ ਆਸਾ ਦੀ ਵਾਰ

ਆਸਾ ਦੀ ਵਾਰ ਦਾ ਕੀਰਤਨ ਸਿੱਖਣ ਤੋਂ ਪਹਿਲਾਂ ਪਾਠਕਾਂ ਨੂੰ ਹੇਠ ਲਿਖੇ ਨਿਯਮਾਂ ਨੂੰ ਪੜ੍ਹ ਲੈਣਾ ਚਾਹੀਦਾ ਹੈ :

ਸਭ ਤੋਂ ਪਹਿਲਾਂ ਪੜ੍ਹਨ ਵਾਲੀ ਬਾਣੀ ਦਾ ਸ਼ਬਦ ਹੋਵੇਗਾ। ਉਸ ਤੋਂ ਉਪਰੰਤ ਉਸ ਸ਼ਬਦ ਦੀ ਸੁਰ ਲਿਪੀ ਭਾਵ ਜਿਹੜੀਆਂ ਸੁਰਾਂ 'ਤੇ ਉਸ ਸ਼ਬਦ ਨੂੰ ਗਾਉਣਾ ਹੈ, ਉਹ ਸੁਰਾਂ ਹੋਣਗੀਆਂ। ਜਿਵੇਂ ਪਹਿਲਾ ਛੱਕਾ ਪਾਠ ਦੇ ਰੂਪ ਵਿਚ ਅਤੇ ਫਿਰ ਸੁਰ ਲਿਪੀ ਦੁਆਰਾ ਦਿੱਤਾ ਜਾਵੇਗਾ। ਫਿਰ ਸਲੋਕ ਤੇ ਪਉੜੀ ਪਾਠ ਦੇ ਰੂਪ ਵਿਚ ਉਪਰੰਤ ਗਾਉਣ ਦੇ ਰੂਪ ਵਿਚ ਸੁਰ ਲਿਪੀ ਦੁਆਰਾ ਲਿਖੇ ਜਾਣਗੇ।

ਉਪਰੋਕਤ ਨਿਯਮ ਤਰਤੀਬਵਾਰ ਹਰ ਇਕ ਛੱਕੇ ਅਤੇ ਹਰ ਇਕ ਸ਼ਬਦ ਲਈ ਲਾਗੂ ਹੋਵੇਗਾ, ਪਰ ਸਲੋਕ ਅਤੇ ਪਉੜੀ ਵਿਚ ਫ਼ਰਕ ਪੈ ਜਾਵੇਗਾ, ਕਿਉਂਜੁ ਆਸਾ ਰਾਗ ਦੇ ਬਾਰਾਂ ਸਲੋਕਾਂ ਵਿੱਚੋਂ ਦੋ ਸਲੋਕਾਂ ਦੀ ਸੁਰ ਲਿਪੀ ਦੇ ਰਹੇ ਹਾਂ, ਇਕ ਪਹਿਲੇ ਸਲੋਕ ਦੀ ਅਤੇ ਦੂਸਰੀ ਪੰਜਵੇਂ ਸਲੋਕ ਦੀ। ਬਾਕੀ ਆਸਾ ਦੀ ਵਾਰ ਦੇ ਸਾਰੇ ਸਲੋਕ ਇਹਨਾਂ ਦੋਹਾਂ ਸਲੋਕਾਂ ਦੀਆਂ ਸੁਰਾਂ 'ਤੇ ਹੀ ਪੜ੍ਹੇ ਜਾਣਗੇ।

ਇਸ ਲਈ ਸਲੋਕਾਂ ਨੂੰ ਸਿਰਫ਼ ਪਾਠ ਦੇ ਰੂਪ ਵਿਚ ਹੀ ਦੇਵਾਂਗੇ। ਇਸੇ ਪ੍ਰਕਾਰ ਪਉੜੀ ਦਾ ਵੀ ਨਿਯਮ ਹੈ। ਆਸਾ ਰਾਗ ਵਿਚ ਛੇ ਪਉੜੀਆਂ ਦੀ ਧਾਰਨਾ ਦੇ ਰਹੇ ਹਾਂ ਅਤੇ ਇਕ ਧਾਰਨਾ 'ਤੇ ਦੋ ਪਉੜੀਆਂ ਪੜ੍ਹੀਆਂ ਜਾ ਸਕਦੀਆਂ ਹਨ। ਇਸ ਲਈ ਪਹਿਲੀ ਪਉੜੀ ਦੀ ਸੁਰ ਲਿਪੀ ਅਤੇ ਦੂਸਰੀ ਸਿਰਫ਼ ਪਾਠ ਦੇ ਰੂਪ ਵਿਚ। ਸੋ ਇਸ ਪ੍ਰਕਾਰ ਪਉੜੀਆਂ ਦਾ ਨਿਯਮ ਹੋਵੇਗਾ। ਹੁਣ ਸਭ ਤੋਂ ਪਹਿਲਾਂ ਆਸਾ ਰਾਗ ਵਿਚ ਬਾਰਾਂ ਛੱਕੇ, ਸਲੋਕ ਤੇ ਪਉੜੀਆਂ ਦੇ ਰਹੇ ਹਾਂ।

# ਆਸਾ ਦੀ ਵਾਰ

ੴ ਸਤਿਗੁਰ ਪ੍ਰਸਾਦਿ ॥

ਆਸਾ ਮਹਲਾ ੪ ਛੰਤ ਘਰੁ ੪ ॥

ਹਰਿ ਅੰਮ੍ਰਿਤ ਭਿੰਨੇ ਲੋਇਣਾ, ਮਨੁ ਪ੍ਰੇਮਿ ਰਤੰਨਾ ਰਾਮ ਰਾਜੇ ॥
ਮਨੁ ਰਾਮਿ ਕਸਵਟੀ ਲਾਇਆ, ਕੰਚਨੁ ਸੋਵਿੰਨਾ ॥
ਗੁਰਮੁਖਿ ਰੰਗਿ ਚਲੂਲਿਆ ਮੇਰਾ ਮਨੁ ਤਨੋ ਭਿੰਨਾ ॥
ਜਨੁ ਨਾਨਕੁ ਮੁਸਕਿ ਝਕੋਲਿਆ ਸਭੁ ਜਨਮੁ ਧਨੁ ਧੰਨਾ ॥੧॥

ਆਸਾ ਮਹਲਾ ੪ ਛੰਤ ਘਰੁ ੪

## ਛੱਕਾ ਪਹਿਲਾ

### ਤਾਲ ਕਹਿਰਵਾ

### ਸਥਾਈ

| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| ਮਾਤਰੇ | 1 | 2 | 3 | 4 | 1 | 2 | 3 | 4 | 1 | 2 | 3 | 4 | 1 | 2 | 3 | 4 |
| ਸਰਗਮ | ਸਾਂ | ਸਾਂ | ਸਾਂ | ਸਾਂ | ਨੀਧ | ਨੀ | ਧਪ | ਧ | ਪਮ | ਗ | ਪ | ਧ | ਸਾਂ | ਸਾਂ | ਸਾਂ | ਸਾਂ |
| ਸ਼ਬਦ | ਹਰਿ | ਅੰ | ਮ੍ਰਿ | ਤ | ਭਿੰऽ | ऽ | ਨੇऽ | ऽ | ऽऽ | ਲੋ | ऽ | ਇ | ਣਾ | ऽ | ऽ | ऽ |
| ਸਰਗਮ | ਪਸਾਂ | ਸਾਂਨ੍ਹੀ | ਨ੍ਹੀਧ | ਧਪ | ਪਨ੍ਹੀ | ਧਪ | ਮਗ | ਰੇ | — | ਗ | ਗਮ | ਗਰੇ | ਸਾ | — | — | — |
| ਸ਼ਬਦ | ਮਨੁ | ਪ੍ਰੇऽ | ऽਮਿ | ऽਰ | ਤੰऽ | ऽऽ | ਨਾऽ | ऽ | ऽ | ਰਾ | ऽऽ | ਮਰਾ | ਜੇ | ऽ | ऽ | ऽ |
| ਤਾਲ ਚਿੰਨ੍ਹ | X | | | | X | | | | X | | | | X | | | |

### ਅੰਤਰਾ

| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| ਸਰਗਮ | ਸਾ | ਧ਼ਸਾ | ਧ਼ਸਾ | ਧ਼ਸਾ | ਧ਼ | ਸਾ | ਸਾ | ਸਾ | — | ਰੇਪ | ਮ਼ਗ | ਰੇਗ | ਰੇ | ਰੇ | ਰੇ | ਰੇ |
| ਸ਼ਬਦ | ਮਨੁ | ਰਾऽ | ਮਿऽ | ਕਸ | ਵ | ऽ | ਟੀ | ऽ | ऽ | ਲਾऽ | ऽऽ | ਇऽ | ਆ | ऽ | ऽ | ऽ |
| ਸਰਗਮ | ਪਸਾਂ | ਸਾਂਨ੍ਹੀ | ਨ੍ਹਿਧ | ਧਪ | ਪਨ੍ਹੀ | ਧਪ | ਮਗ | ਰੇ | ਗ | ਗ | ਮ | ਗਰੇ | ਸਾ | ਸਾ | ਸਾ | ਸਾ |
| ਸ਼ਬਦ | ਕੰऽ | ਚऽ | ਨੁऽ | ਸੋऽ | ਵਿੰऽ | ऽऽ | ਨਾऽ | ऽ | ਕੰ | ਚ | ਨੁ | ਸੋऽ | ਵਿੰ | ऽ | ਨਾ | ऽ |
| ਤਾਲ ਚਿੰਨ੍ਹ | X | | | | X | | | | X | | | | X | | | |

ਨੋਟ: ਬਾਕੀ ਅੰਤਰੇ ਵੀ ਇਹਨਾਂ ਸੁਰਾਂ 'ਤੇ ਹੀ ਗਾਏ ਜਾਣਗੇ।

ਉਪਰੋਕਤ ਪੁਰਾਤਨ ਗੀਤ ਜੋ ਕਿ ਬਹੁਤ ਪੁਰਾਣੀ ਸੀਨੇ-ਬ-ਸੀਨੇ ਚਲੀ ਆ ਰਹੀ ਹੈ। ਇਸ ਨੂੰ ਕੀਰਤਨੀਏ ਸੱਜਣ ਆਪੋ ਆਪਣੇ ਢੰਗ ਨਾਲ ਗਾਉਂਦੇ ਹਨ, ਪਰ ਇਥੇ ਅਸੀਂ ਇੰਸ ਨੂੰ ਸੁਖਾਲਾ ਕਰ ਕੇ ਦੇ ਰਹੇ ਹਾਂ।

ਅੱਗੇ ਹੁਣ ਸਲੋਕ ਦਾ ਆਲਾਪ ਦੱਸਦੇ ਹਾਂ, ਕਿਉਂਜੁ ਛੱਕਾ ਤੇ ਪਉੜੀ ਤਾਲ ਵਿਚ ਬੰਨ੍ਹੇ ਹੋਏ ਹੁੰਦੇ ਹਨ ਪਰ ਸਲੋਕ ਤਾਲ ਤੋਂ ਬਿਨਾਂ ਹੁੰਦਾ ਹੈ। ਬਾਕੀ ਸਲੋਕ ਥੋੜੀਆਂ ਸੁਰਾਂ 'ਤੇ ਵੀ ਪੜ੍ਹਿਆ ਜਾ ਸਕਦਾ ਹੈ ਅਤੇ ਇੰਨੀਆਂ ਸੁਰਾਂ ਦੀ ਵੰਡ 'ਤੇ ਵੀ ਪੜ੍ਹਿਆ ਜਾ ਸਕਦਾ ਹੈ ਕਿ ਕਿਤਾਬ ਦੇ ਦਸ-ਬਾਰਾਂ ਸਫ਼ੇ ਭਰੇ ਜਾ ਸਕਦੇ ਹਨ, ਪਰ ਅਸੀਂ ਥੋੜੀਆਂ ਸੁਰਾਂ ਰਾਹੀਂ ਸਲੋਕ ਦੇ ਗਾਉਣ ਦਾ ਢੰਗ ਦੱਸਦੇ ਹਾਂ। ਸਿਆਣੇ ਗਾਇਕ ਪੁਰਸ਼ ਆਪੇ ਅੱਗੇ ਵਧਾ ਲੈਣਗੇ।

ਕਈ ਰਾਗੀ ਸੱਜਣ ਸਲੋਕ ਨੂੰ ਤਾਰ ਸਪਤਕ ਦੇ 'ਸਾਂ' ਤੋਂ, ਕਈ ਮੱਧ ਸਪਤਕ ਦੇ 'ਸਾ' ਤੋਂ ਅਤੇ ਕਈ ਪੰਚਮ ਸੁਰ ਤੋਂ ਆਰੰਭ ਕਰਦੇ ਹਨ। ਪਰ ਬਹੁਤੀ ਗੱਲ ਤਾਂ ਰਾਗ ਦੇ ਮੁੱਖ ਅੰਗ, ਚਲਨ, ਆਰੋਹ, ਅਵਰੋਹ ਆਦਿਕ ਨਿਯਮਾਂ ਨੂੰ ਧਿਆਨ ਵਿਚ ਰੱਖਣ ਨਾਲ ਹੀ ਬਣਦੀ ਹੈ।

ਅਸੀਂ ਇਥੇ ਸਲੋਕ ਨੂੰ ਮੱਧ ਸਪਤਕ ਦੇ 'ਸਾ' ਤੋਂ ਸ਼ੁਰੂ ਕਰ ਰਹੇ ਹਾਂ। ਜੇ ਆਪ ਜੀ ਦਾ ਮਨ ਇਸ ਜਗ੍ਹਾ ਤੋਂ ਆਰੰਭ ਕਰਨਾ ਪਸੰਦ ਨਾ ਕਰੇ ਤਾਂ ਤੁਸੀਂ ਆਪਣੀ ਰੁਚੀ ਅਨੁਸਾਰ ਤਾਰ-ਸਪਤਕ ਦੇ 'ਸਾਂ' ਤੋਂ ਜਾਂ ਜਿਸ ਸੁਰ ਤੋਂ ਇੱਛਾ ਹੋਵੇ, ਆਰੰਭ ਕਰ ਸਕਦੇ ਹੋ, ਪਰ ਆਪ ਜੀ ਦਾ ਸ਼ੁਰੂ ਕਰਨ ਦਾ ਤਰੀਕਾ ਰਾਗ ਦੇ ਨਿਯਮ ਪਾਲਦਾ ਹੋਵੇ।

### ਆਸਾ ਦੀ ਵਾਰ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ,
ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਆਸਾ ਮਹਲਾ ੧॥

ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸ ਰਾਜੈ ਕੀ ਧੁਨੀ॥

ਸਲੋਕੁ ਮ: ੧॥

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥੧॥

ਮਹਲਾ ੨॥

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥੨॥

ਮ: ੧॥

ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ॥
ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ॥
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥
ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥੩॥

ਪਉੜੀ

ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥
ਕਰਿ ਆਸਣੁ ਡਿਠੋ ਚਾਉ ॥੧॥

ਸਲੋਕ ਦਾ ਆਲਾਪ

ਸਾ ਰੇ ਗ ਮ ਮ ਗ ਗ ਰੇ ਰੇ
ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ
ਗਰੇ ਸਾਰੇ ਗਪ ਮਗ ਗ ਸਾ ,, ਸਾ
ਅ ऽऽऽ ऽऽ ਜੂਨੀ ਸੈਭੰ ਗੁਰਪ੍ਰਸਾਦਿ ,, ਆਸਾ ਮਹਲਾ ੧
ਨੀ ਨੀ ਧ ਪ ਮ ਪ ਪ ਧ
ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸ ਰਾਜੈ
ਰੇਂ ਸਾਂ ॥ ਧ ਰੇਂ ——— ਸਾਂ ਗਂ ਰੇਂ ਗਂ ਸਾਂਨੀ ਪ
ਕੀ ਧੁਨੀ ॥ ਸਲੋਕੁ ਮਹਲਾ ੧, ਬਲਿਹਾਰੀ ਗੁਰ ਆਪ ਣੇऽऽऽ ऽऽऽ
ਰੇਂ — ਸਾਂ —। ਸਾਂ ਸਾਂ — ਧ ਪ ਮ— ਮ —
ਦਿਉ ਹਾੜੀ ਸਦ ਵਾਰ। ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ
ਪ ਧ ਪ ॥ ਪ — ਪ ਨੀ ਧ ਸਾਂ ਨੀ ਰੇਂ ਸਾਂ, ਪ ਧ
ਲਾ ਗੀ ਵਾਰ ॥ ਮਹਲਾ ਦੂ ਜਾ ऽ ऽ ऽ ऽ ऽ ऽ, ਜੇ ਸਉ
ਧ ਪ ਨੀ ਧ ਪ — — ਮ ਗ ਮ ਪ ॥ ਧ ਪ
ਚੰਦਾ ਉ ਗ ਵਹਿ ਸੂ ऽ ऽ ਰਜ ਚ ੜਹਿ ਹਜਾਰ ॥ ਏਂ ਤੇ
ਮਗ ਰੇ ਸਾ ਗ ਰੇ ਪ ਮ ਗ ਰੇ ਸਾ —॥ ਸਾ ॥
ਚਾਨ ਣ ਹੋ ਦਿ ਆਂ ਗੁਰ ਬਿਨੁ ਘੋ ਰ ਅੰਧਾ ਰ ॥ ਮਹਲਾ ੧ ॥
ਮ ਗ ਪ ਮ—— ਧ ਧ ਪ ॥ ਪ ਧ ਰੇਂ
ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁ ਚੇਤ ॥ ਛੁਟੇ ਤਿਲ ਬੂ
ਰੇਂ— ਸਾਂ ਧ ਧ ਧ ਸਾਂ॥ ਮ——— ਗ ਮ ਪ
ਆੜ ਜਿਉ ਸੁੰਞੇ ਅੰ ਦਰਿ ਖੇਤ॥ ਖੇਤੈ ਅੰਦਰਿ ਛੁਟਿਆ ਕਹੁ ਨਾ ਨਕ
ਧ ਪ॥ ਸਾਂ ਨੀ ਧ ਪ ਮ ਗ ਰੇ ਪ ਗ ਰੇ
ਸਉ ਨਾਹ॥ ਫਲੀਅਹਿ ਫੁਲੀਅਹਿ ਬ ਪੁ ੜੇ ਭੀ ਤਨ ਵਿ ਚਿ

# ਪਉੜੀ ਸੁਰ ਲਿਪੀ

## ਤਾਲ ਕਹਿਰਵਾ

### ਸਥਾਈ

| ਮਾਤਰੇ | 1 | 2 | 3 | 4 | 1 | 2 | 3 | 4 |
|---|---|---|---|---|---|---|---|---|
| ਸਰਗਮ | ਸਾ | ਸਾ | ਸਾ | ਰੇਗ | ਰੇ | ਸਾ | — | ਸਾ |
| ਸ਼ਬਦ | ਸੁਆਹ | ਪਉੜੀ, | ਆਪੀ | ਨੈਆਪੁ | ਸਾਜਿ | ਓ | ऽ | ਆ |
| ਸਰਗਮ | ਸਧ | ਧ | ਨ਼ੀਧ | ਪਮ̍ | ਪ | — | ਗ | ਰੇਸਾ |
| ਸ਼ਬਦ | ਪੀऽ | ਨੈ | ऽऽ | ऽऽ | ऽ | ऽ | ਰਚਿ | ਓऽ |
| ਸਰਗਮ | ਰੇ | ਸਾ | ਸਾ | ਰੇਗ | ਰੇ | ਸਾ | — | ਸਾ |
| ਸ਼ਬਦ | ਨਾ | ਉ | ਦੂਜੀ | ਕੁਦਰਤਿ | ਸਾਜੀ | ਐ | ऽ | ਕਰਿ |
| ਸਰਗਮ | ਸਧ | ਧ | ਨ਼ੀਧ | ਪਮ̍ | ਪ | — | ਗ | ਰੇਸਾ |
| ਸ਼ਬਦ | ਆऽ | ਸ | ਣੁऽ | ऽऽ | ऽ | ऽ | ਡਿ | ਠੋऽ |
| ਸਰਗਮ | ਰੇ | ਸਾ | ਸਾ | ਰੇਗਾ | ਰੇ | ਸਾ | — | ਸਾ |
| ਸ਼ਬਦ | ਚਾ | ਉ | ਦਾਤਾ | ਕਰਤਾ | ਆਪਿ | ਤੂੰ | ऽ | ਤੁਸਿ |
| ਸਰਗਮ | ਸਧ | ਧ | ਨ਼ੀਧ | ਪਮ̍ | ਪ | — | ਗ | ਰੇਸਾ |
| ਸ਼ਬਦ | ਦੇऽ | ਵਹਿ | ऽऽ | ऽऽ | ऽ | ऽ | ਕਰ | ਹਿਪ |
| ਸਰਗਮ | ਰੇ | ਸਾ | ਸਾ | ਰੇਗ | ਰੇ | ਸਾ | — | ਸਾ |
| ਸ਼ਬਦ | ਸਾ | ਉ | ਤੂੰ | ਜਾਣੋਈ | ਸਭ | ਸੈ | ऽ | ਦੇ |
| ਸਰਗਮ | ਸਧ | ਧ | ਨ਼ੀਧ | ਪਮ̍ | ਪ | — | ਗ | ਰੇਸਾ |
| ਸ਼ਬਦ | ਲੈऽ | ਸਹਿ | ऽऽ | ऽऽ | ऽ | ऽ | ਜਿੰ | ਦੁऽ |
| ਸਰਗਮ | ਰੇ | ਸਾ | — | ਪਧ | ਧਸਾਂ | ਸਾਂ | — | ਰੇਂਸਾਂ |
| ਸ਼ਬਦ | ਕਵਾ | ਉ | ऽ | ਕਰਿ | ਆ | ਸਣੁ | ऽ | ਕਰਿ |
| ਸਰਗਮ | ਨੀ | ਸਾਂ | ਧਨੀ | ਪਧ | ਸਾਂਨੀ | ਸਾਂ | ਧਪ | ਧਪ |
| ਸ਼ਬਦ | ਆ | ਸਣੁ | ਡਿऽ | ਠੋऽ | ਚਾऽ | ਉ | ਡਿऽ | ਠੋऽ |
| ਸਰਗਮ | ਮਗ | ਰੇ | ਗ | ਮਗ | ਰੇ | ਸਾ | — | — |
| ਸ਼ਬਦ | ਚਾऽ | ਉ | ਡਿ | ਠੋऽ | ਚਾ | ਉ | ऽ | ऽ |
| ਤਾਲ ਚਿੰਨ੍ਹ | X | | | | X | | | |

ਛੰਤ

ਹਰਿ ਪ੍ਰੇਮ ਬਾਣੀ ਮਨੁ ਮਾਰਿਆ, ਅਣੀਆਲੇ ਅਣੀਆ ਰਾਮ ਰਾਜੇ ॥
ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ ॥
ਜੀਵਨ ਮੁਕਤਿ ਸੋ ਆਖੀਐ, ਮਰਿ ਜੀਵੈ ਮਰੀਆ ॥
ਜਨ ਨਾਨਕ ਸਤਿਗੁਰੁ ਮੇਲਿ ਹਰਿ ਜਗੁ ਦੁਤਰੁ ਤਰੀਆ ॥੨॥

## ਛੱਕਾ ਦੂਸਰਾ

### ਤਾਲ ਦਾਦਰਾ

ਸਥਾਈ

| | | | | | | | | | | | | |
|---|---|---|---|---|---|---|---|---|---|---|---|---|
| ਮਾਤਰੇ | 1 | 2 | 3 | 4 | 5 | 6 | 1 | 2 | 3 | 4 | 5 | 6 |
| ਸਰਗਮ | ਗਪ | ਪਮ | ਮਗ | ਗਰੇ | ਰੇਸਾ | ਸਾ | ਸਾਰੇ | ਧ | ਸਾ | ਗਗੁ | ਗ | ਗ |
| ਸ਼ਬਦ | ਹਰਿ | ਪ੍ਰੇਂ | ਮਬਾ | ਣੀਂ | ਮਂ | ਨੁ | ਮਾਂ | ਂ | ਰਿ | ਆਂ | ਂ | ਂ |
| ਸਰਗਮ | ਗ | ਪ | ਪਧ | ਨੀਸਾਂ | ਨੀ | ਧ | ਪਮੰ | ਪਮੰ | ਧਪ | ਮ | ਗ | ਗ |
| ਸ਼ਬਦ | ਅਣੀ | ਆ | ਲੇਂ | ਅਣੀ | ਆ | ਂ | ਰਾਂ | ਂਮ | ਰਾਂ | ਜੇ | ਂ | ਂ |
| ਤਾਲ ਚਿੰਨ੍ਹ | X | | | 0 | | | X | | | 0 | | |

ਅੰਤਰਾ

| | | | | | | | | | | | | |
|---|---|---|---|---|---|---|---|---|---|---|---|---|
| ਸਰਗਮ | ਸਾਂ | ਸਾਂ | ਨੀ | ਸਾਂਰੇਂ | ਸਾਂਨੀ | ਸਾਂਨੀ | ਧਧੁ | ਧ | ਨੀ | ਸਾਂਨੀ | ਸਾਂ | ਸਾਂ |
| ਸ਼ਬਦ | ਜਿਸੁ | ਲਾ | ਗੀ | ਪੀਂ | ਂਂ | ਰਪਿ | ਰੰਂ | ਂ | ਮ | ਕੀਂ | ਂ | ਂ |
| ਸਰਗਮ | ਗ | ਪ | ਪਧ | ਨੀਸਾਂ | ਨੀ | ਧ | ਪਮੰ | ਪਮੰ | ਧਮ | ਮ | ਗ | ਗ |
| ਸ਼ਬਦ | ਸੋ | ਜਾ | ਣੈਂ | ਜਰੀ | ਆ- | ਂ | ਸੋਂ | ਜਾਂ | ਣੈਂ | ਜਰੀ | ਆ | ਂ |
| ਤਾਲ ਚਿੰਨ੍ਹ | X | | | 0 | | | X | | | 0 | | |

*ਨੋਟ:* ਬਾਕੀ ਅੰਤਰੇ ਵੀ ਇਹਨਾਂ ਸੁਰਾਂ 'ਤੇ ਹੀ ਗਾਏ ਜਾਣਗੇ।

ਸਲੋਕੁ ਮ: ੧ ॥

ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥ ਸਚੇ ਤੇਰੇ ਲੋਅ ਸਚੇ ਆਕਾਰ ॥
ਸਚੇ ਤੇਰੇ ਕਰਣੇ ਸਰਬ ਬੀਚਾਰ ॥ ਸਚਾ ਤੇਰਾ ਅਮਰੁ ਸਚਾ ਦੀਬਾਣੁ ॥
ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥ ਸਚਾ ਤੇਰਾ ਕਰਮੁ ਸਚਾ ਨੀਸਾਣੁ ॥
ਸਚੇ ਤੁਧੁ ਆਖਹਿ ਲਖ ਕਰੋੜਿ ॥ ਸਚੈ ਸਭਿ ਤਾਣਿ ਸਚੈ ਸਭਿ ਜੋਰਿ ॥
ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥
ਨਾਨਕ ਸਚੁ ਧਿਆਇਨਿ ਸਚੁ ॥ ਜੋ ਮਰਿ ਜੰਮੇ ਸੁ ਕਚੁ ਨਿਕਚੁ ॥੧॥

ਮ: ੧ ॥

ਵਡੀ ਵਡਿਆਈ ਜਾ ਵਡਾ ਨਾਉ ॥ ਵਡੀ ਵਡਿਆਈ ਜਾ ਸਚੁ ਨਿਆਉ ॥
ਵਡੀ ਵਡਿਆਈ ਜਾ ਨਿਹਚਲ ਥਾਉ ॥ ਵਡੀ ਵਡਿਆਈ ਜਾਣੈ ਆਲਾਉ ॥
ਵਡੀ ਵਡਿਆਈ ਬੁਝੈ ਸਭਿ ਭਾਉ ॥ ਵਡੀ ਵਡਿਆਈ ਜਾ ਪੁਛਿ ਨ ਦਾਤਿ ॥
ਵਡੀ ਵਡਿਆਈ ਜਾ ਆਪੇ ਆਪਿ ॥ ਨਾਨਕ ਕਾਰ ਨ ਕਥਨੀ ਜਾਇ ॥
ਕੀਤਾ ਕਰਣਾ ਸਰਬ ਰਜਾਇ ॥੨॥

ਮਹਲਾ ੨ ॥

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥
ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ ॥
ਇਕਨ੍ਹਾ ਭਾਣੈ ਕਢਿ ਲਏ ਇਕਨ੍ਹਾ ਮਾਇਆ ਵਿਚਿ ਨਿਵਾਸੁ ॥
ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ ॥
ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ ॥੩॥

ਪਉੜੀ ॥

ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ ॥
ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥
ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ ॥
ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ ॥
ਲਿਖਿ ਨਾਵੈ ਧਰਮੁ ਬਹਾਲਿਆ ॥੨॥

ਨੋਟ: ਇਹ ਦੂਸਰਾ ਸਲੋਕ ਤੇ ਪਉੜੀ ਪਹਿਲੇ ਸਲੋਕ ਤੇ ਪਉੜੀ ਦੀਆਂ ਸੁਰਾਂ 'ਤੇ ਹੀ ਗਾਏ ਜਾਣਗੇ।

### ਛੰਤ

ਹਮ ਮੂਰਖ ਮੁਗਧ ਸਰਣਾਗਤੀ ਮਿਲੁ ਗੋਵਿੰਦ ਰੰਗਾ ਰਾਮ ਰਾਜੇ ॥
ਗੁਰਿ ਪੂਰੈ ਹਰਿ ਪਾਇਆ ਹਰਿ ਭਗਤਿ ਇਕ ਮੰਗਾ॥
ਮੇਰਾ ਮਨੁ ਤਨੁ ਸਬਦਿ ਵਿਗਾਸਿਆ, ਜਪਿ ਅਨਤ ਤਰੰਗਾ॥
ਮਿਲਿ ਸੰਤ ਜਨਾ ਹਰਿ ਪਾਇਆ ਨਾਨਕ ਸਤਸੰਗਾ॥੩॥

## ਛੱਕਾ ਤੀਸਰਾ

### ਤਾਲ ਕਹਿਰਵਾ

### ਸਥਾਈ

| ਮਾਤਰੇ | 1 | 2 | 3 | 4 | 5 | 6 | 7 | 8 | 1 | 2 | 3 | 4 | 5 | 6 | 7 | 8 |
|---|---|---|---|---|---|---|---|---|---|---|---|---|---|---|---|---|
| ਸਰਗਮ | ਪਾ | ਸਾਂ | ਸਾਂ | ਸਾਂ | ਸਾਂ | ਸਾਂ | ਸਾਂ | ਨੀ | ਧ | ਨੀ | ਨੀ | ਨੀ | ਧ | ਪ | ਮ | ਗ |
| ਸ਼ਬਦ | ਹਮ | ਮੂ | ਰ | ਖ | ਮੁ | ਗ | ਧ | ऽ | ਸਰ | ਣਾ | ऽ | ਗ | ਤੀ | ऽ | ਮਿ | ਲੁ |
| ਸ਼ਬਦ | ऽ | ਗੋ | ਵਿੰ | ਦ | ਰੰ | ਗਾ | ਰਾ | ਮ | ਰਾ | ऽ | ਜੇ | ऽ | ऽ | ऽ | ऽ | ऽ |
| ਸ਼ਬਦ | ऽ | ਗੁ | ਰਿ | ਪੂ | ਰੈ | ऽ | ਹ | ਰਿ | ऽ | ਪਾ | ऽ | ਇ | ਆ | ऽ | ऽ | ऽ |
| ਸ਼ਬਦ | ਹਰਿ | ਭਗਤ | ਇ | ਕ | ਮੰ | ऽ | ਗਾ | ऽ | ऽ | ਭਗਤ | ਇ | ਕ | ਮੰ | ऽ | ਗਾ | ऽ |
| ਸਰਗਮ | — | ਗ | ਪ | ਪ | ਪ | ਧ | ਨੀ | ਪ | ਧ | ਪ | ਪ | ਪ | ਪ | ਪ | ਪ | ਪ |
| ਸ਼ਬਦ | ਮੇਰਾ | ਮਨੁ | ਤ | ਨੁ | ਸ | ਬ | ਦਿ | ऽ | ਵਿ | ਗਾ | ऽ | ਸਿ | ਆ | ऽ | ऽ | ऽ |
| ਸ਼ਬਦ | ਜ਼ਪਿ | ਅਨ | ਤ | ऽ | ਤਰੰ | ऽ | ਗਾ | ऽ | ऽ | ਅਨ | ਤ | ਤ | ਰੰ | ऽ | ਗਾ | ऽ |
| ਤਾਲ ਚਿੰਨ੍ਹ | X | | | | 0 | | | | X | | | | 0 | | | |

### ਅੰਤਰਾ

| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| ਸਰਗਮ | ਪ | ਪਸਾਂ | ਸਾਂ | ਸਾਂ | ਸਾਂ | ਨੀ | ਧ | ਪ | ਪ | ਨੀ | ਧ | ਪ | ਮ | ਗ | ਰੇ | — |
| ਸ਼ਬਦ | ਮਿਲਿ | ਸੰऽ | ਤ | ਜ | ਨਾ | ऽ | ਹ | ਰਿ | ਪਾ | ऽ | ऽ | ਇ | ਆ | ऽ | ऽ | ऽ |
| ਸਰਗਮ | ਗ | ਗ | ਮ | ਗ | ਰੇ | ਰੇ | ਸਾ | ਸਾ | ਰੇ | ਸਾ | ਸਾ | ਸਾ | ਸਾ | ਸਾ | ਸਾ | ਸਾ |
| ਸ਼ਬਦ | ਨਾ | ਨਕ | ਸ | ਤ | ਸੰ | ऽ | ਗਾ | ऽ | ਨਾ | ਨਕ | ਸ | ਤ | ਸੰ | ऽ | ਗਾ | ऽ |
| ਤਾਲ ਚਿੰਨ੍ਹ | X | | | | 0 | | | | X | | | | 0 | | | |

### ਸਲੋਕ ਮ: ੧ ॥

ਵਿਸਮਾਦੁ ਨਾਦ ਵਿਸਮਾਦੁ ਵੇਦ॥ ਵਿਸਮਾਦੁ ਜੀਅ ਵਿਸਮਾਦੁ ਭੇਦ॥
ਵਿਸਮਾਦੁ ਰੂਪ ਵਿਸਮਾਦੁ ਰੰਗ॥ ਵਿਸਮਾਦੁ ਨਾਗੇ ਫਿਰਹਿ ਜੰਤ॥
ਵਿਸਮਾਦੁ ਪਉਣੁ ਵਿਸਮਾਦੁ ਪਾਣੀ॥ ਵਿਸਮਾਦੁ ਅਗਨੀ ਖੇਡਹਿ ਵਿਡਾਣੀ॥
ਵਿਸਮਾਦੁ ਧਰਤੀ ਵਿਸਮਾਦੁ ਖਾਣੀ॥ ਵਿਸਮਾਦੁ ਸਾਦਿ ਲਗਹਿ ਪਰਾਣੀ॥
ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ॥ ਵਿਸਮਾਦੁ ਭੁਖ ਵਿਸਮਾਦੁ ਭੋਗੁ॥
ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ॥ ਵਿਸਮਾਦੁ ਉਝੜ ਵਿਸਮਾਦੁ ਰਾਹ॥
ਵਿਸਮਾਦੁ ਨੇੜੈ ਵਿਸਮਾਦੁ ਦੂਰਿ॥ ਵਿਸਮਾਦੁ ਦੇਖੈ ਹਾਜਰਾ ਹਜੂਰਿ॥
ਵੇਖਿ ਵਿਡਾਣੁ ਰਹਿਆ ਵਿਸਮਾਦੁ॥ ਨਾਨਕ ਬੁਝਣੁ ਪੂਰੈ ਭਾਗਿ॥੧॥

### ਮ: ੧ ॥

ਕੁਦਰਤਿ ਦਿਸੈ ਕੁਦਰਤਿ ਸੁਣੀਐ, ਕੁਦਰਤਿ ਭਉ ਸੁਖ ਸਾਰੁ॥
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ॥
ਕੁਦਰਤਿ ਖਾਣਾ ਪੀਣਾ ਪੈਨ੍ਣੁ ਕੁਦਰਤਿ ਸਰਬ ਪਿਆਰੁ॥
ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ॥
ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ॥
ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ॥
ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥੨॥

### ਪਉੜੀ ॥

ਆਪੀਨ੍ਹੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥
ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥
ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥
ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥
ਮਨਿ ਅੰਧੈ ਜਨਮੁ ਗਵਾਇਆ॥੩॥

ਨੋਟ: ਇਹ ਸਲੋਕ ਪਹਿਲੇ ਸਲੋਕ ਦੀਆਂ ਸੁਰਾਂ 'ਤੇ ਹੀ ਗਾਇਨ ਹੋ ਸਕਦਾ ਹੈ। ਪਉੜੀ ਦੀਆਂ ਸੁਰਾਂ ਅੱਗੇ ਦੇ ਰਹੇ ਹਾਂ।

# ਪਉੜੀ

## ਤਾਲ ਕਹਿਰਵਾ

| ਮਾਤਰੇ | 1 | 2 | 3 | 4 | 1 | 2 | 3 | 4 |
|---|---|---|---|---|---|---|---|---|
| ਸਰਗਮ | ਸਾ | ਸਾ | ਗ | ਮਗ | ਰੇ | ਸਾ | — | ਸਾ |
| ਸ਼ਬਦ | ਤਾਕੁ | ਪਉੜੀ | ਆਪੀ | ਨੈਭੋਗ | ਭੋਗਿ | ਕੈ | ऽ | ਹੋਇ |
| ਸਰਗਮ | ਸਧ | ਧ | ਨੀਧ | ਪਮੇ | ਪ | — | ਮਗ | ਰੇਸਾ |
| ਸ਼ਬਦ | ਭਸ | ਮ | ਝੜਿऽ | ऽऽ | ऽ | ऽ | ਭਉ | ਰੁਸਿ |
| ਸਰਗਮ | ਰੇ | ਸਾ | ਗ | ਮਗ | ਰੇ | ਸਾ | — | ਸਾ |
| ਸ਼ਬਦ | ਧਾਇ | ਆ | ਵਡਾ | ਹੋਆ | ਦੁਨੀ | ਦਾ | ऽਰੁ | ਗਲਿ |
| ਸਰਗਮ | ਸਧ | ਧ | ਨੀਧ | ਪਮੇ | ਪ | — | ਗ | ਰੇਸਾ |
| ਸ਼ਬਦ | ਸੰऽ | ਗ਼ | ਲੁऽ | ऽऽ | ऽ | ऽ | ਘ | ਤ੍ਰਿਚ |
| ਸਰਗਮ | ਰੇ | ਸਾ | ਗ | ਮਗ | ਰੇ | ਸਾ | — | ਸਾ |
| ਸ਼ਬਦ | ਲਾਇ | ਆਅਗੈ | ਕਰਣੀ ਕੀਰਤਿ | | ਵਾਚੀ | ਐ | ऽ | ਬਹਿ |
| ਸਰਗਮ | ਸਧ | ਧ | ਨੀਧ | ਪਮੇ | ਪ | — | ਗ | ਰੇਸਾ |
| ਸ਼ਬਦ | ਲੋऽ | ਖਾ | ऽऽ | ऽऽ | ऽ | ऽ | ਕਰਿ | ਸਮ |
| ਸਰਗਮ | ਰੇ— | ਸਾ | ਗ | ਮਗ | ਰੇ | ਸਾ | — | ਸਾ |
| ਸ਼ਬਦ | ਝਾਇ | ਆ | ਥਾਉਨ | ਹੋਵੀ | ਪਉ | ਦੀ | ਈ | ਹੁਣਿ |
| ਸਰਗਮ | ਸਧ | ਧ | ਨੀਧ | ਪਮੇ | ਪਾ | — | ਗ | ਰੇਸਾ |
| ਸ਼ਬਦ | ਸੁਣੀ | ਐ | ऽऽ | ऽऽ | ऽ | ऽ | ਕਿਆ | ऽਰੂ |
| ਸਰਗਮ | ਰੇ | ਸਾ | — | ਪਧ | ਨੀ | ਸਾਂ | — | ਰੇਂਸਾਂ |
| ਸ਼ਬਦ | ਆਇ | ਆ | ऽ | ਮਨਿ | ਅੰ | ਧੈ | ऽ | ਮੰਨਿ |
| ਸਰਗਮ | ਨੀਸਾਂ | ਸਾਂ | ਧਨੀ | ਪਧ | ਨੀ | ਸਾਂ | ਧਪ | ਧਪ |
| ਸ਼ਬਦ | ਅੰऽ | ਧੈ | ਜਨ | ਮੁਗ | ਵਾਇ | ਆ | ਜਨ | ਮੁਗ |
| ਸਰਗਮ | ਮਗ | ਰੇ | ਗਪ | ਮਗ | ਰੇ | ਸਾ | — | — |
| ਸ਼ਬਦ | ਵਾਇ | ਆ | ਜਨ | ਮੁਗ | ਵਾਇ | ਆ | ऽ | ऽ |
| ਤਾਲ ਚਿੰਨ੍ਹ | X | | | | X | | | |

### ਛੰਤ

ਦੀਨ ਦਇਆਲ ਸੁਣਿ ਬੇਨਤੀ ਹਰਿ ਪ੍ਰਭ ਹਰਿ ਰਾਇਆ ਰਾਮ ਰਾਜੇ ॥
ਹਉ ਮਾਗਉ ਸਰਣਿ ਹਰਿ ਨਾਮ ਕੀ ਹਰਿ ਹਰਿ ਮੁਖਿ ਪਾਇਆ ॥
ਭਗਤਿ ਵਛਲੁ ਹਰਿ ਬਿਰਦੁ ਹੈ ਹਰਿ ਲਾਜ ਰਖਾਇਆ ॥
ਜਨੁ ਨਾਨਕੁ ਸਰਣਾਗਤੀ ਹਰਿ ਨਾਮਿ ਤਰਾਇਆ ॥੪॥

## ਛੱਕਾ ਚੌਥਾ

### ਤਾਲ ਕਹਿਰਵਾ

### ਸਥਾਈ

| ਮਾਤਰੇ | 1 | 2 | 3 | 4 | 5 | 6 | 7 | 8 | 1 | 2 | 3 | 4 | 5 | 6 | 7 | 8 |
|---|---|---|---|---|---|---|---|---|---|---|---|---|---|---|---|---|
| ਸਰਗਮ | — | ਸਾਮ | ਮ | ਮ | ਮ | ਮ | ਗ | ਗ | ਰੇ | ਗ | ਗ | ਗ | ਗ | ਰੇ | ਸਾ | ਨ਼ੀ |
| ਸ਼ਬਦ | ऽ | ਦੀऽ | ਨ | ਦਇ | ਆ | ਲ | ਸੁ | ਣਿ | ऽ | ਬੇ | ऽ | ਨ | ਤੀ | ऽ | ਹ | ਰਿ |
| ਸਰਗਮ | ਧ਼ | ਧ਼ | ਸਾ | ਸਾ | ਸਾ | ਰੇ | ਗ | ਸਾ | ਰੇ | ਰੇ | ਸਾ | ਸਾ | ਸਾ | ਸਾ | ਸਾ | ਸਾ |
| ਸ਼ਬਦ | ऽ | ਪ੍ਰਭ | ਹ | ਰਿ | ਰਾ | ਇਆ | ਰਾ | ਮ | ਰਾ | ऽ | ਜੇ | ऽ | ऽ | ऽ | ऽ | ऽ |
| ਸਰਗਮ | ਸਾ | ਸਾਮ | ਮ | ਮ | ਮ | ਮ | ਗ | ਗ | ਰੇ | ਗ | ਗ | ਗ | ਗਾ | ਰੇ | ਸਾ | ਨ਼ੀ |
| ਸ਼ਬਦ | ਹਉ | ਮਾऽ | ਗਉ | ਸ | ਰ | ਣਿ | ਹ | ਰਿ | ऽ | ਨਾ | ऽ | ਮ | ਕੀ | ऽ | ऽ | ऽ |
| ਸਰਗਮ | ਧ਼ | ਧ਼ | ਸਾ | ਸਾ | ਸਾ | ਰੇ | ਗ | ਸਾ | ਰੇ | ਰੇ | ਸਾ | ਸਾ | ਸਾ | ਸਾ | ਸਾ | ਸਾ |
| ਸ਼ਬਦ | ऽ | ਹਰਿ | ਹਰਿ | ਮੁਖਿ | ਪਾ | ऽ | ਇਆ | ऽ | ऽ | ਹਰਿ | ਹਰਿ | ਮੁਖਿ | ਪਾ | ऽ | ਇਆ | ऽ |
| ਤਾਲ ਚਿੰਨ੍ਹ | X | | | | 0 | | | | X | | | | 0 | | | |

### ਅੰਤਰਾ

| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| ਸਰਗਮ | — | ਸਾਮ | ਮ | ਮ | ਮ | ਮ | ਗ | ਗ | ਰੇ . | ਗ | ਗ | ਗ | ਗ | ਰੇ | ਸਾ | ਨ਼ੀ |
| ਸ਼ਬਦ | ऽ | ਭਗ | ਤਿ | ਵ | ਛ | ਲੁ | ਹ | ਰਿ | ऽ | ਬਿ | ਰ | ਦੁ | ਹੈ | ऽ | ਹ | ਰਿ |
| ਸਰਗਮ | ਧ਼ | ਧ਼ | ਸਾ | ਸਾ | ਸਾ | ਰੇ | ਗ | ਸਾ | ਰੇ | ਰੇ | ਸਾ | ਸਾ | ਸਾ | ਸਾ | ਸਾ | ਸਾ |
| ਸ਼ਬਦ | ऽ | ਲਾ | ਜ | ਰ | ਖਾ | ऽ | ਇਆ | ऽ | ऽ | ਲਾ | ਜ | ਰ | ਖਾ | ऽ | ਇਆ | ऽ |
| ਸਰਗਮ | — | ਮਸਾਂ | ਸਾਂ | ਸਾਂ | ਸਾਂ | ਨੀ | ਧ | ਪ | ਪ | ਨੀ | ਧ | ਪ | ਮ | ਗ | ਰੇ | — |
| ਸ਼ਬਦ | ऽ | ਜऽ | ਨੁ | ਨਾ | ਨ | ਕੁ | ਸ | ਰ | ऽ | ਣਾ | ऽ | ਗ | ਤੀ | ऽ | ਹ | ਰਿ |
| ਸਰਗਮ | — | ਗ | ਮ | ਗ | ਰੇ | ਰੇ | ਸਾ | ਸਾ | ਰੇ | ਸਾ | ਸਾ | ਸਾ | ਸਾ | ਸਾ | ਸਾ | ਸਾ |
| ਸ਼ਬਦ | ऽ | ਨਾ | ਮਿ | ਤ | ਰਾ | ऽ | ਇਆ | ऽ | ਹਰਿ | ਨਾ | ਮਿ | ਤ | ਰਾ | ऽ | ਇਆ | ऽ |
| ਤਾਲ ਚਿੰਨ੍ਹ | X | | | | 0 | | | | X | | | | 0 | | | |

ਸਲੋਕ ਮ: ੧ ॥

ਭੈ ਵਿਚਿ ਪਵਣੁ ਵਹੈ ਸਦਵਾਉ ॥ ਭੈ ਵਿਚਿ ਚਲਹਿ ਲਖ ਦਰੀਆਉ ॥
ਭੈ ਵਿਚਿ ਅਗਨਿ ਕਢੈ ਵੇਗਾਰਿ ॥ ਭੈ ਵਿਚਿ ਧਰਤੀ ਦਬੀ ਭਾਰਿ ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥ ਭੈ ਵਿਚਿ ਰਾਜਾ ਧਰਮ ਦੁਆਰੁ ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥
ਭੈ ਵਿਚਿ ਸਿਧ ਬੁਧ ਸੁਰ ਨਾਥ ॥ ਭੈ ਵਿਚਿ ਆਡਾਣੇ ਆਕਾਸ ॥
ਭੈ ਵਿਚਿ ਜੋਧ ਮਹਾਬਲ ਸੂਰ ॥ ਭੈ ਵਿਚਿ ਆਵਹਿ ਜਾਵਹਿ ਪੂਰ ॥
ਸਗਲਿਆ ਭਉ ਲਿਖਿਆ ਸਿਰਿ ਲੇਖੁ ॥ ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥੧॥

ਮ: ੧ ॥

ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ ॥
ਕੇਤੀਆ ਕੰਨ੍ ਕਹਾਣੀਆ ਕੇਤੇ ਬੇਦ ਬੀਚਾਰ ॥
ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ ॥
ਬਾਜਾਰੀ ਬਾਜਾਰ ਮਹਿ ਆਇ ਕਢਹਿ ਬਾਜਾਰ ॥
ਗਾਵਹਿ ਰਾਜੇ ਰਾਣੀਆ ਬੋਲਹਿ ਆਲ ਪਤਾਲ ॥
ਲਖ ਟਕਿਆ ਕੇ ਮੁੰਦੜੇ ਲਖ ਟਕਿਆ ਕੇ ਹਾਰ ॥
ਜਿਤੁ ਤਨਿ ਪਾਈਅਹਿ ਨਾਨਕਾ ਸੇ ਤਨ ਹੋਵਹਿ ਛਾਰ ॥
ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ ॥
ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ ॥੨॥

ਪਉੜੀ ॥

ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ ॥
ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ ॥
ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ ॥
ਸਤਿਗੁਰਿ ਮਿਲਿਐ ਸਚੁ ਪਾਇਆ ॥ ਜਿਨ੍ੀ ਵਿਚਹੁ ਆਪੁ ਗਵਾਇਆ ॥
ਜਿਨਿ ਸਚੋ ਸਚੁ ਬੁਝਾਇਆ ॥੪॥

*ਨੋਟ:* ਇਹ ਸਲੋਕ ਤੇ ਪਉੜੀ ਪਹਿਲੀਆਂ ਸੁਰਾਂ 'ਤੇ ਹੀ ਗਾਏ ਜਾਣਗੇ।

ਆਸਾ ਮਹਲਾ ੪ ॥
ਗੁਰਮੁਖਿ ਢੂੰਢਿ ਢੂਢੇਦਿਆ ਹਰਿ ਸਜਣੁ ਲਧਾ ਰਾਮ ਰਾਜੇ ॥
ਕੰਚਨ ਕਾਇਆ ਕੋਟ ਗੜ ਵਿਚਿ ਹਰਿ ਹਰਿ ਸਿਧਾ ॥
ਹਰਿ ਹਰਿ ਹੀਰਾ ਰਤਨੁ ਹੈ ਮੇਰਾ ਮਨੁ ਤਨੁ ਵਿਧਾ ॥
ਧੁਰਿ ਭਾਗ ਵਡੇ ਹਰਿ ਪਾਇਆ ਨਾਨਕ ਰਸਿ ਗੁਧਾ ॥੧॥

## ਛੱਕਾ ਪੰਜਵਾਂ

### ਤਾਲ ਰੂਪਕ

**ਸਥਾਈ**

| ਮਾਤਰੇ | 1 | 2 | 3 | 4 | 5 | 6 | 7 |
|---|---|---|---|---|---|---|---|
| ਸਰਗਮ | ਸਾਂ | ਸਾਂ | ਸਾਂ | ਸਾਂ | ਸਾਂ | ਸਾਂ | ਸਾਂਨੀ |
| ਸ਼ਬਦ | ਗੁਰ | ਮੁ | ਖਿ | ਢੂੰ | ऽ | ਢਿ | ਢੂऽ |
| ਸਰਗਮ | ਧਨੀ | ਨੀ | ਰੇਂਸਾਂ | ਨੀ | ਧਨੀ | ਪਧ | ਧ |
| ਸ਼ਬਦ | ਢੇऽ | ऽ | ਦਿऽ | ਆ | ऽऽ | ਹऽ | ਰਿ |
| ਸਰਗਮ | ਨੀ | ਨੀ | ਸਾਂ | ਧ | — | ਪਮੰ | ਪ |
| ਸ਼ਬਦ | ਸ | ਜ | ਣੁ | ਲ | ऽ | ਧਾऽ | ऽ |
| ਸਰਗਮ | ਗ | ਗਗ | ਪ | ਰੇ | — | ਸਾ | — |
| ਸ਼ਬਦ | ਰਾ | ऽਮ | ਰਾ | ਜੇ | ऽ | ऽ | ऽ |
| ਤਾਲ ਚਿੰਨ੍ਹ | X<br>0 | | | 2 | | 3 | |

**ਅੰਤਰਾ**

| ਸਰਗਮ | ਸਾ | ਸਾ | ਸਾ | ਰੇ | — | ਸਾ | — |
|---|---|---|---|---|---|---|---|
| ਸ਼ਬਦ | ਕੰ | ਚ | ਨ | ਕਾ | ऽ | ਇਆ | ऽ |
| ਸਰਗਮ | ਸਾ | ਗ | ਪ | ਗਪ | ਧਨੀ | ਪ | ਧ |
| ਸ਼ਬਦ | ਕੋ | ऽ | ਟ | ਗऽ | ੜऽ | ਵਿ | ਚਿ |
| ਸਰਗਮ | ਨੀ | ਨੀ | ਸਾਂ | ਧ | — | ਪਮੰ | ਪ |
| ਸ਼ਬਦ | ਹਰਿ | ਹ | ਰਿ | ਸਿ | ऽ | ਧਾऽ | ऽ |
| ਸਰਗਮ | ਗ | ਗ | ਪ | ਰੇ | ऽ | ਸਾ | ਸਾ |
| ਸ਼ਬਦ | ਹਰਿ | ਹ | ਰਿ | ਸਿ | ऽ | ਧਾ | ऽ |
| ਤਾਲ ਚਿੰਨ੍ਹ | X<br>0 | | | 2 | | 3 | |

*ਨੋਟ:* ਬਾਕੀ ਅੰਤਰੇ ਇਹਨਾਂ ਸੁਰਾਂ 'ਤੇ ਹੀ ਗਾਏ ਜਾਣਗੇ।

ਸਲੋਕ ਮਃ ੧ ॥

ਘੜੀਆ ਸਭੇ ਗੋਪੀਆ ਪਹਰ ਕੰਨ੍ ਗੋਪਾਲ ॥
ਗਹਣੇ ਪਉਣੁ ਪਾਣੀ ਬੈਸੰਤਰੁ ਚੰਦੁ ਸੂਰਜੁ ਅਵਤਾਰ ॥
ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ ॥
ਨਾਨਕ ਮੁਸੈ ਗਿਆਨ ਵਿਹੂਣੀ ਖਾਇ ਗਇਆ ਜਮਕਾਲੁ ॥੧॥

ਮਃ ੧ ॥

ਵਾਇਨਿ ਚੇਲੇ ਨਚਨਿ ਗੁਰ ॥ ਪੈਰ ਹਲਾਇਨਿ ਫੇਰਨਿ੍ ਸਿਰ ॥
ਉਡਿ ਉਡਿ ਰਾਵਾ ਝਾਟੈ ਪਾਇ ॥ ਵੇਖੈ ਲੋਕੁ ਹਸੈ ਘਰਿ ਜਾਇ ॥
ਰੋਟੀਆ ਕਾਰਣਿ ਪੂਰਹਿ ਤਾਲ ॥ ਆਪੁ ਪਛਾੜਹਿ ਧਰਤੀ ਨਾਲਿ ॥
ਗਾਵਨਿ ਗੋਪੀਆ ਗਾਵਨਿ ਕਾਨ੍ ॥ ਗਾਵਨਿ ਸੀਤਾ ਰਾਜੇ ਰਾਮ ॥
ਨਿਰਭਉ ਨਿਰੰਕਾਰੁ ਸਚੁ ਨਾਮੁ ॥ ਜਾ ਕਾ ਕੀਆ ਸਗਲ ਜਹਾਨੁ ॥
ਸੇਵਕ ਸੇਵਹਿ ਕਰਮਿ ਚੜਾਉ ॥ ਭਿੰਨੀ ਰੈਣਿ ਜਿਨ੍ਾ ਮਨਿ ਚਾਉ ॥
ਸਿਖੀ ਸਿਖਿਆ ਗੁਰ ਵੀਚਾਰਿ ॥ ਨਦਰੀ ਕਰਮਿ ਲਘਾਏ ਪਾਰਿ ॥
ਕੋਲੂ ਚਰਖਾ ਚਕੀ ਚਕੁ ॥ ਥਲ ਵਾਰੋਲੇ ਬਹੁਤੁ ਅਨੰਤੁ ॥
ਲਾਟੂ ਮਾਧਾਣੀਆ ਅਨਗਾਹ ॥ ਪੰਖੀ ਭਉਦੀਆ ਲੈਨਿ ਨ ਸਾਹ ॥
ਸੂਐ ਚਾੜਿ ਭਵਾਈਅਹਿ ਜੰਤ ॥ ਨਾਨਕ ਭਉਦਿਆ ਗਣਤ ਨ ਅੰਤ ॥
ਬੰਧਨ ਬੰਧਿ ਭਵਾਏ ਸੋਇ ॥ ਪਇਐ ਕਿਰਤਿ ਨਚੈ ਸਭੁ ਕੋਇ ॥
ਨਚਿ ਨਚਿ ਹਸਹਿ ਚਲਹਿ ਸੇ ਰੋਇ ॥ ਉਡਿ ਨ ਜਾਹੀ ਸਿਧ ਨ ਹੋਹਿ ॥
ਨਚਣੁ ਕੁਦਣੁ ਮਨ ਕਾ ਚਾਉ ॥ ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ ॥੨॥

ਪਉੜੀ ॥

ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ ॥
ਜੀਉ ਪਿੰਡੁ ਸਭੁ ਤਿਸ ਦਾ ਦੇ ਖਾਜੈ ਆਖਿ ਗਵਾਈਐ ॥
ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ ॥
ਜੇ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਈਐ ॥
ਕੋ ਰਹੈ ਨ ਭਰੀਐ ਪਾਈਐ ॥੫॥

## ਸਲੋਕ ਪੰਜਵਾਂ

ਸਾਂ — — —, ਧਨੀ ਧ ਸਾਂ ਨੀ ਧ ਧ ਪ॥
ਸਲੋਕ ਮਹਲਾ ਪਹਿਲਾ, ਘੜੀਆ ਸਭੇ ਗੋਪੀਆ, ਪਹਰ ਕੰਨ੍ ਗੋਪਾਲ॥
ਮ ਮ ਮ — — ਮ ਮ ਪ ਧ ਪ ਧ ਪ॥
ਗਹਣੇ ਪਉਣੁ ਪਾਣੀ ਬੈਸੰਤਰੁ ਚੰਦੁ ਸੂ ਰਜੁ ਅਵਤਾਰ॥
ਪ ਪ ਪ ਪ, ਮ ਧ ਪ ਧ ਪ ਪ॥ ਪ ਧ ਪ ਮ ਗ ਗ ਗ
ਸਗਲੀ ਧਰਤੀ ਮਾਲੁ ਧਨੁ, ਵਰਤਣਿ ਸਰਬ ਜੰਜਾਲ॥ ਨਾ ਨਕ ਮੁਸੈ ਗਿਆਨ
ਰੇ ਰੇ ਰੇ ਗ ਰੇ ਸਾ —॥ ਸਾ , ਮ ਰੇ ਰੇ
ਵਿਹੂਣੀ ਖਾ ਇਗ ਇਆ ਜਮ ਕਾਲੁ॥ ਮਹਲਾ ਪਹਿਲਾ, ਵਾਇਨਿ ਚੇਲੇ
ਰੇ ਰੇ ਰੇ॥ ਮ ਰੇ ਪ — —॥ ਧ ਧ ਪ ਪ ਪ॥
ਨਚ ਨਿ ਗੁਰ॥ ਪੈਰ ਹਲਾਇਨਿ ਫੇਰਨਿ੍ ਸਿਰ॥ ਉਡਿ ਉਡਿ ਰਾਵਾ ਝਾਟੈ ਪਾਇ॥
ਪ ਧ ਰੇਂ — — ਸਾਂ ਸਾਂ॥ ਪ ਪ — ਧ ਸਾਂਰੇਂ ਗਂ ਗਂ ਮਂ ਗਂ ਰੇਂ
ਵੇ ਖੈ ਲੋ ਕੁ ਹਸੈ ਘਰਿ ਜਾਇ॥ ਰੋਟੀਆ ਕਾਰਣਿ ਪੂਰਹਿ ਤਾ ऽ ऽ ऽ ऽ ऽ ऽ ऽ
ਗਂ॥ ਸਾਂ ਰੇਂ ਗਂ ਰੇਂ ਰੇਂ ਰੇਂ ਸਾਂ॥ ਗ ਮ ਪ ਧ ਮ ਪ ਪ॥
ਲ॥ ਆਪੁ ਪਛਾ ੜਹਿ ਧਰਤੀ ਨਾਲਿ॥ ਗਾਵਨਿ ਗੋਪੀਆ ਗਾਵਨਿ ਕਾਨ੍॥
ਪ ਮ ਗ ਰੇ ਗ ਰੇ ਸਾ॥ ਸਾਂ ਨੀ ਧ ਰੇਂ ਸਾਂ — —॥ ਗਂ ਗਂ ਰੇਂ
ਗਾਵਨਿ ਸੀਤਾ ਰਾਜੇ ਰਾਮ॥ ਨਿਰਭਉ ਨਿਰੰਕਾਰੁ ਸਚੁ ਨਾਮੁ॥ ਜਾ ਕਾ ਕੀ
ਸਾਂ ਨੀ ਧ ਸਾਂ॥ ਪ ਧ ਸਾਂ ਰੇਂ ਗਂ — —॥ ਸਾਂ ਰੇਂ ਸਾਂ ਧ ਸਾਂ ਸਾਂ॥
ਆ ਸਗਲ ਜਹਾਨੁ॥ ਸੇਵਕ ਸੇਵਹਿ ਕਰਮਿ ਚੜਾਉ॥ ਭਿੰਨੀ ਰੈਣਿ ਜਿਨ੍ਾ ਮਨਿਚਾਉ॥
ਨੀ ਧ ਨੀ ਸਾਂ॥ ਧ ਪ ਨੀ ਧ॥ ਪ ਮ ਮ
ਸਿਖੀ ਸਿਖਿਆ ਗੁਰ ਵੀਚਾਰਿ॥ ਨਦਰੀ ਕਰਮਿ ਲਘਾਏ ਪਾਰਿ॥ ਕੋਲੂ ਚਰਖਾ
ਧ ਪ॥ ਮ ਮ ਮ ਮ ਮ ਮ ਮ॥ ਧ ਪ ਧ ਪ ਮ —॥
ਚਕੀ ਚਕੁ॥ ਥਲ ਵਾਰੋਲੇ ਬਹੁਤੁ ਅਨੰਤੁ॥ ਲਾਟੂ ਮਾਧਾਣੀਆ ਅਨਗਾਹ॥
ਮ ਗ ਰੇ ਗ ਰੇ ਸਾ॥ ਸਾਂ ਸਾਂ ਨੀ ਧ ਸਾਂ — — —॥ ਸਾਂ ਗਂ
ਪੰਖੀ ਭਉਦੀਆ ਲੈਨਿ ਨ ਸਾਹ॥ ਸੂ ਐ ਚਾੜਿ ਭਵਾਈਅਹਿ ਜੰਤ॥ ਨਾ ਨਕ
ਰੇਂ ਗਂ ਸਾਂ ਰੇਂ ਸਾਂ ਸਾਂ ਸਾਂ॥ ਮ ਮ ॥ ਮ ਪ ਗ ਮ ਪ ਧ ਨੀ॥
ਭਉਦਿਆ ਗਣ ਤਨ ਅੰਤ॥ ਬੰਧਨ ਬੰਧਿ ਭਵਾਏ ਸੋ ਇ ऽ ऽ ऽ ऽ ऽ॥
ਧ ਨੀ ਪ ਧ ਧ ਰੇਂ ਸਾਂ॥ ਨੀ ਸਾਂ ਨੀ ਸਾਂ ਧ ਪ ਨੀ ਧ॥
ਪਇਐ ਕਿਰਤਿ ਨਚੈ ਸਭੁ ਕੋਇ॥ ਨਚਿ ਨਚਿ ਹਸਹਿ ਚਲਹਿ ਸੇ ਰੋਇ॥
ਗ ਮ ਪ ਧ ਪ —॥ ਪ ਸਾਂ ਨੀ ਸਾਂ ਪ ਧ ਮ ਗ ਰੇ॥
ਉਡਿ ਨ ਜਾਹੀ ਸਿਧ ਨ ਹੋਹਿ॥ ਨਚਣੁ ਕੁਦਣੁ ਮਨ ਕਾ ਚਾਉ ऽ॥
ਪ — — — — ਗ ਰੇ ਸਾ
ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ

# ਪਉੜੀ

| ਮਾਤਰੇ | 1 | 2 | 3 | 4 | 1 | 2 | 3 | 4 |
|---|---|---|---|---|---|---|---|---|
| ਸਰਗਮ | ਸਾ | ਸਾ | ਗਮ | ਪਧ | ਮਪ | ਗਮ | ਰੇਗ | ਸਾ |
| ਸ਼ਬਦ | ਭਾਉ | ਪਉੜੀ | ਨਾਉ | ਤੇਰਾਨਿਰੰ | ਕਾਰੁ | ਹੈऽ | ऽऽ | ऽ |
| ਸਰਗਮ | ਸਾਂਨੀ | ਧਾਨੀ | ਸਾਂਰੇਂ | ਸਾਂਨੀ | ਸਾਂ | ਸਾਂ | —ਮ | ਪਧ |
| ਸ਼ਬਦ | ਨਾਇ | ਲਇ | ਐऽ | ऽऽ | ऽ | ऽ | ਨਰ | ਕਿਨ |
| ਸਰਗਮ | ਗ | ਮ | ਗਮ | ਪਧ | ਮਪ | ਗਮ | ਰੇਗ | ਸਾ |
| ਸ਼ਬਦ | ਜਾਈ | ਐ | ਜੀਉ | ਪਿੰਡੁਸਭੁ | ਤਿਸ | ਦਾऽ | ऽऽ | ऽ |
| ਸਰਗਮ | ਸਾਂਨੀ | ਧਨੀ | ਸਾਂਰੇਂ | ਸਾਂਨੀ | ਸਾਂ | ਸਾਂ | —ਮ | ਪਧ |
| ਸ਼ਬਦ | ਦੇऽ | ਖਾऽ | ਜੈऽ | ऽऽ | ऽ | ऽ | ऽਆ | ਖਿਗ |
| ਸਰਗਮ | ਗ | ਮ | ਗਮ | ਪਧ | ਮਪ | ਗਮ | ਰੇਗ | ਸਾ |
| ਸ਼ਬਦ | ਵਾਈ | ਐਜੇ | ਲੋੜਹਿ | ਚੰਗਾ | ਆਪ | ਣਾऽ | ऽऽ | ऽ |
| ਸਰਗਮ | ਸਾਂਨੀ | ਧਨੀ | ਸਾਂਰੇਂ | ਸਾਂਨੀ | ਸਾਂ | ਸਾਂ | —ਮ | ਪਧ |
| ਸ਼ਬਦ | ਕਰਿ | ਪੁੰਨ | ਹੁऽ | ऽऽ | ऽ | ऽ | ऽਨੀ | ਚੁਸ |
| ਸਰਗਮ | ਗ | ਮ | ਗਮ | ਪਧ | ਮਪ | ਗਮ | ਰੇਗ | ਸਾ |
| ਸ਼ਬਦ | ਦਾਈ | ਐ | ਜੇਜਰ | ਵਾਣਾ | ਪਰ | ਹਰੈ | ऽऽ | ऽ |
